Under Print
Not for Legal/Official use

.

# PUNJAB VIDHAN SABHA

*Monday, the 24th February, 2020*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Rana Kanwar Pal Singh) in the Chair.*

## STARRED QUESTIONS AND ANSWERS

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਪਹਿਲਾਂ ਪ੍ਰਸ਼ਨ ਕਾਲ ਕਰ ਲਓ, ਤੁਸੀਂ ਉਸ ਤੋਂ ਬਾਅਦ ਆਪਣੀ ਆਪਣੀ ਗੱਲ ਕਰ ਲੈਣਾ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇੱਕ ਬਹੁਤ ਅਹਿਮ ਮਾਮਲਾ ਹੈ।

**ਮਾਨਯੋਗ ਸਪੀਕਰ:** ਪਹਿਲਾਂ ਪ੍ਰਸ਼ਨ ਕਾਲ ਕਰ ਲਓ, ਤੁਸੀਂ ਫਿਰ ਆਪਣੀ ਗੱਲ ਕਰ ਲੈਣਾ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਗੁੜ ਮੰਡੀ ਵਿੱਚ ਬੰਬ ਬਲਾਸਟ ਹੋਇਆ ਸੀ, ਇਹ ਕੰਫੈਸ਼ਨ ਸਟੇਟਮੈਂਟ ਹੈ (ਸਟੇਟਮੈਂਟ ਦਿਖਾਉਂਦੇ ਹੋਏ।) (ਵਿਘਨ)( ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਪਹਿਲਾਂ ਪ੍ਰਸ਼ਨ ਕਾਲ ਕਰ ਲਓ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਸ ਕੰਫੈਸ਼ਨ ਸਟੇਟਮੈਂਟ ਵਿੱਚ ਲਿਖਿਆ ਹੋਇਆ ਹੈ ਕਿ ਇੰਨੇ ਬੰਦੇ ਮਾਰੇ ਗਏ ਹਨ, ਤਿੰਨ ਔਰਤਾਂ ਮਾਰੀਆਂ ਗਈਆਂ ਹਨ।

(ਇਸ ਸਮੇਂ ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਆ ਗਏ)

**ਮਾਨਯੋਗ ਸਪੀਕਰ:** ਪਹਿਲਾਂ ਪ੍ਰਸ਼ਨ ਕਾਲ ਕਰ ਲਓ, ਤੁਸੀਂ ਪ੍ਰਸ਼ਨ ਕਾਲ ਕਰ ਲਓ।

Under Print
Not for Legal/Official use

.
(ਇਸ ਸਮੇਂ ਸ੍ਰੀ ਕੰਵਰ ਸੰਧੂ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਾਕੀ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੋਧੀ ਨਾਅਰੇ ** ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।

( ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਆ ਗਏ।) ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਰਿਪੋਰਟਰਜ਼ ਦੀ ਟੇਬਲ ਨੇੜੇ ਖੜ੍ਹੇ ਹੋ ਕੇ ਸਰਕਾਰ ਵਿਰੋਧੀ ਨਾਅਰੇ ** ** ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਪਹਿਲਾਂ ਪ੍ਰਸ਼ਨ ਕਾਲ ਕਰ ਲਓ, ਪਲੀਜ਼ ਪ੍ਰਸ਼ਨ ਕਾਲ ਕਰ ਲਓ। ਪਲੀਜ਼, ਪ੍ਰਸ਼ਨ ਕਾਲ ਕਰ ਲਓ, ਪ੍ਰਸ਼ਨ ਕਾਲ ਤੋਂ ਬਾਅਦ ਤੁਸੀਂ ਆਪਣੀ ਗੱਲ ਕਰ ਲੈਣਾ। (ਵਿਘਨ) (ਸ਼ੋਰ) ਤੁਸੀਂ ਸੀਟਾਂ ਤੇ ਬੈਠ ਕੇ ਆਪਣੀ ਗੱਲ ਕਰੋ, ਪਲੀਜ਼ ਆਪਣੀਆਂ ਸੀਟਾਂ ਤੇ ਬੈਠ ਕੇ ਗੱਲ ਕਰੋ। ਚੀਮਾ ਸਾਹਿਬ, ਤੁਸੀਂ ਸੀਟਾਂ ਤੇ ਬੈਠ ਕੇ ਗੱਲ ਕਰੋ। ਚੀਮਾ ਸਾਹਿਬ, ਸੀਟਾਂ ਤੇ ਬੈਠੋ। (ਵਿਘਨ) (ਸ਼ੋਰ) ਨਾਅਰੇ ਰਿਕਾਰਡ ਨਾ ਕੀਤੇ ਜਾਣ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) ਪਲੀਜ਼, ਪਲੀਜ਼, ਪਲੀਜ਼ ਤੁਸੀਂ ਆਪਣੀਆਂ ਸੀਟਾਂ ਤੇ ਬੈਠ ਕੇ ਗੱਲ ਕਰ ਲਓ। ਤੁਸੀਂ ਸੀਟਾਂ ਤੇ ਬੈਠ ਕੇ ਗੱਲ ਕਰ ਲਓ, ਪਲੀਜ਼ ਸੀਟਾਂ ਤੇ ਬੈਠ ਕੇ ਗੱਲ ਕਰ ਲਓ। ਸੀਟਾਂ ਤੇ ਬੈਠ ਕੇ ਗੱਲ ਕਰ ਲਓ। ਹਾਂ ਜੀ, ਸ਼੍ਰੀਮਤੀ ਸਤਕਾਰ ਕੌਰ ਜੀ।

## ਹਲਕਾ ਫਿਰੋਜ਼ਪੁਰ ਦਿਹਾਤੀ ਲਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੁਹੱਈਆ ਕਰਵਾਉਣਾ

*2568 **ਸ਼੍ਰੀਮਤੀ ਸਤਕਾਰ ਕੌਰ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਗਰ ਪੰਚਾਇਤ ਮਮਦੋਟ, ਨਗਰ ਪੰਚਾਇਤ ਮੁੱਦਕੀ ਅਤੇ ਨਗਰ ਕੌਂਸਲ ਤਲਵੰਡੀ ਭਾਈ, ਹਲਕਾ ਫਿਰੋਜ਼ਪੁਰ ਦਿਹਾਤੀ ਲਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਉਪਲਬਧ ਕਰਵਾਈਆਂ ਜਾਣਗੀਆਂ?

**ਸ਼੍ਰੀ ਬ੍ਰਹਮ ਮਹਿੰਦਰਾ:** ਨਹੀਂ ਜੀ।

**ਸ਼੍ਰੀਮਤੀ ਸਤਕਾਰ ਕੌਰ:** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਹਲਕੇ ਵਿੱਚ ਅੱਗਾਂ ਲੱਗਣ ਨਾਲ ਕਿਸਾਨਾਂ ਦੀਆਂ ਫਸਲਾਂ ਦਾ ਬਹੁਤ ਜ਼ਿਆਦਾ ਮਾੜਾ ਹਾਲ ਹੋ ਜਾਂਦਾ ਹੈ, ਉੱਥੇ ਕੋਈ

** Not recorded as ordered by the Chair.

Under Print
Not for Legal/Official use

.
ਫਾਇਰ ਬ੍ਰਿਗੇਡ ਨਹੀਂ ਹੈ। ਕਿਰਪਾ ਕਰਕੇ ਇਸ ਵੱਲ ਧਿਆਨ ਦਿੱਤਾ ਜਾਵੇ। ਜਦੋਂ ਅੱਗਾਂ ਲੱਗ ਜਾਂਦੀਆਂ ਹਨ ਤਾਂ ਕਿਸਾਨਾਂ ਦੀਆਂ ਫਸਲਾਂ ਦਾ ਬਹੁਤ ਬੁਰਾ ਹਾਲ ਹੋ ਜਾਂਦਾ ਹੈ। ਕਿਰਪਾ ਕਰਕੇ ਮਨਿਸਟਰ ਸਾਹਿਬ ਮੈਨੂੰ ਕੋਈ ਜਵਾਬ ਦੇਣ। 'ਨਹੀਂ' ਦਾ ਜਵਾਬ ਤਾਂ ਮੈਂ ਕੋਈ ਖਾਸ ਜਵਾਬ ਨਹੀਂ ਮੰਨਦੀ ਹਾਂ।(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਇਹ ਕਹਿ ਰਹੇ ਹਨ ਕਿ ਫਸਲਾਂ ਨੂੰ ਅੱਗ ਲੱਗ ਜਾਂਦੀ ਹੈ ਤਾਂ ਕਿਸਾਨਾਂ ਦੀਆਂ ਫਸਲਾਂ ਨੂੰ ਬੜਾ ਨੁਕਸਾਨ ਹੁੰਦਾ ਹੈ। ਫਸਲਾਂ ਨੂੰ ਅੱਗਾਂ ਲੱਗ ਜਾਂਦੀਆਂ ਹਨ ਤਾਂ ਕਿਸਾਨਾਂ ਦਾ ਬੜਾ ਵਿੱਤੀ ਨੁਕਸਾਨ ਹੁੰਦਾ ਹੈ।

(ਇਸ ਸਮੇਂ ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਾਕੀ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਰਿਪੋਰਟਰਜ਼ ਦੇ ਟੇਬਲ ਨਜ਼ਦੀਕ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ)

**ਮੰਤਰੀ:** ਸਪੀਕਰ ਸਾਹਿਬ, ਭਾਰਤ ਸਰਕਾਰ ਦੇ ਪੱਤਰ ਨੰ. ਮਿਤੀ 2.8.2006 ਰਾਹੀਂ ਸਟੈਂਡਿੰਗ ਫਾਰ ਐਡਵਾਈਜ਼ਰੀ ਕੌਂਸਲ ਦੀਆਂ ਸਿਫਾਰਸ਼ਾਂ ਅਨੁਸਾਰ ਇੱਕ ਫਾਇਰ ਸਟੇਸ਼ਨ ਸਥਾਪਿਤ ਕਰਨ ਲਈ ਸ਼ਹਿਰ ਦੀ ਘੱਟੋ-ਘੱਟ ਅਬਾਦੀ 50 ਹਜ਼ਾਰ ਹੋਣੀ ਚਾਹੀਦੀ ਹੈ ਅਤੇ ਸ਼ਹਿਰ ਦਾ ਏਰੀਆ ਘੱਟੋ-ਘੱਟ 10 ਵਰਗ ਕਿਲੋਮੀਟਰ ਹੋਣਾ ਚਾਹੀਦਾ ਹੈ। ਇਨ੍ਹਾਂ ਵਿਚੋਂ ਕੋਈ ਵੀ ਨਗਰ ਕੌਂਸਲ, ਨਗਰ ਪੰਚਾਇਤ, ਇਕੱਲੇ ਤੌਰ ਤੇ ਫਾਇਰ ਸਟੇਸ਼ਨ ਸਥਾਪਿਤ ਕਰਨ ਸਬੰਧੀ ਨਾਰਮਜ਼ ਪੂਰੀਆਂ ਨਹੀਂ ਕਰਦੀਆਂ ਹਨ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀਮਤੀ ਸਤਕਾਰ ਕੌਰ ਜੀ। (ਵਿਘਨ)(ਸ਼ੋਰ)

**ਸ਼੍ਰੀਮਤੀ ਸਤਕਾਰ ਕੌਰ:** ਸਰ, ਇੱਕ ਤਾਂ ਰੌਲੇ ਵਿੱਚ ਕੁਝ ਸੁਣਾਈ ਨਹੀਂ ਦੇ ਰਿਹਾ ਕਿ ਮਨਿਸਟਰ ਸਾਹਿਬ ਨੇ ਕੀ ਕਿਹਾ ਹੈ ਪਰ ਮੈਂ ਇਨ੍ਹਾਂ ਨੂੰ ਬੇਨਤੀ ਕਰਦੀ ਹਾਂ ਕਿ ਮੇਰਾ ਜਿੰਨਾ ਵੀ ਪੂਰਾ ਇਲਾਕਾ ਹੈ, ਉਹ ਸਾਰਾ ਪੇਂਡੂ ਇਲਾਕਾ ਹੈ। ਕਿਰਪਾ ਕਰਕੇ ਜੇ ਤਿੰਨ ਫਾਇਰ ਬ੍ਰਿਗੇਡ ਨਹੀਂ ਹੋ ਸਕਦੇ ਤਾਂ ਇੱਕ ਫਾਇਰ ਬ੍ਰਿਗੇਡ ਤਾਂ ਦਿਉ, ਇਹ ਕਿਸਾਨਾਂ ਦੀ ਬਹੁਤ ਭਾਰੀ ਮੰਗ ਹੈ।

**ਮਾਨਯੋਗ ਸਪੀਕਰ:** ਇਨ੍ਹਾਂ ਦੀ ਰਿਕੁਐਸਟ ਤੇ ਵਿਚਾਰ ਕਰ ਲਉ। ਇਨ੍ਹਾਂ ਦੀ ਰਿਕੁਐਸਟ ਤੇ ਵਿਚਾਰ ਕਰੋ।

---

** Not recorded as ordered by the Chair.

Under Print
Not for Legal/Official use

.
**ਮੰਤਰੀ:** ਸਰ, ਜੇ ਕੋਈ ਤਜਵੀਜ਼ ਆਈ ਤਾਂ ਪਹਿਲ ਦੇ ਆਧਾਰ ਤੇ ਕਰਾਂਗੇ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਆਪਣੀਆਂ ਸੀਟਾਂ ਉੱਤੇ ਬੈਠ ਕੇ ਗੱਲ ਕਰੋ ਪਲੀਜ਼, ਸੀਟਾਂ ਉੱਤੇ ਬੈਠ ਕੇ ਗੱਲ ਕਰੋ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਹਾਂ ਜੀ, ਸਰਦਾਰ ਨਿਰਮਲ ਸਿੰਘ ਜੀ।

---

## ਸ਼ਗਨ ਸਕੀਮ ਦੀ ਰਾਸ਼ੀ ਆਰ.ਟੀ.ਜੀ.ਐਸ. ਦੀ ਜਗ੍ਹਾ ਚੈੱਕ ਰਾਹੀਂ ਦੇਣਾ

*2688 **ਸਰਦਾਰ ਨਿਰਮਲ ਸਿੰਘ:** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਗਰੀਬ ਲੜਕੀਆਂ ਦੇ ਵਿਆਹ ਤੇ ਦਿੱਤੀ ਜਾਂਦੀ ਸ਼ਗਨ ਦੀ ਰਾਸ਼ੀ RTGS ਦੀ ਜਗ੍ਹਾ ਚੈੱਕ ਰਾਹੀਂ ਦੇਣ ਤੇ ਵਿਚਾਰ ਕਰੇਗੀ, ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ?

**ਸਰਦਾਰ ਸਾਧੂ ਸਿੰਘ:** ਨਹੀਂ ਜੀ।

**ਸਰਦਾਰ ਨਿਰਮਲ ਸਿੰਘ:** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਕੀਮ ਹੈ, ਕੀ ਇਸ ਸਕੀਮ ਰਾਹੀਂ ਇਹ ਪੈਸਾ ਸਿੱਧਾ ਬੈਂਕਾਂ ਵਿੱਚ ਜਾਣ ਦੀ ਬਜਾਏ ਚੈੱਕਾਂ ਰਾਹੀਂ ਨਹੀਂ ਦਿੱਤਾ ਜਾ ਸਕਦਾ? ਅਗਰ ਇਹ ਰਾਸ਼ੀ ਚੈੱਕਾਂ ਰਾਹੀਂ ਦਿੱਤੀ ਜਾਵੇਗੀ ਤਾਂ ਉਸ ਦੇ ਨਾਲ ਸਹੀ ਟਾਈਮ ਤੇ ਪਤਾ ਵੀ ਲੱਗ ਜਾਵੇਗਾ, ਨਹੀਂ ਤਾਂ ਬੈਂਕਾਂ ਵਿੱਚ ਰਾਸ਼ੀ ਸਿੱਧੀ ਚਲੀ ਜਾਂਦੀ ਹੈ, ਉਸ ਨਾਲ ਸਬੰਧਿਤ ਲਾਭਪਾਤਰੀਆਂ ਨੂੰ ਬਹੁਤਾ ਚਿਰ ਤਾਂ ਪਤਾ ਹੀ ਨਹੀਂ ਲੱਗਦਾ।

**ਮਾਨਯੋਗ ਸਪੀਕਰ:** ਕੀ ਇਹ ਸਕੀਮ ਚੈੱਕਾਂ ਰਾਹੀਂ ਲਾਗੂ ਕੀਤੀ ਜਾ ਸਕਦੀ ਹੈ?

**ਮੰਤਰੀ:** ਸਰ, ਮਿਤੀ 18.3.2017 ਤੋਂ ਕੈਬਨਿਟ ਦੇ ਫੈਸਲੇ ਅਨੁਸਾਰ ਸਿੱਧੀ ਅਦਾਇਗੀ ਲਾਭਪਾਤਰੀਆਂ ਦੇ ਖਾਤੇ ਵਿੱਚ ਕੀਤੀ ਜਾਂਦੀ ਹੈ। ਜਿਹੜਾ ਲਾਭਪਾਤਰੀ ਹੈ, ਉਸ ਦੇ ਖਾਤੇ ਵਿੱਚ ਸਿੱਧੀ ਅਦਾਇਗੀ ਚਲੀ ਜਾਂਦੀ ਹੈ। ਚੈੱਕਾਂ ਦੀ ਕੋਈ ਜ਼ਰੂਰਤ ਨਹੀਂ, ਇਹ ਕੈਬਨਿਟ ਦਾ ਫੈਸਲਾ ਹੈ।(ਵਿਘਨ)(ਸ਼ੋਰ)

**ਸਰਦਾਰ ਨਿਰਮਲ ਸਿੰਘ:** ਸਪੀਕਰ ਸਾਹਿਬ, ਕੁਝ ਸੁਣ ਹੀ ਨਹੀਂ ਰਿਹਾ ਜੀ।(ਵਿਘਨ)(ਸ਼ੋਰ) ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਹ ਚੈੱਕਾਂ ਰਾਹੀਂ ਅਦਾਇਗੀ ਹੋ ਸਕੇ ਤਾਂ ਜੋ ਹਰ ਗਰੀਬ ਲੜਕੀ ਦੇ ਸ਼ਾਦੀ ਤੇ ਚੈੱਕ ਪਹੁੰਚਾਇਆ ਜਾਵੇ, ਜਿਸ ਨਾਲ ਗਰੀਬ ਲੋਕਾਂ ਦੀ ਕੁਝ ਸਹਾਇਤਾ ਵੀ ਕੀਤੀ ਜਾ ਸਕੇ। (ਵਿਘਨ)(ਸ਼ੋਰ)

.

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

(ਇਸ ਸਮੇਂ ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਾਕੀ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਰਿਪੋਰਟਰਜ਼ ਦੇ ਟੇਬਲ ਨਜ਼ਦੀਕ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਚੀਮਾ ਸਾਹਿਬ, ਚੀਮਾ ਸਾਹਿਬ, ਚੀਮਾ ਸਾਹਿਬ, ਚੀਮਾ ਸਾਹਿਬ, ਚੀਮਾ ਸਾਹਿਬ, ਚੀਮਾ ਸਾਹਿਬ, ਤੁਸੀਂ ਆਪਣੀ ਸੀਟ ਉੱਤੇ ਜਾ ਕੇ ਗੱਲ ਕਰੋ। ਤੁਸੀਂ ਸੀਟ ਤੇ ਜਾ ਕੇ ਗੱਲ ਕਰੋ। ਤੁਸੀਂ ਸੀਟ ਉੱਤੇ ਜਾ ਕੇ ਗੱਲ ਕਰੋ, ਆਪਣੀ ਸੀਟ ਤੋਂ ਗੱਲ ਕਰੋ, ਤੁਸੀਂ ਸੀਟ ਤੇ ਜਾ ਕੇ ਗੱਲ ਕਰੋ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ:** 2579

**(ਸਬੰਧਿਤ ਮੈਂਬਰ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)**

---

## ਮਲੌਦ ਵਿਖੇ ਸੀ.ਡੀ.ਪੀ.ਓ. ਦੇ ਦਫਤਰ ਦੀ ਇਮਾਰਤ ਦੀ ਉਸਾਰੀ ਕਰਨਾ

*2491 **ਸਰਦਾਰ ਲਖਵੀਰ ਸਿੰਘ:** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਵਿਧਾਨ ਸਭਾ ਹਲਕਾ ਪਾਇਲ ਵਿਚ ਮਲੌਦ ਵਿਖੇ ਸੀ.ਡੀ.ਪੀ.ਓ. ਦੇ ਨਵੇਂ ਦਫਤਰ ਲਈ ਦਫਤਰੀ ਇਮਾਰਤ ਦੀ ਉਸਾਰੀ ਕਰਨ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀਮਤੀ ਅਰੁਨਾ ਚੌਧਰੀ:** ਸ਼੍ਰੀਮਾਨ ਜੀ, ਨਹੀਂ ਜੀ। ਮਲੌਦ ਵਿਖੇ ਸੀ.ਡੀ.ਪੀ.ਓ. ਦੇ ਨਵੇਂ ਦਫਤਰ ਲਈ ਦਫਤਰੀ ਇਮਾਰਤ ਦੀ ਉਸਾਰੀ ਭਾਰਤ ਸਰਕਾਰ ਵੱਲੋਂ ਨਵੇਂ ਬਲਾਕ ਦੀ ਮਨਜ਼ੂਰੀ ਉਪਰੰਤ ਕੀਤੀ ਜਾਵੇਗੀ।

---

** Not recorded as ordered by the Chair.

Under Print
Not for Legal/Official use

.

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ ਕਿ

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ:** ਸਪੀਕਰ ਸਾਹਿਬ, ਮੇਰੀ ਇੱਕ ਰਿਕੁਐਸਟ ਹੈ ਕਿ ਇਸ ਮੁੱਦੇ ਉੱਤੇ ਬਹਿਸ ਕਰਵਾ ਲਓ। ਜਿਹੜਾ ਇਹ ਇਸ਼ੂ ਹੈ, ਇਸ ਤੇ ਬਹਿਸ ਕਰਵਾ ਲਓ। ਇਸ ਮੁੱਦੇ ਉੱਤੇ ਟਾਈਮ ਫਿਕਸ ਕਰ ਲਵੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਪਿਰਮਲ ਸਿੰਘ ਧੌਲਾ ਅਤੇ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੂੰ ਛੱਡ ਕੇ ਬਾਕੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਵੀ ਸਦਨ ਵਿੱਚ ਕਾਫੀ ਸ਼ੋਰ ਸੀ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਰਿਪੋਰਟਰਜ਼ ਦੇ ਟੇਬਲ ਨਜ਼ਦੀਕ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਵੀ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਮੇਰੀ ਤੁਹਾਨੂੰ ਰਿਕੁਐਸਟ ਹੈ, ਮੇਰੀ ਤੁਹਾਨੂੰ ਰਿਕੁਐਸਟ ਹੈ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) (ਵਿਘਨ) ਮੇਰੀ ਤੁਹਾਨੂੰ ਰਿਕੁਐਸਟ ਹੈ ਕਿ ਸ਼੍ਰੀ ਬ੍ਰਹਮ ਮਹਿੰਦਰਾ ਜੀ ਕਹਿੰਦੇ ਹਨ ਕਿ ਤੁਸੀਂ ਬਹਿਸ ਕਰ ਲਓ (ਵਿਘਨ) ਤੁਸੀਂ ਇਸ ਇਸ਼ੂ ਤੇ ਬਹਿਸ ਕਰ ਲਓ (ਵਿਘਨ) ਤੁਸੀਂ ਆਪਣੀਆਂ ਆਪਣੀਆਂ ਸੀਟਾਂ ਉੱਤੇ ਜਾ ਕੇ ਕਹੋ, ਜੋ ਕੁਝ ਕਹਿਣਾ ਹੈ ਉਹ ਤੁਸੀਂ ਆਪਣੀਆਂ ਆਪਣੀਆਂ ਸੀਟਾਂ ਉੱਤੇ ਜਾ ਕੇ ਕਹੋ (ਵਿਘਨ)

**ਮੰਤਰੀ:** ਮੈਂ ਕਹਿੰਦਾ ਹਾਂ ਕਿ ਇਸ ਮੁੱਦੇ ਉੱਤੇ ਤੁਸੀਂ ਬਹਿਸ ਕਰ ਲਓ (ਵਿਘਨ) ਇਸ ਤੇ ਬਹਿਸ ਕਰ ਲਓ। ਤੁਸੀਂ ਬਹਿਸ ਉੱਤੇ ਟਾਈਮ ਫਿਕਸ ਕਰ ਲਓ (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਬਹਿਸ ਕਰ ਲਓ। ਬਹਿਸ ਕਰ ਲਓ।ਤੁਸੀਂ ਆਪਣੀਆਂ ਸੀਟਾਂ ਤੇ ਜਾ ਕੇ ਬਹਿਸ ਕਰ ਲਓ, ਬਹਿਸ ਕਰ ਲਓ। (ਵਿਘਨ)(ਸ਼ੋਰ) ਮਜੀਠੀਆ ਸਾਹਿਬ, ਤੁਸੀਂ ਸੀਟਾਂ ਤੇ ਜਾ ਕੇ ਬਹਿਸ ਕਰ ਲਓ। ਤੁਸੀਂ ਆਪਣੀ ਸੀਟ ਤੇ ਜਾਓ, ਸੀਟ ਤੇ ਜਾਓ (ਵਿਘਨ) (ਸ਼ੋਰ) ਤੁਸੀਂ ਬੈਠੋ, ਸੀਟਾਂ ਤੇ ਬੈਠ ਕੇ ਗੱਲ ਕਰੋ (ਵਿਘਨ)(ਸ਼ੋਰ) ਤੁਸੀਂ ਸੀਟਾਂ ਤੇ ਬੈਠ ਕੇ ਗੱਲ ਕਰੋ।

---

** Not recorded as ordered by the Chair.

Under Print
Not for Legal/Official use

.
(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

---

## SHORT ADJOURNMENT OF THE HOUSE

**ਮਾਨਯੋਗ ਸਪੀਕਰ:** ਸਦਨ ਅੱਧੇ ਘੰਟੇ ਵਾਸਤੇ ਸਥਗਿਤ ਕੀਤਾ ਜਾਂਦਾ ਹੈ।

*2.11 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਅੱਧੇ ਘੰਟੇ ਵਾਸਤੇ ਸਥਗਿਤ ਹੋ ਗਿਆ।)

*2.41 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

**ਮਾਨਯੋਗ ਸਪੀਕਰ:** ਹਾਂ ਜੀ, ਢਿੱਲੋਂ ਸਾਹਿਬ, ਤੁਸੀਂ ਕੁਝ ਕਹਿਣਾ ਹੈ? ਢਿੱਲੋਂ ਸਾਹਿਬ ਇੱਕ ਮਿੰਟ, ਮੈਂ ਪਹਿਲਾਂ ਇੱਧਰ ਚੀਮਾ ਸਾਹਿਬ ਦੀ ਗੱਲ ਸੁਣ ਲਵਾਂ।ਚੀਮਾ ਸਾਹਿਬ, ਤੁਸੀਂ ਦੱਸੋ ਕੀ ਕਹਿਣਾ ਹੈ?

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇੱਕ ਬਹੁਤ ਹੀ ਅਹਿਮ ਮਾਮਲਾ ਜਿਹੜਾ ਕੱਲ੍ਹ ਪੰਜਾਬ ਪੁਲਿਸ ਦੇ ਡੀ.ਐਸ.ਪੀ. ਬਲਵਿੰਦਰ ਸਿੰਘ ਸੇਖੋਂ ਨੇ ਧਿਆਨ ਵਿੱਚ ਲਿਆਂਦਾ ਹੈ ਅਤੇ ਦੂਜਾ ਮਾਮਲਾ ਪੰਜਾਬ ਪੁਲਿਸ ਦੇ ਡੀ.ਜੀ.ਪੀ. ਸ਼੍ਰੀ ਦਿਨਕਰ ਗੁਪਤਾ ਦਾ ਹੈ। ** ** ਮੁਕੱਦਮਾ ਨੰਬਰ 50 ਦੇ ਵਿੱਚ ਉਨ੍ਹਾਂ ਦਾ ਇਕਬਾਲੀਆ ਬਿਆਨ ਹੈ। ਮੁਕੱਦਮਾ ਨੰ: 50, ਮਿਤੀ 5-5-1992 ਟਾਡਾ ਦੇ ਅਧੀਨ ਉਸ ਸਮੇਂ ਜਿਹੜੀ ਵੀ ਪ੍ਰਾਸੀਕਿਊਸ਼ਨ ਏਜੰਸੀ ਸੀ, ਜਿਹੜੀ ਇਨਵੈਸਟੀਗੇਸ਼ਨ ਏਜੰਸੀ ਸੀ, ਜਿਹੜਾ ਇਕਬਾਲੀਆ ਬਿਆਨ ਸੀ ਜਿਹੜਾ confession ਸੀ, ਜਿਹੜੀ confessional statement ਸੀ ਉਹ ਕੋਰਟ ਦੇ ਵਿੱਚ ਵੀ ਨਹੀਂ ਲਗਾਈ ਗਈ। ਇਸ ਦੇ ਨਾਲ ਹੀ 3 ਹੋਰ ਮੁਕੱਦਮੇ ਹਨ ਜਿਨ੍ਹਾਂ ਮੁਕੱਦਮਿਆਂ ਵਿੱਚ ਨਾ ਤਾਂ ਪੁਲਿਸ ਵੱਲੋਂ ਚਲਾਨ ਪੇਸ਼ ਹੋਇਆ ਅਤੇ ਨਾ ਹੀ ਉਨ੍ਹਾਂ ਦਾ ਟਰਾਇਲ ਹੋਇਆ, ਜਦਕਿ ਉੱਥੇ 3 ਔਰਤਾਂ ਮਾਰੀਆਂ ਗਈਆਂ ਹਨ, ਇਹ ਗੁੜ ਮੰਡੀ ਦਾ ਮਾਮਲਾ ਹੈ, ਜਿਹੜਾ ਗੁੜ ਮੰਡੀ ਦਾ ਬੰਬ ਬਲਾਸਟ ਹੈ (ਵਿਘਨ,ਸ਼ੋਰ)

**ਮਾਨਯੋਗ ਸਪੀਕਰ:** ਧੰਨਵਾਦ, thank you.

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਗੁੜ ਮੰਡੀ ਦੇ ਵਿੱਚ ਕਿੰਨੇ ਲੋਕ ਮਾਰੇ ਗਏ ਸਨ? (ਵਿਘਨ)(ਸ਼ੋਰ)

---

** Expunged as ordered by the Hon'ble Speaker.

Under Print
Not for Legal/Official use

.
**ਮਾਨਯੋਗ ਸਪੀਕਰ:** ਚੀਮਾ ਸਾਹਿਬ, ਤੁਸੀਂ ਆਪਣੀ ਗੱਲ ਕਹਿ ਲਈ ਹੈ।ਇਸ ਲਈ ਚੀਮਾ ਸਾਹਿਬ ਤੁਸੀਂ ਬੈਠੋ। ਹਾਊਸ ਨੂੰ ਚੱਲਣ ਦਿਓ।ਤੁਸੀਂ ਮੈਨੂੰ ਇੱਕ ਮਿੰਟ ਤਾਂ ਦਿਉ, ਇੱਕ ਮਿੰਟ ਤਾਂ ਦਿਉ (ਵਿਘਨ)(ਸ਼ੋਰ) ਇੱਕ ਮਿੰਟ ਤਾਂ ਦਿਉ, ਮੈਨੂੰ ਇੱਕ ਮਿੰਟ ਤਾਂ ਦਿਉ।ਤੁਸੀਂ ਮੈਨੂੰ ਇੱਕ ਮਿੰਟ ਤਾਂ ਦਿਉ।(ਵਿਘਨ)(ਸ਼ੋਰ) ਮੈਂ ਸਾਰੀ ਆਪੋਜੀਸ਼ਨ ਨੂੰ ਇੱਕ ਗੱਲ ਕਹਿਣੀ ਚਾਹੁੰਦਾ ਹਾਂ। ਮੇਰੀ ਗੱਲ ਸੁਣ ਲਓ। ਮੇਰੀ ਗੱਲ ਸੁਣ ਲਓ (ਵਿਘਨ)(ਸ਼ੋਰ) ਮੇਰੀ ਗੱਲ ਸੁਣ ਲਓ ਕਿ ਅੱਜ ਲੀਡਰ ਆਫ ਦਿ ਹਾਊਸ ਸਦਨ ਵਿੱਚ ਮੌਜੂਦ ਨਹੀਂ ਹਨ। ਗ੍ਰਹਿ ਮੰਤਰਾਲਾ ਉਨ੍ਹਾਂ ਕੋਲ ਹੈ। ਮੈਂ ਸਰਕਾਰ ਨੂੰ ਰਿਕੁਐਸਟ ਕਰਾਂਗਾ ਕਿ ਉਹ ਕੱਲ੍ਹ ਨੂੰ ਆਪਣੀ ਸਟੇਟਮੈਂਟ ਦੇ ਦੇਣਗੇ ਲੇਕਿਨ ਤੁਸੀਂ ਅੱਜ ਹਾਊਸ ਨੂੰ ਚੱਲਣ ਦਿਓ। ਸੀ.ਐਮ. ਸਾਹਿਬ ਕੱਲ੍ਹ ਆਉਣਗੇ, ਸੀ.ਐਮ. ਸਾਹਿਬ ਕੱਲ੍ਹ ਆਉਣਗੇ। ਉਨ੍ਹਾਂ ਕੋਲ ਹੀ ਹੋਮ ਡਿਪਾਰਟਮੈਂਟ ਹੈ। ਮੇਰੀ ਗੱਲ ਸੁਣੋ, ਸੀ.ਐਮ. ਸਾਹਿਬ ਕੋਲ ਹੋਮ ਡਿਪਾਰਟਮੈਂਟ ਹੈ। ਮੈਂ ਸੀ.ਐਮ. ਸਾਹਿਬ ਨੂੰ ਕੱਲ੍ਹ ਰਿਕੁਐਸਟ ਕਰਾਂਗਾ ਤੇ ਉਹ ਕੱਲ੍ਹ ਆਪਣਾ ਜਵਾਬ ਦੇ ਦੇਣਗੇ। ਢਿੱਲੋਂ ਸਾਹਿਬ ਮੈਂ ਤੁਹਾਨੂੰ ਇਹੀ ਗੱਲ ਕਹਿਣਾ ਚਾਹੁੰਦਾ ਹਾਂ। ਹਾਂ ਜੀ, ਢਿੱਲੋਂ ਸਾਹਿਬ, ਢਿੱਲੋਂ ਸਾਹਿਬ। ਸਰਦਾਰ ਸ਼ਰਨਜੀਤ ਢਿੱਲੋਂ ਜੀ ਦਾ ਮਾਈਕ ਖੋਲ੍ਹੋ।(ਵਿਘਨ)(ਸ਼ੋਰ)

(ਇਸ ਸਮੇਂ ਸਰਦਾਰ ਸੁਖਪਾਲ ਸਿੰਘ ਖਹਿਰਾ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)

**ਮਾਨਯੋਗ ਸਪੀਕਰ:** ਸਰਦਾਰ ਸ਼ਰਨਜੀਤ ਢਿੱਲੋਂ ਜੀ ਦਾ ਮਾਈਕ ਖੋਲ੍ਹੋ। ** **ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਜਿਹੜਾ ਸ੍ਰੀ ਕਰਤਾਰਪੁਰ ਸਾਹਿਬ ਦਾ ਮੁੱਦਾ ਹੈ, ਲੱਖਾਂ ਲੋਕਾਂ ਦੀਆਂ ਅਰਦਾਸਾਂ ਤੋਂ ਬਾਅਦ ਸਾਨੂੰ ਕਰਤਾਰਪੁਰ ਸਾਹਿਬ ਦਾ ਲਾਂਘਾ ਮਿਲਿਆ ਹੈ।ਹੁਣ ਤੁਸੀਂ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਬੰਦ ਕਰਵਾਉਣਾ ਚਾਹੁੰਦੇ ਹੋ? ਦੂਜਾ ** ** ਜੋ ਚਾਹੁੰਦਾ ਸੀ ਉਸ ਦੀ ਇੱਛਾ ਦੇ ਮੁਤਾਬਿਕ ਇਹ ਸਭ ਕੁਝ ਹੋ ਰਿਹਾ ਹੈ

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿੱਤਾ ਜਾਵੇ।

( ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਸਦਨ ਵਿੱਚ ਬਾਕੀ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ

** Not recorded/Expunged as ordered by the Chair.

.
ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਰਿਪੋਰਟਰਜ਼ ਦੀ ਟੇਬਲ ਨਜ਼ਦੀਕ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

Under Print
Not for Legal/Official use

.

## SHORT ADJOURNMENT OF THE HOUSE AGAIN

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਸਾਰੇ ਆਪਣੀਆਂ-ਆਪਣੀਆਂ ਸੀਟਾਂ ਤੇ ਬੈਠੋ, ਪਲੀਜ਼, ਤੁਸੀਂ ਆਪਣੀਆਂ ਸੀਟਾਂ ਉੱਤੇ ਬੈਠੋ।ਸੀਟਾਂ ਤੇ ਬੈਠੋ। ਸਦਨ ਅੱਧੇ ਘੰਟੇ ਲਈ ਸਥਗਿਤ ਕੀਤਾ ਜਾਂਦਾ ਹੈ।

* 2.46 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਅੱਧੇ ਘੰਟੇ ਲਈ ਸਥਗਿਤ ਹੋ ਗਿਆ।)

*****3.16 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

## WRITTEN ANSWERS TO STARRED QUESTIONS LAID ON THE TABLE OF HOUSE UNDER RULE 38

### 2018-19 ਵਿਚ ਓਵਰਲੋਡ ਗੱਡੀਆਂ ਦੇ ਚਲਾਨਾਂ ਦੀ ਗਿਣਤੀ

***2443. ਸ਼੍ਰੀ ਅਵਤਾਰ ਸਿੰਘ ਜੂਨੀਅਰ:-** ਕੀ ਟਰਾਂਸਪੋਰਟ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਾਲ 2018-2019 ਵਿਚ ਓਵਰਲੋਡ ਸ਼੍ਰੇਣੀ ਅਧੀਨ ਹਰੇਕ ਜਿਲ੍ਹੇ ਵਿਚ ਚਲਾਨ ਕੀਤੀਆਂ ਗਈਆਂ ਗੱਡੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਪ੍ਰਕ੍ਰਿਆ ਤੋਂ ਕੁੱਲ ਕਿੰਨੀ ਰਕਮ ਇਕੱਠੀ ਕੀਤੀ ਗਈ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** (ੳ) ਸਾਲ 2018-2019 ਵਿਚ ਓਵਰਲੋਡ ਗੱਡੀਆਂ ਦੇ ਕੀਤੇ ਗਏ ਚਲਾਨਾਂ ਦੀ ਕੁੱਲ ਗਿਣਤੀ 7963 ਹੈ।

(ਅ) ਉਪਰੋਕਤ ਪ੍ਰਕ੍ਰਿਆ ਤੋਂ ਕੁੱਲ 6,59,24,900/- ਰੁਪਏ ਦੀ ਰਕਮ ਵਸੂਲ ਕੀਤੀ ਗਈ ਹੈ।

Under Print
Not for Legal/Official use

.

## 2018-19 ਦੇ ਪਿੜਾਈ ਸੀਜ਼ਨ ਦੌਰਾਨ 9 ਖੰਡ ਮਿੱਲਾਂ ਵੱਲ ਕਿਸਾਨਾਂ ਦੇ ਗੰਨੇ ਦਾ ਬਕਾਇਆ

***2413. ਸ਼੍ਰੀ ਕੰਵਰ ਸੰਧੂ:-** ਕੀ ਸਹਿਕਾਰਤਾ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਵਿੱਚ ਸਾਲ 2018-19 ਦੇ ਪਿੜਾਈ ਸੀਜ਼ਨ ਦੌਰਾਨ 9 ਸਹਿਕਾਰੀ ਖੰਡ ਮਿੱਲਾਂ ਵੱਲ ਕਿਸਾਨਾਂ ਦੇ ਗੰਨੇ ਦਾ ਕਿੰਨਾ ਬਕਾਇਆ ਹੈ**;**

(ਅ) ਕੀ ਪੰਜਾਬ ਵਿੱਚ ਪਿਛਲੇ ਦੋ ਸਾਲ ਦੀ ਤੁਲਨਾਂ ਵਿੱਚ ਇਸ ਸਾਲ (2019-20) ਦੌਰਾਨ ਗੰਨੇ ਦੀ ਬਿਜਾਈ ਦਾ ਰਕਬਾ ਵਧਿਆ ਜਾਂ ਘਟਿਆ ਹੈ**?**

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** (ੳ) ਪੰਜਾਬ ਵਿੱਚ ਸਾਲ 2018-19 ਦੌਰਾਨ ਕਿਸਾਨਾਂ ਦੀ 9 ਸਹਿਕਾਰੀ ਖੰਡ ਮਿੱਲਾਂ ਵੱਲ ਮਿਤੀ 17.2.2020 ਤੱਕ 138.39 ਕਰੋੜ ਰੁਪਏ ਦੀ ਗੰਨੇ ਦੀ ਅਦਾਇਗੀ ਬਕਾਇਆ ਹੈ,

(ਅ) ਪੰਜਾਬ ਵਿੱਚ ਸਾਲ 2019-20 ਦੌਰਾਨ ਗੰਨੇ ਦੀ ਬਿਜਾਈ ਦਾ ਅਨੁਮਾਨਿਤ ਰਕਬਾ 96 ਹਜਾਰ ਹੈਕਟੇਅਰ ਹੈ, ਜਿਹੜਾ ਕਿ 2018-19 ਦੌਰਾਨ 95 ਹਜਾਰ ਹੈਕਟੇਅਰ ਅਤੇ ਸਾਲ 2017-18 ਦੌਰਾਨ 97 ਹਜਾਰ ਹੈਕਟੇਅਰ ਸੀ।

---

## ਰਾਜਪੁਰਾ ਸ਼ਹਿਰ ਦੇ ਨਾਲ ਲੱਗਦੇ ਬਰਸਾਤੀ ਨਾਲੇ ਦੀ ਸਫਾਈ ਕਰਵਾਉਣਾ

***2538. ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜਪੁਰਾ ਸ਼ਹਿਰ ਦੇ ਨਾਲ ਲੱਗਦੇ ਬਰਸਾਤੀ ਨਾਲੇ (25 ਦੱਰਾ) ਵਿੱਚ ਬਹੁਤ ਜ਼ਿਆਦਾ ਸਿਲਟ ਇਕੱਠੇ ਹੋਣ ਕਾਰਨ ਗੰਦੇ ਤੇ ਬਰਸਾਤੀ ਪਾਣੀ ਦੀ ਨਿਕਾਸੀ ਬੰਦ ਹੋਣ ਦੀ ਸਮੱਸਿਆ ਸਰਕਾਰ ਦੇ ਧਿਆਨ ਵਿੱਚ ਹੈ; ਜੇਕਰ ਹੈ ਤਾਂ ਸਰਕਾਰ ਵੱਲੋਂ ਇਸ ਬਰਸਾਤੀ ਨਾਲੇ ਦੀ ਕਦੋਂ ਤੱਕ ਸਫਾਈ ਕਰਵਾ ਦਿੱਤੀ ਜਾਵੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਰਾਜਪੁਰਾ ਸ਼ਹਿਰ ਦੇ ਨਾਲ ਲੱਗਦੇ ਬਰਸਾਤੀ ਨਾਲੇ (ਪੱਚੀਸਦਰਾ) ਵਿੱਚ ਰਾਜਪੁਰਾ-ਅੰਬਾਲਾ ਡੈਡੀਕੇਟਿਡ ਫਰੇਟ ਕੋਰੀਡੋਰ ਲਈ ਪੁਲ ਦੀ ਉਸਾਰੀ ਕਰਕੇ ਸਿਲਟ ਇਕੱਠੀ ਹੋਣ ਕਾਰਨ ਨਾਲੇ ਵਿੱਚ ਵਾਧੂ ਪਾਣੀ ਚੱਲਣ ਸਮੇਂ ਪਾਣੀ ਦੀ ਨਿਕਾਸੀ ਵਿੱਚ ਸਮੱਸਿਆ ਆਉਂਦੀ ਹੈ। ਇਸ ਬਰਸਾਤੀ ਨਾਲੇ ਦੀ ਸਫਾਈ ਸਾਲ 2020 ਦੇ ਮੌਨਸੂਨ ਸੀਜ਼ਨ ਤੋਂ ਪਹਿਲਾਂ ਕਰਵਾ ਦਿੱਤੀ ਜਾਵੇਗੀ।

---

## ਅਹਿਮਦਗੜ੍ਹ ਸਬ-ਡਵੀਜ਼ਨ ਕੰਪਲੈਕਸ ਦੀ ਉਸਾਰੀ

***2468. ਸਰਦਾਰ ਸੁਰਜੀਤ ਸਿੰਘ ਧੀਮਾਨ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

Under Print
Not for Legal/Official use

.

(ੳ) ਅਹਿਮਦਗੜ੍ਹ (ਸੰਗਰੂਰ) ਵਿਖੇ ਸਬ-ਡਵੀਜ਼ਨ ਕੰਪਲੈਕਸ ਦੀ ਉਸਾਰੀ ਦੇ ਕੰਮ ਦੀ ਸਥਿਤੀ ਕੀ ਹੈ;

(ਅ) ਇਸ ਕੰਪਲੈਕਸ ਦੀ ਉਸਾਰੀ ਕਰਨ ਵਿੱਚ ਇਸ ਅਸਾਧਰਣ ਦੇਰੀ ਦੇ ਕਾਰਨ ਕੀ ਹਨ ਅਤੇ ਸਰਕਾਰ ਦੀ ਭਵਿੱਖ ਵਿੱਚ ਇਸ ਸਬੰਧੀ ਯੋਜਨਾ ਕੀ ਹੈ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ: (ੳ)** ਸਬ-ਤਹਿਸੀਲ ਅਹਿਮਦਗੜ੍ਹ (ਸੰਗਰੂਰ) ਮਿਤੀ 01.11 ਅਪਗ੍ਰੇਡ ਕਰਕੇ ਸਬ-ਡਵੀਜ਼ਨ ਦਾ ਦਰਜਾ ਦਿੱਤਾ ਗਿਆ ਹੈ। ਉੱਪ ਮੰਡਲ ਮੈਜਿਸਟ੍ਰੇਟ, ਅਹਿਮਦਗੜ੍ਹ ਦੀ ਰਿਪੋਰਟ ਅਨੁਸਾਰ ਸਬ-ਡਵੀਜ਼ਨ ਕੰਪਲੈਕਸ ਬਣਾਉਣ ਲਈ 3 ਤਜਵੀਜ਼ਾਂ ਪ੍ਰਾਪਤ ਹੋਈਆਂ ਸਨ ਜਿਸ ਸਬੰਧੀ ਪੀ.ਡਬਲਿਊ.ਡੀ. (ਬੀ.ਐਂਡ ਆਰ) ਅਤੇ ਤਕਨੀਕੀ ਸਲਾਹਕਾਰ ਟੂ ਮੁੱਖ ਮੰਤਰੀ, ਪੰਜਾਬ ਪਾਸੋਂ ਵੈੱਟ ਕਰਵਾ ਕੇ ਕਾਰਵਾਈ ਆਰੰਭੀ ਹੋਈ ਹੈ ਅਤੇ 3 ਤਜਵੀਜ਼ਤ ਸਾਈਟਾਂ ਵਿੱਚੋਂ ਚੁਣੀ ਗਈ ਜ਼ਮੀਨ ਨੂੰ ਟਰਾਂਸਫਰ ਕਰਨ ਸਬੰਧੀ ਸਬੰਧਤ ਵਿਭਾਗ ਨੂੰ ਇਤਰਾਜ਼ਹੀਣਤਾ ਸਰਟੀਫਿਕੇਟ, ਜ਼ਮੀਨ ਸਬੰਧੀ ਤਾਜ਼ਾ ਜਮ੍ਹਬੰਦੀਆਂ, ਨਕਸ਼ਾ, ਜ਼ਮੀਨ ਦੀ ਮਾਲਕੀ ਸਬੰਧੀ ਦਸਤਾਵੇਜ਼ ਪ੍ਰਾਪਤ ਕਰਕੇ ਜਲਦੀ ਹੀ ਕਾਰਵਾਈ ਮੁਕੰਮਲ ਕਰ ਲਈ ਜਾਵੇਗੀ।

(ਅ) ਤਜਵੀਜ਼ਤ 3 ਸਾਈਟਾਂ ਵਿੱਚੋਂ ਇੱਕ ਸਾਈਟ ਦੀ ਚੋਣ ਹੋਣ ਉਪਰੰਤ ਸਬੰਧਿਤ ਵਿਭਾਗ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਮਾਲ ਵਿਭਾਗ ਦੇ ਨਾਮ ਤੇ ਤਬਦੀਲੀ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਇਸ ਪ੍ਰਕਿਰਿਆ ਨੂੰ ਨਜਿੱਠਣ ਲਈ ਕਾਫੀ ਸਮਾਂ ਲੱਗ ਸਕਦਾ ਹੈ। ਭਵਿੱਖ ਵਿੱਚ ਇਹ ਯੋਜਨਾ ਜਲਦ ਹੀ ਮੁਕੰਮਲ ਕਰ ਲਈ ਜਾਵੇਗੀ।

---

## ਸਿਵਲ ਹਸਪਤਾਲ, ਨਕੋਦਰ ਦੀ ਬਿਲਡਿੰਗ ਦੀ ਰਿਪੇਅਰ ਕਰਨਾ

*2543. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ, ਨਕੋਦਰ ਦੀ ਬਿਲਡਿੰਗ, ਜਿਸ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ, ਨੂੰ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਜਦੋਂ ਤੱਕ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, ਹਾਲ ਦੀ ਘੜੀ ਸਿਵਲ ਹਸਪਤਾਲ, ਨਕੋਦਰ, ਜ਼ਿਲ੍ਹਾ ਜਲੰਧਰ ਦੀ ਬਿਲਡਿੰਗ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਇਸ ਤੋਂ ਇਲਾਵਾ ਇਸ ਹਸਪਤਾਲ ਵਿਖੇ 6 ਕਰੋੜ ਰੁਪਏ ਦੀ ਲਾਗਤ ਨਾਲ ਇੱਕ 30 ਬਿਸਤਰਿਆ ਦਾ ਜੱਚਾ-ਬੱਚਾ ਹਸਪਤਾਲ ਉਸਾਰੀ ਅਧੀਨ ਹੈ ਜਿਸ ਦੀ ਮਿਤੀ 31.05.2020 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

---

Under Print
Not for Legal/Official use

.

## ਟੋਲ ਨਾਕਿਆਂ ਅੱਗੇ ਸਪੀਡ ਬਰੇਕਰਾਂ ਦੀ ਸਲੋਪ ਠੀਕ ਕਰਨੀ

*2553. **ਸਰਦਾਰ ਗੁਰਕੀਰਤ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੀਆਂ ਸੜਕਾਂ ਤੇ ਲੱਗੇ ਟੋਲ ਨਾਕਿਆਂ ਦੇ ਐਂਟਰੀ ਪੁਆਇੰਟਾਂ ਤੋਂ ਪਹਿਲਾਂ ਬਣਾਏ ਗਏ ਸਪੀਡ ਬਰੇਕਰਾਂ ਦੇ ਸਲੋਪ ਠੀਕ ਨਾ ਹੋਣ ਕਾਰਨ ਉਥੋਂ ਲੰਘਦੇ ਵਹੀਕਲਾਂ ਨੂੰ ਨੁਕਸਾਨ ਪਹੁੰਚਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਸਾਰੇ ਰਾਜ ਅੰਦਰ ਸਪੀਡ ਬਰੇਕਰਾਂ ਦਾ ਇੱਕੋ ਤਰ੍ਹਾਂ ਦਾ ਡਿਜ਼ਾਇਨ ਬਣਾਉਣ ਦਾ ਵਿਚਾਰ ਰੱਖਦੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਨਹੀਂ ਜੀ, ਪੰਜਾਬ ਰਾਜ ਦੀਆਂ ਟੋਲ ਸੜਕਾਂ ਤੇ (ਰਾਸ਼ਟਰੀ ਰਾਜ ਮਾਰਗਾਂ ਤੋਂ ਇਲਾਵਾ) 23 ਟੋਲ ਬੂਥ ਬਣੇ ਹੋਏ ਹਨ (ਅਨੁਲਗ ੳ), ਜਿਨ੍ਹਾਂ ਦੇ ਐਂਟਰੀ ਪੁਆਇੰਟਾਂ ਤੇ ਵਹੀਕਲਾਂ ਦੀ ਰਫਤਾਰ ਨੂੰ ਹੌਲੀ ਕਰਨ ਵਸਤੇ ਸਪੀਡ ਬਰੇਕਰ/ਰੰਬਲ ਸਟਰਿਪ ਲੱਗੇ ਹੋਏ ਹਨ। ਇਨ੍ਹਾਂ ਸਪੀਡ ਬਰੇਕਰਾਂ/ਰੰਬਲ ਸਟਰਿਪਸ ਦੀ ਸਲੋਪ ਬਿਲਕੁਲ ਸਮੂਥ ਹੈ ਜਿਸ ਦੇ ਨਾਲ ਆਉਣ ਵਾਲੀਆਂ ਵਹੀਕਲਾਂ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਰਾਜ ਅੰਦਰ ਸਪੀਡ ਬਰੇਕਰਾਂ ਦਾ ਇੱਕੋ ਤਰ੍ਹਾਂ ਦਾ ਡਿਜ਼ਾਇਨ ਬਣਾਉਣ ਦੀ ਤਜਵੀਜ਼ ਹਾਲੇ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

| Sr. No. | Name of Road | Length (km) | Location of Toll Plazas | No. of Toll Plazas |
|---|---|---|---|---|
| 1 | Balachaur-Garhshankar-Hoshiarpur- Dasuya Road **(SH)** | 104.96 | Balachaur-Garhshankar km. 36/878 (near village Majari) | |

---

## ਪੰਜਾਬ ਦੇ ਡਿਪੂ ਹੋਲਡਰਾਂ ਨੂੰ ਮਿਲਣ ਵਾਲੇ ਕਮਿਸ਼ਨ ਸਬੰਧੀ

*2363. **ਸ਼੍ਰੀ ਅਮਨ ਅਰੋੜਾ:** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਪੰਜਾਬ ਵਿੱਚ ਡਿਪੂ ਹੋਲਡਰਾਂ ਨੂੰ P.D.S. ਤਹਿਤ ਵੱਖ-ਵੱਖ ਵਸਤਾਂ ਉਪਰ ਕਿੰਨਾ ਕਮਿਸ਼ਨ ਮਿਲਦਾ ਹੈ;

(ਅ) ਕੀ ਇਹ ਕਮਿਸ਼ਨ ਕੇਂਦਰ ਸਰਕਾਰ ਵੱਲੋਂ ਨਿਰਧਾਰਤ ਕੀਤੀਆਂ ਦਰਾਂ ਮੁਤਾਬਿਕ ਮਿਲਦਾ ਹੈ, ਜੇਕਰ ਨਹੀਂ ਤਾਂ ਕਿਉਂ?

Under Print
Not for Legal/Official use

.

Under Print
Not for Legal/Official use

.

**ਸ਼੍ਰੀ ਭਾਰਤ ਭੂਸ਼ਣ ਆਸ਼ੂ:** (ੳ) ਹਾਲ ਦੀ ਘੜੀ ਪੰਜਾਬ ਰਾਜ ਵਿੱਚ ਡਿਪੂ ਹੋਲਡਰਾਂ ਰਾਹੀ ਕੇਵਲ ਕਣਕ ਦੀ ਵੰਡ ਕੀਤੀ ਜਾ ਰਹੀ ਹੈ।ਕਣਕ ਦੀ ਵੰਡ ਤੇ 50 ਰੁਪਏ ਪ੍ਰਤੀ ਕੁਇੰਟਲ ਕਮਿਸ਼ਨ ਡਿਪੂ ਹੋਲਡਰਾਂ ਨੂੰ ਦਿੱਤਾ ਜਾ ਰਿਹਾ ਹੈ।

(ਅ) ਜੀ ਹਾਂ, ਇਹ ਕਮਿਸ਼ਨ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ/ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਦੀਆਂ ਨਿਰਧਾਰਿਤ ਕੀਤੀਆਂ ਦਰਾਂ ਅਧੀਨ ਹੈ।

---

## ਝੋਨੇ ਦੀ ਬਿਜਾਈ ਦੇ ਬਦਲਵੇਂ ਪ੍ਰਬੰਧ ਕਰਨਾ

*2371. 1. **ਸ੍ਰੀ ਅੰਗਦ ਸਿੰਘ**

2. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

**(ੳ)** ਕੀ ਇਹ ਠੀਕ ਹੈ ਕਿ ਜਮੀਨ ਹੇਠਲਾ ਪਾਣੀ ਜੋ ਕਿ ਦਿਨ-ਬ-ਦਿਨ ਘੱਟਦਾ ਜਾ ਰਿਹਾ ਹੈ, ਇਸ ਦੇ ਪਿੱਛੇ ਜੋ ਵੱਡਾ ਕਾਰਨ ਹੈ ਉਹ ਝੋਨੇ ਦੀ ਬਿਜਾਈ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਕੋਈ ਤਜਵੀਜ ਵਿਚਾਰ ਅਧੀਨ ਹੈ ਜਿਸ ਨਾਲ ਕਿ ਝੋਨੇ ਦੀ ਬਿਜਾਈ ਦੇ ਬਦਲਵੇਂ ਪ੍ਰਬੰਧ ਕੀਤੇ ਜਾ ਸਕਣ;

**(ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ' ਵਿੱਚ ਹੈ ਤਾਂ ਇਸ ਮੁਸ਼ਕਲ ਨੂੰ ਮੁੱਖ ਰੱਖਦੇ ਹੋਏ Crop Diversification ਲਈ ਕੀ ਕਦਮ ਚੁੱਕੇ ਗਏ ਅਤੇ ਕਿੰਨੇ ਪ੍ਰਤੀਸ਼ਤ ਕਿਸਾਨਾਂ ਦਾ ਧਿਆਨ ਦੂਸਰੀ ਫਸਲ ਵੱਲ ਕਰਵਾਇਆ ਗਿਆ, ਵੇਰਵੇ ਦਿੱਤੇ ਜਾਣ?

**ਕੈਪਟਨ ਅਮਰਿੰਦਰ ਸਿੰਘ:** (ੳ) **ਅਤੇ** (ਅ) ਦਾ **ਜਵਾਬ** ਨੱਥੀ ਅਨੁਲੱਗ 'ੳ' ਅਨੁਸਾਰ **ਸਦਨ ਦੇ ਮੇਜ਼ ਉੱਤੇ ਰੱਖਿਆ** ਜਾਂਦਾ ਹੈ:-

### ਅਨੁਲੱਗ 'ੳ'

(ੳ) ਇਹ ਠੀਕ ਹੈ ਕਿ ਜਮੀਨ ਹੇਠਲੇ ਪਾਣੀ ਦਾ ਪੱਧਰ ਦਿਨ ਬ ਦਿਨ ਗਿਰਦਾ ਜਾ ਰਿਹਾ ਹੈ ਅਤੇ ਇਸ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਕਾਰਨ ਰਾਜ ਵਿੱਚ ਝੋਨੇ ਦੀ ਬਿਜਾਈ ਵੀ ਹੈ। ਸਰਕਾਰ

Under Print
Not for Legal/Official use

.

ਵੱਲੋਂ ਝੋਨੇ ਦੀ ਬਿਜਾਈ ਦੇ ਬਦਲਵੇਂ ਪ੍ਰਬੰਧਾਂ ਸਬੰਧੀ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਹੇਠ ਰਕਬਾ ਵਧਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

(ਅ) (i) ਸਿੰਚਾਈ ਲਈ ਲੋੜੀਂਦੇ ਪਾਣੀ ਦੀ ਮੰਗ ਘਟਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਫਸਲੀ ਵਿਭਿੰਨਤਾ ਦੀ ਤਜਵੀਜ਼ ਤਿਆਰ ਕੀਤੀ ਗਈ ਹੈ। ਇਸ ਤਜਵੀਜ਼ ਅਨੁਸਾਰ ਅਗਲੇ ਪੰਜ ਸਾਲਾਂ ਵਿੱਚ ਝੋਨੇ ਹੇਠੋਂ ਲਗਭੱਗ 10.0 ਲੱਖ ਹੈਕਟੇਅਰ ਰਕਬਾ ਕੱਢ ਕੇ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਜਿਵੇਂ ਕਿ ਮੱਕੀ, ਨਰਮਾ, ਬਾਸਮਤੀ, ਫਲ, ਸਬਜੀਆਂ, ਐਗਰੋ ਫਾਰੈਸਟਰੀ ਆਦਿ ਅਧੀਨ ਲਿਆਉਣ ਦੀ ਤਜਵੀਜ ਹੈ।

(ii) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਘੱਟ ਪਾਣੀ ਲੈਣ ਵਾਲੀਆਂ ਬਦਲਵੀਆਂ ਫਸਲਾਂ ਬੀਜਣ ਲਈ ਪ੍ਰੇਰਿਤ ਕੀਤਾ ਗਿਆ। ਇਸ ਸਬੰਧੀ ਪਿੰਡ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਸਿਖਲਾਈ ਕੈਂਪ ਲਗਾ ਕੇ ਕਿਸਾਨਾਂ ਨੂੰ ਜ਼ਮੀਨ ਹੇਠਲੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਫਸਲੀ ਵਿਭਿੰਨਤਾ ਬਾਰੇ ਵੀ ਜਾਗਰੂਕ ਕਰਵਾਇਆ ਗਿਆ। ਇਸ ਦੇ ਫਲਸਰੂਪ ਕਿਸਾਨਾਂ ਵੱਲੋਂ ਸਾਲ 2019-20 ਦੌਰਾਨ ਸਾਉਣੀ ਦੀਆਂ ਫਸਲਾਂ ਅਧੀਨ ਹੇਠ ਅਨੁਸਾਰ ਝੋਨੇ ਹੇਠੋਂ ਰਕਬਾ ਘਟਾਇਆ ਗਿਆ:

- **ਮੱਕੀ:** ਮੱਕੀ ਅਧੀਨ ਰਕਬਾ 1.09 ਲੱਖ ਹੈਕਟੇਅਰ (2018-19) ਤੋਂ ਵਧਾ ਕੇ 1.60 ਲੱਖ ਹੈਕਟੇਅਰ (2019-20) ਕੀਤਾ ਗਿਆ।
- **ਨਰਮਾ:** ਨਰਮੇ ਅਧੀਨ ਰਕਬਾ 2.68 ਲੱਖ ਹੈਕਟੇਅਰ (2018-19) ਤੋਂ ਵਧਾ ਕੇ 3.92 ਲੱਖ ਹੈਕਟੇਅਰ (2019-20) ਕੀਤਾ ਗਿਆ।
- **ਬਾਸਮਤੀ:** ਬਾਸਮਤੀ ਅਧੀਨ ਰਕਬਾ 5.11 ਲੱਖ ਹੈਕਟੇਅਰ (2018-19) ਤੋਂ ਵਧਾ ਕੇ 6.29 ਲੱਖ ਹੈਕਟੇਅਰ (2019-20) ਕੀਤਾ ਗਿਆ।
- **ਬਾਗਬਾਨੀ ਫਸਲਾਂ:** ਬਾਗਬਾਨੀ ਫਸਲਾਂ ਅਧੀਨ ਰਕਬਾ 3.80 ਲੱਖ ਹੈਕਟੇਅਰ (2018-19) ਤੋਂ ਵਧਾ ਕੇ 4.05 ਲੱਖ ਹੈਕਟੇਅਰ (2019-20) ਕੀਤਾ ਗਿਆ।

(iii) ਰਾਜ ਸਰਕਾਰ ਵੱਲੋਂ ਨਰਮੇ ਦੀ ਐਮ.ਐਸ.ਪੀ., ਤੇ ਖਰੀਦ ਲਈ ਕਾਟਨ ਕਾਰਪੋਰੇਸ਼ਨ ਆਫ ਇੰਡੀਆ (ਸੀ.ਸੀ.ਆਈ.) ਰਾਹੀਂ ਖਰੀਦ ਕਰਵਾਉਣ ਦੇ ਉਪਰਾਲੇ ਕੀਤੇ ਗਏ ਜਿਸ ਕਾਰਨ ਨਰਮੇ ਲਈ ਢੁਕਵੀਂ ਕੀਮਤ ਕਿਸਾਨਾਂ ਨੂੰ ਮਿਲੀ।

Under Print
Not for Legal/Official use

.

(iv) ਪੰਜਾਬ ਤੋਂ ਬਾਸਮਤੀ ਦਾ ਨਿਰਯਾਤ ਯੂਰਪੀਅਨ ਯੂਨੀਅਨ ਅਤੇ ਯੂ.ਐਸ.ਏ. ਕਰਨ ਦੇ ਮਕਸਦ ਨਾਲ ਬਾਸਮਤੀ ਲਈ ਗੈਰ ਸਿਫਾਰਸ਼ ਕੀਤੇ ਖੇਤੀ ਰਸਾਇਣਾਂ ਦੀ ਵਰਤੋਂ ਤੋਂ ਬਿਨਾਂ ਕਾਸ਼ਤ ਕਰਨ ਲਈ ਲਗਾਤਾਰ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੇ ਸਦਕਾ ਬਾਸਮਤੀ ਦੇ ਦਾਣਿਆਂ ਵਿੱਚ ਖੇਤੀ ਰਸਾਇਣਾਂ ਦੇ ਅੰਸ਼ ਨਿਰਧਾਰਿਤ ਮਾਤਰਾ ਵਿੱਚ ਹੀ ਰਹੇ ਅਤੇ ਬਾਸਮਤੀ ਦਾ ਬੇਰੋਕ ਨਿਰਯਾਤ ਸੰਭਵ ਹੋ ਸਕਿਆ।

(v) ਇਸ ਤੋਂ ਇਲਾਵਾ ਰਾਜ ਸਰਕਾਰ ਵੱਲੋਂ ਭਾਰਤ ਸਰਕਾਰ ਨਾਲ ਫਸਲੀ ਵਿਭਿੰਨਤਾ ਵਾਸਤੇ ਹੇਠ ਲਿਖੇ ਅਨੁਸਾਰ ਸਹਾਇਤਾ ਲਈ ਤਾਲਮੇਲ ਕੀਤਾ ਗਿਆ:-

- ਮੱਕੀ ਲਈ ਮਿਹਨਤਾਨੇ ਮੁੱਲ ਦੀ ਪੇਸ਼ਕਸ਼ ਕਰਨਾ ਜੋ ਕਿ ਝੋਨੇ ਦੀ ਆਮਦਨੀ ਦੇ ਬਰਾਬਰ ਕਿਸਾਨਾਂ ਦੀ ਆਮਦਨੀ ਦਾ ਭਰੋਸਾ ਦਿੰਦਾ ਹੈ ਅਤੇ ਕਣਕ ਅਤੇ ਝੋਨੇ ਦੀ ਤਰਜ ਤੇ ਇਸ ਦੀ ਖਰੀਦ ਨੂੰ ਯਕੀਨੀ ਬਣਾਉਂਦਾ ਹੈ।
- ਮੱਕੀ ਤੋਂ ਈਥਾਨੋਲ ਦੇ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਢੁੱਕਵੇਂ ਵਾਤਾਵਰਣ ਸਬੰਧੀ ਪਾਲਿਸੀ।

---

## ਪਸ਼ੂ ਬਰੀਡਿੰਗ ਨੀਤੀ ਬਣਾਉਣਾ

*2575. **ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਸਰਕਾਰ ਨੇ ਦੁਧਾਰੂ ਪਸ਼ੂਆਂ ਦੇ ਵਿਸ਼ੇ ਵਿੱਚ ਕੋਈ ਪਸ਼ੂ-ਬਰੀਡਿੰਗ ਨੀਤੀ ਬਣਾਈ ਹੈ, ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਜੇਕਰ ਨਹੀ ਤਾਂ ਕੀ ਸਰਕਾਰ ਇਸ ਦਾ ਧਿਆਨ ਕਰੇਗੀ ਅਤੇ ਇਕ ਢੁੱਕਵੀਂ ਨੀਤੀ ਬਣਾਏਗੀ;

(ਅ) ਇਸੇ ਵਿਸ਼ੇ ਵਿੱਚ ਕੀ ਕਿਸੇ ਨਿੱਜੀ ਕੰਪਨੀ ਦੁਆਰਾ ਪਸ਼ੂਆਂ ਲਈ ਸਰਕਾਰ ਦੇ ਮਾਪ-ਦੰਡਾਂ ਨਾਲ ਮੇਲ ਖਾਂਦੇ ਪਸ਼ੂਆਂ ਲਈ ਮਸਨੂਈ ਗਰਭਦਾਨ ਦੇ ਟੀਕੇ ਨਿੱਜੀ ਕੰਪਨੀ ਦੁਆਰਾ ਮਾਰਕਿਟ ਵਿੱਚ ਵੇਚੇ ਜਾ ਰਹੇ ਹਨ; ਜੇਕਰ ਨਹੀਂ ਤਾਂ ਇਸ ਸਬੰਧ ਵਿੱਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ?

Under Print
Not for Legal/Official use

.

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** (ੳ) ਹਾਂ ਜੀ, ਸਰਕਾਰ ਵੱਲੋਂ ਪੰਜਾਬ ਰਾਜ ਵਿੱਚ ਦੁਧਾਰੂ ਪਸ਼ੂਆਂ ਦੇ ਵਿਸ਼ੇ ਸਬੰਧੀ "ਲਾਈਵਸਟਾਕ ਬਰੀਡਿੰਗ ਪਾਲਿਸੀ" "ਸਾਲ 2012 ਵਿੱਚ ਬਰੂਏ ਨੋਟੀਫਿਕੇਸਨ ਨੰ: 1/35/2012-ਪਪ7/4835, ਮਿਤੀ 4 ਜੁਲਾਈ, 2012 ਅਨੁਸਾਰ ਜਾਰੀ ਕੀਤੀ ਹੋਈ ਹੈ।ਇਸ ਸਬੰਧੀ ਪੰਜਾਬ ਰਾਜ ਵਿੱਚ 'ਬੋਵਾਇਨਜ਼ (ਮੱਝਾਂ/ਗਾਵਾਂ) ਦੀਆਂ ਪ੍ਰਜਣਨ ਗਤੀਵਿਧੀਆਂ, ਜਿਨ੍ਹਾਂ ਵਿੱਚ ਬੋਵਾਇਨ ਸੀਮਨ ਦੇ ਉਤਪਾਦਨ ਲਈ ਬੋਵਾਇਨ ਬਰੀਡਿੰਗ ਬੁੱਲਜ ਦੀ ਵਰਤੋਂ, ਬੋਵਾਇਨ ਸੀਮਨ ਦੀ ਪ੍ਰੋਸੈਸਿੰਗ, ਸਟੋਰੇਜ, ਵਿਕਰੀ ਤੇ ਵੰਡ ਅਤੇ ਬੋਵਾਇਨਜ਼ ਵਿੱਚ ਕੋਈ ਵੀ ਹੋਰ ਪ੍ਰਜਣਨ ਗਤੀਵਿਧੀਆਂ ਨੂੰ ਰੈਗੂਲੇਟ ਕਰਕੇ ਬੋਵਾਇਨਜ਼ ਦੇ ਸੁਧਾਰ ਲਈ ਉਪਬੰਧ ਕਰਨ ਦੇ ਮੰਤਵ ਨਾਲ "**ਦੀ ਪੰਜਾਬ ਬੋਵਾਇਨ ਬਰੀਡਿੰਗ ਐਕਟ,** 2016" ਬਣਿਆ ਹੋਇਆ ਹੈ ।

(ਅ) ਨਹੀਂ ਜੀ, ਇਸ ਵੇਲੇ ਮਸਨੂਈ ਗਰਭਦਾਨ ਦੇ ਟੀਕੇ ਨਿੱਜੀ ਕੰਪਨੀਆਂ ਦੁਆਰਾ ਮਾਰਕੀਟ ਵਿੱਚ ਨਹੀ ਵੇਚੇ ਜਾ ਸਕਦੇ।ਇਸ ਸਬੰਧੀ ਸਰਕਾਰ ਦੁਆਰਾ "**ਦੀ ਪੰਜਾਬ ਬੋਵਾਇਨ ਬਰੀਡਿੰਗ ਐਕਟ,** 2016" ਤਹਿਤ "**ਦੀ ਬੋਵਾਇਨ ਬਰੀਡਿੰਗ ਅਥਾਰਟੀ**" ਦਾ ਗਠਨ ਕੀਤਾ ਹੋਇਆ ਹੈ ਅਤੇ ਇਸ ਤਹਿਤ "**ਬੋਵਾਇਨ ਬਰੀਡਿੰਗ ਰੂਲਜ਼**" ਬਣਾਏ ਜਾ ਰਹੇ ਹਨ। ਇਨ੍ਹਾਂ ਬੋਵਾਇਨ ਬਰੀਡਿੰਗ ਰੂਲਜ ਦੀ ਨੋਟੀਫਿਕੇਸਨ ਹੋਣ ਉਪਰੰਤ ਨਿੱਜੀ ਕੰਪਨੀਆਂ ਦੁਆਰਾ ਬੋਵਾਇਨ ਬਰੀਡਿੰਗ ਅਥਾਰਿਟੀ ਤੋਂ ਕਾਨੂੰਨ ਅਤੇ ਰੂਲਾਂ ਅਨੁਸਾਰ ਆਗਿਆ ਲੈਣ ਉਪਰੰਤ ਮਾਪ ਦੰਡਾਂ ਨੂੰ ਪੂਰਾ ਕਰਦਾ ਸੀਮਨ ਵੇਚਣ ਦਾ ਉਪਬੰਧ ਹੈ।

---

## ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨਾ

*2450. **ਸਰਦਾਰ ਪਿਰਮਲ ਸਿੰਘ ਧੌਲਾ:** ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਦੀਆਂ ਜੇਲ੍ਹਾਂ ਵਿੱਚ ਅਜਿਹੇ ਕੈਦੀਆਂ ਦੀ ਗਿਣਤੀ ਕਿੰਨੀ ਹੈ ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਪਰ ਹੁਣ ਤੱਕ ਰਿਹਾਅ ਨਹੀਂ ਕੀਤੇ;

(ਅ) ਜੋ ਕੈਦੀ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਉਨ੍ਹਾਂ ਨੂੰ ਰਿਹਾਅ ਨਾ ਕਰਨ ਦੇ ਕੀ ਕਾਰਨ ਹਨ

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** (ੳ) ਪੰਜਾਬ ਰਾਜ ਦੀਆਂ ਜੇਲ੍ਹਾਂ ਵਿੱਚ ਅਜਿਹਾ ਕੋਈ ਵੀ ਕੈਦੀ ਨਹੀਂ ਹੈ, ਜੋ ਸਜ਼ਾ ਪੂਰੀ ਕਰਨ ਉਪਰੰਤ ਜੇਲ੍ਹਾਂ ਵਿਚ ਬੰਦ ਹੋਵੇ ।

Under Print
Not for Legal/Official use

.

(ਅ) ਲਾਗੂ ਨਹੀਂ ਹੈ ਜੀ ।

---

**ਰਾਜਪੁਰਾ ਵਿਖੇ ਲੱਗੇ ਥਰਮਲ ਪਲਾਂਟ ਵਿਖੇ ਹੋਰ ਪਾਣੀ ਦੇਣਾ**

*2539. **ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜਪੁਰਾ ਵਿਖੇ ਲੱਗੇ ਥਰਮਲ ਪਲਾਂਟ ਨੂੰ ਕਿੰਨੇ ਕਿਊਸਿਕ ਪਾਣੀ ਦਿੱਤਾ ਜਾ ਰਿਹਾ ਹੈ;

(ਅ) ਕੀ ਸਰਕਾਰ ਇਲਾਕੇ ਦੇ ਲੋਕਾਂ ਨੂੰ ਖੇਤੀਬਾੜੀ ਲਈ ਆ ਰਹੀ ਪਾਣੀ ਦੀ ਦਿੱਕਤ ਕਾਰਨ ਇਸ ਨਹਿਰ ਵਿੱਚ ਹੋਰ ਪਾਣੀ ਛੱਡਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਵਾਧੂ ਪਾਣੀ ਦੇਣਾ ਸ਼ੁਰੂ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ: (ੳ)** ਰਾਜਪੁਰਾ ਵਿਖੇ ਲੱਗੇ ਥਰਮਲ ਪਲਾਂਟ ਨੂੰ 75.00 ਕਿਊਸਿਕ ਪਾਣੀ ਦੇਣ ਸਬੰਧੀ ਸਰਕਾਰ ਪਾਸੋਂ ਪ੍ਰਵਾਨਗੀ ਲਈ ਗਈ ਸੀ, ਕੰਪਨੀ ਅਤੇ ਜਲ ਸਰੋਤ ਵਿਭਾਗ ਵਿਚਕਾਰ ਐਮ.ਓ.ਯੂ. ਸਾਈਨ ਹੋਇਆ ਸੀ, ਪ੍ਰੰਤੂ ਥਰਮਲ ਪਲਾਂਟ ਵੱਲੋਂ ਹਾਲ ਦੀ ਘੜੀ ਆਪਣੀ ਜ਼ਰੂਰਤ ਅਨੁਸਾਰ ਵੱਧ ਤੋਂ ਵੱਧ 50 ਕਿਊਸਿਕ ਪਾਣੀ ਹੀ ਲਿਆ ਜਾ ਰਿਹਾ ਹੈ।

(ਅ) ਹਾਂ ਜੀ। ਰਾਜਪੁਰਾ ਰਜਬਾਹੇ ਨਾਲ ਸਬੰਧਿਤ ਕਿਸਾਨਾਂ ਨੂੰ ਥਰਮਲ ਪਲਾਂਟ ਦੇ ਬਕਾਇਆ ਨਾ ਵਰਤੇ 25 ਕਿਊਸਿਕ ਪਾਣੀ ਵਿੱਚੋਂ ਸਿੰਚਾਈ ਲਈ ਪਾਣੀ ਦੇਣ ਬਾਰੇ ਤਜਵੀਜ਼ ਜਲ ਸਰੋਤ ਵਿਭਾਗ ਵੱਲੋਂ ਘੋਖੀ ਜਾ ਰਹੀ ਹੈ। ਇਸ ਤਜਵੀਜ਼ ਨੂੰ ਤਕਨੀਕੀ ਪੱਖੋਂ ਘੋਖ ਕੇ, ਭੌਂ ਪ੍ਰਾਪਤੀ ਪ੍ਰਕਿਰਿਆ ਮੁਕੰਮਲ ਕਰਨ ਅਤੇ ਵਿੱਤ ਵਿਭਾਗ ਵੱਲੋਂ ਫੰਡਾਂ ਦੀ ਪ੍ਰਾਪਤੀ ਹੋਣ ਉਪਰੰਤ ਇਹ ਕੰਮ ਜਲਦੀ ਤੋਂ ਜਲਦੀ ਕਰਵਾ ਦਿੱਤਾ ਜਾਵੇਗਾ।

---

**ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਮਰੀਜ਼ਾਂ ਦੇ ਬਿੱਲਾਂ ਦੀ ਪ੍ਰਤੀਪੂਰਤੀ**

*2445. 1. **ਸਰਦਾਰ ਬਿਕਰਮ ਸਿੰਘ ਮਜੀਠੀਆ**

2. **ਸ਼੍ਰੀ ਪਵਨ ਕੁਮਾਰ ਟੀਨੂ:** ਕੀ ਸਿਹਤ ਅਤੇ ਪਰਿਵਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਮੁੱਖ ਮੰਤਰੀ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਰਾਜ ਵਿੱਚ ਇਸ ਭਿਆਨਕ ਬਿਮਾਰੀ ਦੇ ਮਰੀਜ਼ਾਂ ਨੂੰ ਉਨ੍ਹਾਂ ਵੱਲੋਂ ਕਰਵਾਏ ਗਏ ਇਲਾਜ ਦੇ ਖਰਚੇ ਦੀ ਪ੍ਰਤੀ-ਪੂਰਤੀ ਸਮੇਂ-ਸਿਰ ਕੀਤੀ ਜਾ ਰਹੀ ਹੈ;

Under Print
Not for Legal/Official use

.
ਜੇਕਰ ਅਜਿਹਾ ਹੋਵੇ ਤਾਂ ਅਪ੍ਰੈਲ, 2017 ਤੋਂ ਮਿਤੀ-ਬੱਧ ਤੱਕ ਕਿੰਨੇ ਮਰੀਜ਼ਾਂ ਦੇ ਬਿੱਲਾਂ ਦੀ ਕਿੰਨੀ ਰਕਮ ਦੀ ਪ੍ਰਤੀ-ਪੂਰਤੀ ਕੀਤੀ ਗਈ ਹੈ ਅਤੇ ਬਾਕੀ ਰਹਿੰਦੇ ਬਿੱਲਾਂ ਦੀ ਪ੍ਰਤੀ-ਪੂਰਤੀ ਕਦੋਂ ਤੱਕ ਕੀਤੀ ਜਵੇਗੀ;

(ਅ) ਇਸ ਸਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਵਿੱਚ ਕੈਂਸਰ ਦੇ ਮਰੀਜ਼ਾਂ ਨੂੰ ਸਾਲ 2017-18 ਅਤੇ 2019 ਵਿੱਚ ਬਿੱਲਾਂ ਦੀ ਕਿੰਨੀ ਰਕਮ ਦੀ ਪ੍ਰਤੀ-ਪੂਰਤੀ ਕੀਤੀ ਗਈ ਅਤੇ ਕਿੰਨੀ ਰਕਮ ਦੇ ਬਿੱਲ ਅਜੇ ਤੱਕ ਪ੍ਰਤੀ-ਪੂਰਤੀ ਲਈ ਪੈਂਡਿੰਗ ਪਏ ਹਨ;

(ੲ) ਉਪਰੋਕਤ ਵਰਣਿਤ ਬਿੱਲਾਂ ਦੀ ਸਰਕਾਰ ਵੱਲੋਂ ਪ੍ਰਤੀ-ਪੂਰਤੀ ਨਾ ਕਰਨ ਦੇ ਕੀ ਕਾਰਨ ਹਨ ਅਤੇ ਕਿੰਨੇ ਸਮੇਂ ਵਿੱਚ ਇਸ ਨਾ-ਮੁਰਾਦ ਬਿਮਾਰੀ ਨਾਲ ਪੀੜਤ ਮਰੀਜ਼ਾਂ ਨੂੰ ਉਨ੍ਹਾਂ ਦੇ ਬਿੱਲਾਂ ਦੀ ਪ੍ਰਤੀ-ਪੂਰਤੀ ਕਰ ਦਿੱਤੀ ਜਾਵੇਗੀ ਤਾਂ ਜੋ ਉਹ ਅੱਗੋਂ ਦਵਾਈ ਖਰੀਦ ਸਕਣ;

(ਸ) ਕੀ ਇਸ ਸਕੀਮ ਤਹਿਤ ਕੈਂਸਰ ਦੇ ਮਰੀਜ਼ਾਂ ਨੂੰ ਪ੍ਰਦਾਨ ਕਰਵਾਈ ਜਾਂਦੀ 1,50,000/- ਰੁਪਏ ਦੀ ਰਾਸ਼ੀ ਵਿੱਚ ਕੋਈ ਵਾਧਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਵਾਧਾ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸਰਦਾਰ ਬਲਬੀਰ ਸਿੰਘ ਸਿੱਧੂ:** (ੳ) ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਇੱਕ ਕੈਸ਼ਲੈਸ ਸਕੀਮ ਹੈ। ਜਿਸ ਅਧੀਨ ਜਦੋਂ ਕੈਂਸਰ ਮਰੀਜ਼ ਇਲਾਜ ਕਰਵਾਉਣ ਲਈ ਸਰਕਾਰ ਵੱਲੋਂ ਸੂਚੀਬੱਧ ਕੀਤੇ ਹਸਪਤਾਲ ਵਿਖੇ ਰਿਪੋਰਟ ਕਰਦਾ ਹੈ ਤਾਂ ਹਸਪਤਾਲ ਵੱਲੋਂ ਉਸ ਨੂੰ 1,50,000/- ਤੱਕ ਦਾ ਕੈਸ਼ਲੈਸ ਇਲਾਜ ਦਿੱਤਾ ਜਾਂਦਾ ਹੈ।

(ਅ) ਮੈਡੀਕਲ ਸੁਪਰਡੰਟ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਪਾਸੋਂ ਪ੍ਰਾਪਤ ਸੂਚਨਾ ਅਨੁਸਾਰ "ਕੈਸ਼ਲੈਸ ਸਕੀਮ ਹੋਣ ਕਰਕੇ ਇਸ ਸਕੀਮ ਅਧੀਨ ਕੋਈ ਬਿੱਲਾਂ ਦੀ ਪ੍ਰਤੀ-ਪੂਰਤੀ ਨਹੀਂ ਕੀਤੀ ਜਾਂਦੀ।

ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਨੂੰ 2017-18 ਦੌਰਾਨ 3 ਕਰੋੜ ਅਤੇ ਸਾਲ 2019 ਤੋਂ ਹੁਣ ਤੱਕ 14.5 ਕਰੋੜ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਹਸਪਤਾਲ ਵੱਲੋਂ ਹਾਲ ਹੀ ਇਸ ਦਫਤਰ ਪਾਸ 6 ਕਰੋੜ ਦੇ ਬਿੱਲਜ਼/ਯੂਟੇਲਾਈਜੇਸ਼ਨ ਸਰਟੀਫਿਕੇਟ ਜਮ੍ਹਾਂ ਕਰਵਾਏ ਗਏ ਹਨ। ਉਨ੍ਹਾਂ ਦੀ ਵੈਰੀਫਿਕੇਸ਼ਨ/ਸਕਰੀਨਿੰਗ ਕੀਤੀ ਜਾ ਰਹੀ ਹੈ।

(ੲ) ਜਿਵੇਂ-ਜਿਵੇਂ ਹਸਪਤਾਲ ਵੱਲੋਂ ਮਰੀਜ਼ਾਂ ਦੇ ਬਿੱਲਜ਼ ਅਦਾਇਗੀ ਲਈ ਸਰਕਾਰ ਨੂੰ ਭੇਜੇ ਜਾਂਦੇ ਹਨ, ਉਸਦੀ ਵੈਰੀਫਿਕੇਸ਼ਨ/ਸਕਰੀਨਿੰਗ ਕਰਨ ਉਪਰੰਤ ਰਕਮ ਜਾਰੀ ਕਰ ਦਿੱਤੀ ਜਾਂਦੀ ਹੈ।

(ਸ) ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਵਿੱਚ ਮਰੀਜ਼ਾਂ ਨੂੰ ਪ੍ਰਦਾਨ ਕਰਵਾਈ ਜਾਂਦੀ 1,50,000/- ਰੁਪਏ ਦੀ ਰਾਸ਼ੀ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਇਸ ਸਮੇਂ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Under Print
Not for Legal/Official use

.

## ਹਲਕਾ ਧੂਰੀ ਦੇ ਸਕੂਲਾਂ ਵਿੱਚ ਸੋਲਰ ਪਾਵਰ ਅਤੇ ਆਰ.ਓ. ਸਿਸਟਮ ਦਾ ਪ੍ਰਬੰਧ ਕਰਨਾ

*2588. **ਸ਼੍ਰੀ ਦਲਵੀਰ ਸਿੰਘ ਗੋਲਡੀ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਧੂਰੀ ਦੇ ਅਧੀਨ ਪੈਂਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸੋਲਰ ਪਾਵਰ ਸਿਸਟਮ ਅਤੇ ਆਰ.ਓ. ਸਿਸਟਮ ਲਗਾਉਣ ਦੀ ਕੋਈ ਤਜਵੀਜ਼ ਹੈ?

**ਸ਼੍ਰੀ ਵਿਜੇ ਇੰਦਰ ਸਿੰਗਲਾ:** ਜੀ ਹਾਂ! ਵਿਧਾਨ ਸਭਾ ਹਲਕਾ ਧੂਰੀ ਅਧੀਨ ਪੈਂਦੇ 9 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸੋਲਰ ਪਾਵਰ ਸਿਸਟਮ ਅਤੇ 18 ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਆਰ.ਓ ਸਿਸਟਮ ਲਗਾਉਣ ਦੀ ਤਜਵੀਜ਼ ਹੈ।

---

## ਪੇਂਡੂ ਇਸਤਰੀਆਂ ਲਈ ਕਿੱਤਾ-ਮੁੱਖੀ ਕੋਰਸ ਸ਼ੁਰੂ ਕਰਨਾ

*2587. **ਸ਼੍ਰੀ ਦਲਵੀਰ ਸਿੰਘ ਗੋਲਡੀ:** ਕੀ ਰੋਜ਼ਗਾਰ ਤੇ ਉਤਪਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੇਂਡੂ ਖੇਤਰ ਦੀਆਂ ਇਸਤਰੀਆਂ ਲਈ ਕਿੱਤਾ-ਮੁੱਖੀ ਕੋਰਸ ਸ਼ੁਰੂ ਕਰਵਾ ਕੇ ਲੋੜਵੰਦ ਪਰਿਵਾਰਾਂ ਨੂੰ ਰੋਜ਼ਗਾਰ ਦੇਣ ਲਈ ਸਰਕਾਰ ਕੋਈ ਯੋਗ ਉਪਰਾਲਾ ਕਰ ਰਹੀ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਹਾਂ ਜੀ, ਹੁਣ ਤੱਕ ਆਰ.ਸੇ.ਟੀਜ਼ (R.S.E.T) ਸੰਸਥਾਵਾਂ ਰਾਹੀਂ 55670 ਔਰਤਾਂ ਨੂੰ ਕਿੱਤਾ ਮੁੱਖੀ ਟ੍ਰੇਨਿੰਗਾਂ ਕਰਵਾਈਆਂ ਜਾ ਚੁੱਕੀਆਂ ਹਨ ਅਤੇ 52976 ਪਰਿਵਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ।

---

## ਹਲਕਾ ਮਹਿਲ ਕਲਾਂ ਦੇ ਪਿੰਡ ਸ਼ੇਰਪੁਰ ਦੇ ਸਰਕਾਰੀ ਹਸਪਤਾਲ ਵਿੱਚ ਦਾਵਈਆਂ/ਡਾਕਟਰਾਂ ਦੀ ਘਾਟ ਪੂਰੀ ਕਰਨਾ

*2555. **ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਮਹਿਲ ਕਲਾਂ ਦੇ ਪਿੰਡ ਸ਼ੇਰਪੁਰ ਦੇ ਸਰਕਾਰੀ ਹਸਪਤਾਲ ਵਿੱਚ ਦਵਾਈਆਂ ਅਤੇ ਡਾਕਟਰਾਂ ਦੀ ਘਾਟ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ ' ਵਿੱਚ ਹੈ ਤਾਂ ਇਹ ਘਾਟ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ?

Under Print
Not for Legal/Official use

.
**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, (ੳ) ਅਤੇ (ਅ) ਜੀ ਨਹੀਂ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜ਼ਰੂਰੀ ਦਵਾਈਆਂ ਦੀ ਸੂਚੀ ਅਤੇ ਜੰਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ ਅਧੀਨ ਆਉਂਦੀਆਂ ਦਵਾਈਆਂ ਦੀ ਸਪਲਾਈ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਜਿਨ੍ਹਾਂ ਵਿੱਚ ਹਲਕਾ ਮਹਿਲ ਕਲਾਂ ਅਧੀਨ ਆਉਂਦੇ ਹਸਪਤਾਲ ਵੀ ਸ਼ਾਮਿਲ ਹਨ, ਵਿਖੇ ਲਗਾਤਾਰ ਕੀਤੀ ਜਾ ਰਹੀ ਹੈ। ਜਿੱਥੋਂ ਤੱਕ ਡਾਕਟਰਾਂ ਦੀ ਘਾਟ ਦਾ ਸਬੰਧ ਹੈ, ਰਾਜ ਸਰਕਾਰ ਵੱਲੋਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਪਹਿਲਾਂ ਹੀ ਉਪਰਾਲੇ ਕੀਤੇ ਜਾ ਰਹੇ ਹਨ।

---

## ਬੰਗਾ-ਗੜ੍ਹਸ਼ੰਕਰ ਤੋਂ ਸ਼੍ਰੀ ਨੈਣਾ ਦੇਵੀ ਹਾਈਵੇ ਬਣਾਉਣ ਦੇ ਪ੍ਰੋਜੈਕਟ ਦੀ ਸਥਿਤੀ

*2612. **ਡਾਕਟਰ ਸੁਖਵਿੰਦਰ ਕੁਮਾਰ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੰਗਾ-ਗੜ੍ਹਸ਼ੰਕਰ ਤੋਂ ਸ਼੍ਰੀ ਨੈਣਾ ਦੇਵੀ ਤੱਕ ਦੀ ਸੜਕ ਨੂੰ ਹਾਈਵੇ ਬਣਾਉਣ ਦੇ ਪ੍ਰੋਜੈਕਟ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੀ ਅਜੋਕੀ ਸਥਿਤੀ ਕੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਹਾਂ ਜੀ, ਬੰਗਾ-ਗੜ੍ਹਸ਼ੰਕਰ ਤੋਂ ਸ਼੍ਰੀ ਨੈਣਾ ਦੇਵੀ ਤੱਕ ਦੀ ਸੜਕ ਨੂੰ ਹਾਈਵੇ ਬਣਾਉਣ ਦੇ ਪ੍ਰੋਜੈਕਟ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਸੜਕ ਦੀ ਡਿਟੇਲਡ ਫਿਜ਼ੀਬਿਲਟੀ ਸਟਡੀ ਕਰਵਾਈ ਜਾ ਰਹੀ ਹੈ। ਇਸ ਫਿਜ਼ੀਬਿਲਟੀ ਰਿਪੋਰਟ ਆਉਣ ਉਪਰੰਤ ਹੀ ਪ੍ਰੋਜੈਕਟ ਤਿਆਰ ਕੀਤਾ ਜਾਵੇਗਾ।

---

## UNSTARRED QUESTIONS AND ANSWERS

### S.C. ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਵਜੀਫੇ ਦੀ ਲੰਬਿਤ ਪਈ ਰਾਸ਼ੀ ਦੀ ਸਥਿਤੀ

319. **ਡਾਕਟਰ ਰਾਜ ਕੁਮਾਰ:** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੇਂਦਰ ਸਰਕਾਰ ਵੱਲੋਂ ਐਸ.ਸੀ. ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਵਜੀਫੇ ਦੀ ਅੱਜ ਤੱਕ ਪ੍ਰਾਪਤ ਅਤੇ ਲੰਬਿਤ ਪਈ ਰਾਸ਼ੀ ਦੀ ਤਾਜਾ ਸਥਿਤੀ ਕੀ ਹੈ;

(ਅ) ਵਜ਼ੀਫੇ ਦੀ ਰਾਸ਼ੀ ਦੀ ਵੰਡ ਦਾ ਭੁਗਤਾਨ ਨਾ ਹੋਣ ਕਰਕੇ ਪ੍ਰਭਾਵਿਤ ਵਿਦਿਆਰਥੀਆਂ ਦੀ ਮੱਦਦ ਲਈ ਰਾਜ ਦੁਆਰਾ ਕੀ ਕਦਮ ਚੁੱਕੇ ਗਏ ਹਨ, ਜੇਕਰ ਕੇਂਦਰ ਅਜਿਹਾ ਕਰਨ ਤੋਂ ਅਸਮਰੱਥ ਹੋਵੇ?

Under Print
Not for Legal/Official use

.
**ਸਰਦਾਰ ਸਾਧੂ ਸਿੰਘ ਧਰਮਸੋਤ**:(ੳ) ਕੇਂਦਰ ਸਰਕਾਰ ਵੱਲੋਂ ਐਸ.ਸੀ. ਵਿਦਿਆਰਥੀਆਂ ਲਈ ਸਾਲ 2007-08 ਤੋਂ 2019-20 ਤੱਕ 1894.60 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ 1374.76 ਕਰੋੜ ਰੁਪਏ ਦੀ ਰਾਸ਼ੀ ਲੰਬਿਤ ਹੈ। ਲੰਬਿਤ ਰਾਸ਼ੀ ਦੀ ਮੰਗ ਕੇਂਦਰ ਸਰਕਾਰ ਤੋਂ ਕੀਤੀ ਹੋਈ ਹੈ।

(ਅ) ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀਆਂ ਅਗਵਾਈ ਲੀਹਾਂ ਮਿਤੀ 11.07.2018 ਬਾਰੇ ਸਬੰਧਤ ਲਾਗੂਕਰਤਾ ਵਿਭਾਗਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀ ਵੱਲੋਂ ਦਾਖ਼ਲੇ ਸਮੇਂ ਫੀਸਾਂ ਦੀ ਅਦਾਇਗੀ ਨਾ ਕਰਨ ਕਾਰਨ ਵਿਦਿਆਰਥੀਆਂ ਦਾ ਦਾਖ਼ਲਾ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ।

---

## ਐਸ.ਸੀ. ਭਲਾਈ ਲਈ ਨਿਰਧਾਰਿਤ ਫੰਡਾਂ ਨੂੰ ਉਸੇ ਮੰਤਵ ਲਈ ਖਰਚਣਾ

**320. ਡਾਕਟਰ ਰਾਜ ਕੁਮਾਰ:** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਐਸ.ਸੀ. ਭਲਾਈ ਲਈ ਨਿਰਧਾਰਿਤ ਫੰਡਾਂ ਨੂੰ ਉਸੇ ਮੰਤਵ ਲਈ ਖਰਚ ਨੂੰ ਯਕੀਨੀ ਬਣਾਉਣ ਲਈ ਐਸ.ਸੀ. ਉਪ ਯੋਜਨਾ ਐਕਟ ਨੂੰ ਸੁਰੂ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ ?

**ਸਰਦਾਰ ਸਾਧੂ ਸਿੰਘ ਧਰਮਸੋਤ**:ਅਨਸੂਚਿਤ ਜਾਤੀਆਂ ਸਬ-ਪਲਾਨ (ਐਸ.ਸੀ.ਐਸ.ਪੀ) ਤਹਿਤ ਨਿਰਧਾਰਤ ਫੰਡਾਂ ਨੂੰ ਉਸੇ ਮੰਤਵ ਲਈ ਖਰਚ ਕਰਨ ਨੂੰ ਯਕੀਨੀ ਬਣਾਉਣ ਅਤੇ ਫੰਡਜ਼ ਦੀ ਜਨਰਲ ਸੈਕਟਰ ਵਿੱਚ ਪੱਥਬਦਲੀ ਨੂੰ ਰੋਕਣ ਲਈ ਨਿਰਧਾਰਤ ਫੰਡ ਬਜਟ ਵਿੱਚ ਸਬੰਧਤ ਮੇਜਰ/ਸਬ ਮੇਜਰ ਹੈੱਡ ਅਧੀਨ ਮਾਈਨਰ ਹੈਡ 789-"ਐਸ.ਸੀ.ਪੀ. ਫਾਰ ਐਸ.ਸੀਜ਼" ਤਹਿਤ ਬੁੱਕ ਕੀਤੇ ਜਾ ਰਹੇ ਹਨ।ਇਸ ਦੇ ਸਨਮੁੱਖ ਫਿਲਹਾਲ ਅਨੁਸੂਚਿਤ ਜਾਤੀਆਂ ਸਬ-ਪਲਾਨ ਲਈ ਐਕਟ ਬਣਾਉਣ ਦੀ ਕੋਈ ਯੋਜਨਾ ਨਹੀਂ ਹੈ।

---

## ਘੱਟ ਜ਼ਮੀਨ ਵਾਲੇ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨਾ

**321. ਡਾ. ਰਾਜ ਕੁਮਾਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ 5 ਏਕੜ ਤੋਂ ਘੱਟ ਜ਼ਮੀਨ ਵਾਲੇ ਜਿਨ੍ਹਾਂ ਕਿਸਾਨਾਂ ਦੇ ਕਰਜ਼ੇ ਵੱਖ-ਵੱਖ ਕਾਰਨਾਂ ਕਰਕੇ ਮੁਆਫ ਹੋਣ ਤੋਂ ਰਹਿ ਗਏ ਹਨ, ਨੂੰ ਮੁਆਫ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ;

(ਅ) ਕੀ ਗੈਰ ਖੇਤੀਬਾੜੀ ਖੇਤ ਮਜਦੂਰਾਂ ਦਾ ਕਰਜਾ ਮੁਆਫ ਕਰਨ ਦੀ ਵੀ ਕੋਈ ਯੋਜਨਾ ਹੈ?

Under Print
Not for Legal/Official use

.
**ਕੈਪਟਨ ਅਮਰਿੰਦਰ ਸਿੰਘ:**(ੳ) ਹਾਂ ਜੀ, ਮਿਤੀ 17.10.2017 ਦੇ ਨੋਟੀਫਿਕੇਸ਼ਨ ਅਨੁਸਾਰ ਕਰਜ਼ਾ ਮੁਆਫੀ ਸਬੰਧੀ ਕਿਸਾਨਾਂ ਦੇ ਬਾਕੀ ਰਹਿੰਦੇ ਯੋਗ ਕੇਸ ਜਲਦ ਨਿਪਟਾ ਦਿੱਤੇ ਜਾਣਗੇ ।

(ਅ) ਸਹਿਕਾਰਤਾ ਵਿਭਾਗ, ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਮਿਤੀ 06.03.2019 ਨੂੰ ਰਾਜ ਦੇ ਗੈਰ-ਖੇਤੀਬਾੜੀ ਖੇਤ ਮਜ਼ਦੂਰਾਂ ਜੋ ਮੁੱਢਲੀ ਸਹਿਕਾਰੀ ਖੇਤੀਬਾੜੀ ਸਭਾਵਾਂ ਨਾਲ ਜੁੜੇ ਹੋਏ ਹਨ,ਜਿਨ੍ਹਾਂ ਦੇ ਜਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਤੋਂ ਕਰਜਾ ਲਿਆ ਹੈ, ਦਾ ਕਰਜ਼ਾ ਮੁਆਫ਼ ਕਰਨ ਲਈ ਅਧਿਸੂਚਨਾ ਜਾਰੀ ਕਰ ਦਿੱਤੀ ਗਈ ਹੈ।

---

## ਕੰਡੀ ਵਿਕਾਸ ਬੋਰਡ ਦੇ ਪ੍ਰੋਜੈਕਟ

322. **ਡਾਕਟਰ ਰਾਜ ਕੁਮਾਰ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-
(ੳ) ਕੀ ਕੰਢੀ ਵਿਕਾਸ ਬੋਰਡ ਹੁਣ ਪੂਰੀ ਤਰਾਂ ਕਾਰਜਸ਼ੀਲ ਹੈ;

(ਅ) ਕੰਢੀ ਵਿਕਾਸ ਬੋਰਡ ਨੂੰ ਕਿੰਨੇ ਫੰਡ ਜਾਰੀ ਕੀਤੇ ਗਏ ਹਨ ਅਤੇ ਕਿਹੜੇ ਪ੍ਰੋਜੈਕਟ ਕੰਢੀ ਵਿਕਾਸ ਬੋਰਡ ਦੇ ਵਿਚਾਰ ਅਧੀਨ ਹਨ?

**(ਵਿੱਤ ਤੇ ਯੋਜਨਾ ਮੰਤਰੀ) ਸਰਦਾਰ ਮਨਪ੍ਰੀਤ ਸਿੰਘ ਬਾਦਲ:** (ੳ) ਜੀ ਹਾਂ, 'ਬਾਰਡਰ ਅਤੇ ਕੰਢੀ ਏਰੀਆ ਵਿਕਾਸ ਬੋਰਡ' ਦਾ ਗਠਨ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: 2626 ਮਿਤੀ 31-07-2019 ਰਾਹੀਂ ਕਰ ਦਿੱਤਾ ਗਿਆ ਹੈ। ਬੋਰਡ ਦੀ ਪਹਿਲੀ ਮੀਟਿੰਗ ਮਿਤੀ 17-2-2020 ਨੂੰ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋ ਚੁੱਕੀ ਹੈ।

(ਅ) ਸਾਲ 2019-20 ਦੌਰਾਨ ਸਕੀਮ ਪੀ.ਐਮ-21 ਕੰਢੀ ਏਰੀਆ ਵਿਕਾਸ ਬੋਰਡ ਤਹਿਤ 25.00 ਕਰੋੜ ਰੁਪਏ ਦੀ ਐਲੋਕੇਸ਼ਨ ਰੱਖੀ ਗਈ ਹੈ। ਇਹ ਫੰਡਜ਼ ਸਿਹਤ, ਸਿੱਖਿਆ, ਜਲ ਸਪਲਾਈ ਅਤੇ ਸੈਨੀਟੇਸ਼ਨ, ਖੇਤੀਬਾੜੀ ਅਤੇ ਪੇਂਡੂ ਵਿਕਾਸ ਸੈਕਟਰਾਂ ਲਈ ਇਸਤੇਮਾਲ ਕੀਤੇ ਜਾਣਗੇ।

---

## ਜ਼ਿਲ੍ਹਾ ਬਰਨਾਲਾ ਵਿਖੇ ਪਖਾਨੇ ਬਣਾਉਣਾ

326. **ਸਰਦਾਰ ਪਿਰਮਲ ਸਿੰਘ ਧੌਲਾ:** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਰਨਾਲਾ ਵਿੱਚ ਕਿੰਨੇ ਘਰਾਂ ਵਿੱਚ 31-01-2020 ਤੱਕ ਪਖਾਨੇ ਬਣਾਏ ਗਏ ਹਨ ਅਤੇ ਕਿੰਨੇ ਘਰਾਂ ਵਿੱਚ ਪਖਾਨੇ ਬਣਨੇ ਰਹਿੰਦੇ ਹਨ ਅਤੇ ਰਹਿੰਦੇ ਪਖਾਨੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

Under Print
Not for Legal/Official use

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਜ਼ਿਲ੍ਹਾ ਬਰਨਾਲਾ ਵਿੱਚ ਮਿਤੀ 31-01-2020 ਤੱਕ 12225 ਘਰਾਂ ਵਿੱਚ ਪਖਾਨੇ ਬਣ ਚੁੱਕੇ ਹਨ ਅਤੇ 97 ਘਰਾਂ ਓਿੱਚ ਪਖਾਨੇ ਬਣਨੇ ਰਹਿੰਦੇ ਹਨ ਜੋ ਕਿ ਮਿਤੀ 31-05-2020 ਤੱਕ ਮੁਕੰਮਲ ਕਰ ਲਏ ਜਾਣਗੇ।

---

## ਹਲਕਾ ਮਹਿਲ ਕਲਾਂ ਲਈ ਫਾਇਰ ਬ੍ਰੀਗੇਡ ਦਾ ਪ੍ਰਬੰਧ

327. **ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਹਿਲ ਕਲਾਂ ਹਲਕੇ ਲਈ ਕੋਈ ਵੀ ਫਾਇਰ ਬ੍ਰਿਗੇਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਹਲਕਾ ਮਹਿਲ ਕਲਾਂ ਲਈ ਫਾਇਰ ਬ੍ਰਿਗੇਡ ਕਦੋਂ ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ?

**ਸ਼੍ਰੀ ਬ੍ਰਹਮ ਮਹਿੰਦਰਾ:** ਵਿਧਾਨ ਸਭਾ ਹਲਕਾ, ਮਹਿਲ ਕਲਾਂ ਵਿਖੇ ਕੋਈ ਵੀ ਨਗਰ ਕੌਂਸਲ/ਨਗਰ ਪੰਚਾਇਤ ਹੋਂਦ ਵਿੱਚ ਨਾ ਹੋਣ ਕਾਰਨ ਉੱਥੇ ਫਾਇਰ ਸਟੇਸਨ ਸਥਾਪਤ ਕਰਨ ਲਈ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## ਆਤਮ ਹੱਤਿਆ ਕਰਨ ਵਾਲੇ ਕਿਸਾਨਾਂ/ਮਜਦੂਰਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਣਾ

328. **ਸਰਕਾਰ ਕੁਲਵੰਤ ਸਿੰਘ ਪੰਡੋਰੀ**: ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਬਰਨਾਲਾ ਜ਼ਿਲ੍ਹੇ ਅਧੀਨ ਪੈਂਦੇ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦੇ ਮੁਖੀਆਂ ਵੱਲੋਂ ਆਤਮ ਹੱਤਿਆ ਕਰਨ ਤੋਂ ਬਾਅਦ ਉਹਨਾਂ ਦੇ ਵਾਰਸਾਂ ਨੂੰ ਅਪ੍ਰੈਲ, 2017 ਤੋਂ ਜਨਵਰੀ, 2020 ਤੱਕ ਕੋਈ ਮੁਆਵਜ਼ਾ ਦਿੱਤਾ ਗਿਆ ਹੈ;

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕਿੰਨੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਗਿਆ ਹੈ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** (ੳ) ਹਾਂ ਜੀ।

(ਅ) ਡਿਪਟੀ ਕਮਿਸ਼ਨਰ, ਬਰਨਾਲਾ ਨੂੰ ਜ਼ਿਲ੍ਹਾ ਬਰਨਾਲਾ ਅਧੀਨ ਪੈਂਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਕਰਜ਼ੇ ਕਾਰਨ ਆਤਮ ਹੱਤਿਆ ਕਰਨ ਕਰਕੇ 59 ਪਰਿਵਾਰਾਂ ਨੂੰ ਅਪ੍ਰੈਲ, 2017 ਤੋਂ ਜਨਵਰੀ, 2020 ਤੱਕ 1,49,00,000/- ਰੁਪਏ (ਇੱਕ ਕਰੋੜ ਉਨੰਜਾ ਲੱਖ ਰੁਪਏ) ਰਾਹਤ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।

Under Print
Not for Legal/Official use

.

---

**ਲੋਕ ਨਿਰਮਾਣ ਵਿਭਾਗ ਵਲੋਂ ਸੜਕਾਂ ਬਣਾਉਣ ਉਪਰੰਤ ਕਿਨਾਰਿਆਂ ਤੇ ਮਿੱਟੀ ਪਾਉਣਾ**

329. **ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਸੜਕਾਂ ਬਣਾਉਣ ਉਪਰੰਤ ਸੜਕਾਂ ਦੀਆਂ ਸਾਈਡਾਂ ਤੇ ਮਿੱਟੀ ਨਹੀਂ ਪਾਈ ਜਾਂਦੀ ਜਿਸ ਕਾਰਨ ਸੜਕਾਂ ਦੇ ਕਿਨਾਰੇ ਖੁਰ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਸੜਕਾਂ ਦੇ ਕਿਨਾਰਿਆਂ ਤੇ ਮਿੱਟੀ ਪਾਉਣ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਕੀ ਤਜਵੀਜ਼ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਲੋਕ ਨਿਰਮਾਣ ਵਿਭਾਗ ਵੱਲੋਂ ਸੜਕਾਂ ਦੀ ਨਵੀਂ ਉਸਾਰੀ ਵੇਲੇ ਮਨਜ਼ੂਰਸ਼ੁਦਾ ਅਨੁਮਾਨ/ਵਿਭਾਗ ਦੀਆਂ ਸਪੈਸੀਫਿਕੇਸ਼ਨਾਂ ਅਨੁਸਾਰ ਸੜਕਾਂ ਦੀਆਂ ਸਾਈਡਾਂ ਤੇ ਬਰਮਾਂ ਤੇ ਮਿੱਟੀ ਪਾ ਕੇ ਬਰਮ ਮੁਕੰਮਲ ਕੀਤੇ ਜਾਂਦੇ ਹਨ। ਇਸ ਉਪਰੰਤ ਜਦੋਂ ਵੀ ਸੜਕ ਦੀ ਮੁੜ ਰਿਪੇਅਰ ਕੀਤੀ ਜਾਂਦੀ ਹੈ ਉਸ ਸਮੇਂ ਮੌਕੇ ਦੀ ਜ਼ਰੂਰਤ ਅਨੁਸਾਰ ਲੋੜੀਂਦੀ ਮਿੱਟੀ ਪਾ ਕੇ ਬਰਮ ਮੁੜ ਮੁਕੰਮਲ ਕਰ ਦਿੱਤੇ ਜਾਂਦੇ ਹਨ।

---

**ਰਾਜ ਵਿੱਚ ਫੜੇ ਗਏ ਨਸ਼ੀਲੇ ਪਦਾਰਥਾਂ ਸਬੰਧੀ**

366. **ਡਾਕਟਰ ਸੁਖਵਿੰਦਰ ਕੁਮਾਰ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਰਾਜ ਵਿੱਚੋਂ ਸਾਲ 2018-19 ਵਿੱਚ ਕੁੱਲ ਕਿੰਨੇ ਨਸ਼ੀਲੇ ਪਦਾਰਥ ਫੜੇ ਗਏ ਹਨ, ਇਹ ਨਸ਼ੇ ਕਿਹੜੀ-ਕਿਹੜੀ ਕਿਸਮ ਦੇ ਸਨ ਅਤੇ ਇਨ੍ਹਾਂ ਦੀ ਕੁੱਲ ਕਿੰਨੀ quantity ਬਣਦੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਕੈਪਟਨ ਅਮਰਿੰਦਰ ਸਿੰਘ:** ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ ਵਿੱਚ ਦਿੱਤੀ ਗਈ ਹੈ।

---

**ਪਾਵਰਕਾਮ ਵਿੱਚ ਮ੍ਰਿਤਕਾਂ ਦੇ ਵਾਰਿਸਾਂ ਨੂੰ ਦਿੱਤੀਆਂ ਨੌਕਰੀਆਂ ਦੇ ਵੇਰਵੇ**

Under Print
Not for Legal/Official use

.

**336. ਸਰਦਾਰ ਪਿਰਮਲ ਸਿੰਘ ਧੌਲਾ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

(ੳ) ਪਾਵਰਕਾਮ (ਪੰਜਾਬ ਰਾਜ ਬਿਜਲੀ ਬੋਰਡ) ਅੰਦਰ 1 ਮਾਰਚ, 2004 ਤੋਂ 31 ਜਨਵਰੀ, 2020 ਤੱਕ ਕੁੱਲ ਕਿੰਨੇ ਮ੍ਰਿਤਕਾਂ ਦੇ ਵਾਰਿਸਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ;

(ਅ) ਨੌਕਰੀ ਤੋਂ ਵਾਂਝੇ ਰਹਿੰਦੇ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਕਦੋਂ ਤੱਕ ਨੌਕਰੀ ਦੇ ਦਿੱਤੀ ਜਾਵੇਗੀ?

**ਕੈਪਟਨ ਅਮਰਿੰਦਰ ਸਿੰਘ:** (ੳ) ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ 1 ਮਾਰਚ, 2004 ਤੋਂ 31 ਜਨਵਰੀ, 2020 ਤੱਕ 3816 ਮ੍ਰਿਤਕਾਂ ਦੇ ਨਿਰਭਰ ਵਾਰਿਸਾਂ ਨੂੰ ਤਰਸ ਦੇ ਆਧਾਰ ਤੇ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।

(ਅ) ਇਸ ਸਮੇਂ 84 ਕੇਸ ਪੈਂਡਿੰਗ ਹਨ ਅਤੇ ਇਨ੍ਹਾਂ ਦੇ ਲੋੜੀਂਦੇ ਦਸਤਾਵੇਜ਼ ਪ੍ਰਾਪਤ ਹੋ ਗਏ ਹਨ। ਇਨ੍ਹਾਂ ਬਿਨੈਕਾਰਾਂ ਨੂੰ ਨਿਯੁਕਤੀ ਪੱਤਰ ਛੇਤੀ ਹੀ ਜਾਰੀ ਕਰ ਦਿੱਤੇ ਜਾਣਗੇ।

---

**ਖਾਦੀ ਬੋਰਡ ਵੱਲੋਂ ਰੋਜ਼ਗਾਰ ਲਈ ਦਿੱਤੇ ਲੋਨ ਦਾ ਵੇਰਵਾ**

**337. ਸਰਦਾਰ ਪਿਰਮਲ ਸਿੰਘ ਧੌਲਾ:** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) 1 ਮਾਰਚ, 2015 ਤੋਂ 31 ਜਨਵਰੀ, 2020 ਤੱਕ ਖਾਦੀ ਬੋਰਡ ਵੱਲੋਂ ਰੋਜ਼ਗਾਰ ਲਈ ਕਿੰਨੇ ਵਿਅਕਤੀਆਂ ਨੂੰ ਲੋਨ ਪਾਸ ਕੀਤੇ ਗਏ ਸਨ;

(ਅ) ਪਾਸ ਕੀਤੇ ਗਏ ਲੋਨਜ਼ ਵਿੱਚੋਂ ਕਿੰਨੇ ਕੇਸਾਂ ਦੀ ਅਦਾਇਗੀ ਬਾਕੀ ਰਹਿੰਦੀ ਹੈ ਅਤੇ ਅਦਾਇਗੀ ਨਾ ਕਰਨ ਦੇ ਕਾਰਨ ਕੀ ਹਨ?

**ਸ਼੍ਰੀ ਸੁੰਦਰ ਸ਼ਾਮ ਅਰੋੜਾ:** (ੳ) ਮਾਰਚ, 2015 ਤੋਂ ਜਨਵਰੀ, 2020 ਤੱਕ ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਨੇ ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਨ ਯੋਜਨਾ (ਪੀ.ਐਮ.ਈ.ਜੀ.ਪੀ.) ਸਕੀਮ ਅਧੀਨ ਪੰਜਾਬ ਦੇ ਹਰ ਜ਼ਿਲ੍ਹੇ ਦੀ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਕਮੇਟੀ ਰਾਹੀਂ 1963 ਵਿਅਕਤੀਆਂ ਦੀਆਂ ਅਰਜ਼ੀਆਂ ਵੱਖ-ਵੱਖ ਬੈਂਕਾਂ ਪਾਸੋਂ ਮਨਜ਼ੂਰ ਕਰਵਾਈਆਂ ਗਈਆਂ।

(ਅ) ਇਸੇ ਸਮੇਂ ਦੌਰਾਨ, 1802 ਲੋਨ ਕੇਸ ਬੈਂਕਾਂ ਵੱਲੋਂ ਡਿਸਬਰਸ ਕੀਤੇ ਗਏ ਅਤੇ 161 ਲੋਨ ਕੇਸ ਡਿਸਬਰਸਮੈਂਟ ਲਈ ਪੈਂਡਿੰਗ ਹਨ। ਬੈਂਕਾਂ ਵੱਲੋਂ ਅਦਾਇਗੀ ਨਾ ਕਰਨ ਦੇ ਕੁਝ ਕਾਰਨ ਹੇਠ ਅਨੁਸਾਰ ਹਨ:

Under Print
Not for Legal/Official use

.

1. ਖਰਾਬ CIBIL ਰਿਪੋਰਟ (Credit Information Bureau of India Ltd.)
2. ਪ੍ਰੋਜੈਕਟ ਤਕਨੀਕੀ/ਆਰਥਿਕ ਤੱਥਾਂ ਤੇ ਨਾ-ਵਾਇਬਲ ਹੋਣ ਕਾਰਨ।
3. ਜ਼ਰੂਰੀ ਦਸਤਾਵੇਜ਼ ਪੇਸ਼ ਕਰਨ ਵਿੱਚ ਅਸਮਰੱਥਤਾ ਕਾਰਨ।
4. ਬਿਨੈਕਾਰ ਵੱਲੋਂ 10 ਲੱਖ ਤੋਂ ਵੱਧ ਦੇ ਪ੍ਰੋਜੈਕਟਾਂ ਵਿੱਚ ਬੈਂਕਾਂ ਨੂੰ ਲੋੜੀਂਦੀ ਸਕਿਓਰਿਟੀ ਨਾ ਦੇਣ ਕਾਰਨ
5. Change of Land Use ਸਰਟੀਫਿਕੇਟ ਨਾ ਦੇ ਸਕਣ ਕਾਰਨ।
6. 5 ਸਾਲ ਲੀਜ਼ ਐਗਰੀਮੈਂਟ ਨਾ ਦੇ ਸਕਣ ਕਾਰਨ।
7. ਮਸ਼ੀਨਰੀ/ਉਪਕਰਨਾਂ ਦੀ ਸਹੀ ਕੁਟੇਸ਼ਨ ਨਾ ਦੇ ਸਕਣ ਕਾਰਨ।
8. ਆਪਣੇ ਖੁਦ ਦੇ ਪ੍ਰੋਜੈਕਟ ਬਾਰੇ ਨਾ ਸਮਝਾ ਸਕਣ ਕਾਰਨ।

---

## ਜਗਰਾਉਂ, ਨਗਰ ਕੌਂਸਲ ਅਧੀਨ ਪੈਂਦੀਆਂ ਸੜਕਾਂ ਬਾਰੇ

**346. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਨਗਰ ਕੌਂਸਲ, ਜਗਰਾਉਂ ਲਈ ਸਾਲ 2017-18, 2018-19 ਅਤੇ 2019-20 ਦੌਰਾਨ ਕਿੰਨੀ ਰਾਸ਼ੀ ਦਿੱਤੀ ਗਈ ਹੈ ਅਤੇ ਇਸ ਰਾਸ਼ੀ ਨਾਲ ਉਕਤ ਸਾਲਾਂ ਵਿੱਚ ਕਿਹੜੀਆਂ-ਕਿਹੜੀਆਂ ਸੜਕਾਂ ਅਤੇ ਕਿਹੜੇ-ਕਿਹੜੇ ਵਾਰਡਾਂ ਦੀਆਂ ਗਲੀਆਂ ਪੱਕੀਆਂ ਕੀਤੀਆਂ ਗਈਆਂ;

(ਅ) ਨਗਰ ਕੌਂਸਲ ਅਧੀਨ ਪੈਂਦੀ ਸੜਕ ਝਾਂਸੀ ਰਾਣੀ ਚੌਂਕ ਤੋਂ ਮੇਨ ਰੋਡ ਸੜਕ ਚੌਂਕ ਤੱਕ ਅਤੇ ਸ਼ੇਰਪੁਰ ਚੌਂਕ ਫਾਟਕਾਂ ਤੱਕ ਸੜਕ ਕਦੋਂ ਬਣਾਈ ਗਈ ਤੇ ਇਸ ਤੋਂ ਕੁੱਲ ਲਾਗਤ ਕਿੰਨੀ ਸੀ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਨਗਰ ਕੌਂਸਲ, ਜਗਰਾਉਂ ਨੂੰ ਸਾਲ 2017-18, 2018-19 ਅਤੇ 2019-20 ਦੌਰਾਨ ਪ੍ਰਾਪਤ ਹੋਈ ਮੱਦ-ਵਾਈਜ਼ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਮੱਦ ਦਾ ਵੇਰਵਾ | ਸਾਲ 2017-18 ਦੌਰਾਨ ਪ੍ਰਾਪਤ ਰਾਸ਼ੀ | ਸਾਲ 2018-19 ਦੌਰਾਨ ਪ੍ਰਾਪਤ ਰਾਸ਼ੀ | ਸਾਲ 2019-20 ਦੌਰਾਨ ਪ੍ਰਾਪਤ ਰਾਸ਼ੀ |
|---|---|---|---|
| ਐਮ.ਪੀ.ਲੈਡ | 10.00 ਲੱਖ | 30.00 ਲੱਖ | - |
| ਸ਼ਹਿਰੀ ਵਾਤਾਵਰਣ ਸੰਭਾਲ ਪ੍ਰੋਗਰਾਮ | - | - | 49.53 ਲੱਖ |
| ਸਵੱਛ ਭਾਰਤ ਮਿਸ਼ਨ | 9.80 ਲੱਖ | 26.19 ਲੱਖ | 40.00 ਲੱਖ |

Under Print
Not for Legal/Official use

.

ਉਕਤ ਗਰਾਂਟ ਰਾਸ਼ੀ ਵਿੱਚੋਂ ਐਮ.ਪੀ.ਲੈਡ ਅਤੇ ਸ਼ਹਿਰੀ ਵਾਤਾਵਰਣ ਸੰਭਾਲ ਪ੍ਰੋਗਰਾਮ ਤਹਿਤ ਪ੍ਰਾਪਤ ਹੋਈ ਗਰਾਂਟ ਨਾਲ ਉਕਤ ਸਮੇਂ ਦੌਰਾਨ ਹੇਠ ਲਿਖੇ ਅਨੁਸਾਰ ਗਲੀਆਂ/ਸੜਕਾਂ ਦੇ ਕੰਮ ਕਰਵਾਏ ਗਏ ਹਨ:-

| **ਲੜੀ ਨੰ.** | **ਕੰਮ ਦਾ ਨਾਮ** | **ਰਕਮ** |
|---|---|---|
| 1 | ਪ੍ਰੋਵਾਈਡਿੰਗ ਐਂਡ ਫਿਕਸਿੰਗ 60 ਐਮ.ਐਮ.ਇੰਟਰਲਾਕ ਟਾਇਲਜ਼ ਕਰਤਾਰ ਸਿੰਘ ਟੂ ਹਾਊਸ ਆਫ ਮਾਸਟਰ ਸ਼ਿੰਗਾਰਾ ਸਿੰਘ ਅਥ ਫਿਲਿੰਗ ਕੰਸਟਰੱਕਸ਼ਨ ਰੋਡ ਗਲੀ ਚੈਂਬਰ ਇੰਨ ਵਾਰਡ ਨੰ. 18 ਗੀਤਾ ਕਲੋਨੀ | 9.64 |
| 2 | ਇੰਟਰਲਾਕ ਟਾਇਲਜ਼ ਇਨ ਸਟਰੀਟ ਆਫ ਸੋਨਾਲਿਕਾ ਗਲੀ ਹਾਊਸ ਆਫ ਡਿੰਪਲ ਮਿੱਤਲ ਟੂ ਅਵਿਨਾਸ਼ ਚੰਦਰ ਵਾਰਡ ਨੰ. 5 | 8.09 |
| 3 | ਪ੍ਰੋਵਾਈਡਿੰਗ ਐਂਡ ਫਿਕਸਿੰਗ 60 ਐਮ.ਐਮ.ਇੰਟਰਲਾਕ ਟਾਇਲਜ਼ ਇਨ ਕੈਪ: ਕਰਤਾਰ ਸਿੰਘ ਐਂਡ ਸਟਰੀਟ ਸ਼ਿੰਦਰ ਵਾਰਡ ਨੰ. 10 | 6.19 |
| 4 | ਪ੍ਰੋਵਾਈਡਿੰਗ ਐਂਡ ਫਿਕਸਿੰਗ ਇੰਟਰਲਾਕ ਟਾਇਲਜ਼ 60 ਐਮ.ਐਮ. ਪੁਰਾਣੀ ਗੈਸ ਵਾਲੀ ਗਲੀ ਆਨ ਕੱਚਾ ਮਲਕ ਰੋਡ, ਜਗਰਾਉਂ ਵਾਰਡ ਨੰ. 3 | 7.49 |
| 5 | ਪ੍ਰੋਵਾਈਡਿੰਗ ਐਂਡ ਲੇਇੰਗ ਇੰਟਰਲਾਕ ਟਾਇਲ ਬੈਕਸਾਈਡ ਬਸੰਤ ਮਾਰਕੀਟ ਜਨਤਾ ਆਟੋ ਇੰਜ: ਵਰਕਸ ਤੋਂ ਸ਼੍ਰੀ ਦਰਸ਼ਨ ਸਿੰਘ ਦੇ ਘਰ ਤੱਕ ਗਲੀ ਦੀ ਉਸਾਰੀ ਵਾਰਡ ਨੰ. 1 | 2.00 |
| 6 | ਪ੍ਰੋਵਾਈਡਿੰਗ ਐਂਡ ਲੇਇੰਗ ਇੰਟਰਲਾਕ ਟਾਇਲ ਸਾਹਮਣੇ ਕੰਨਟੀਨ ਟੂ ਫੋਟੋ ਸਟੈਟ ਸ਼ਾਪ ਇਨ ਕੋਰਟ ਕੰਪਲੈਕਸ ਵਾਰਡ ਨੰ. 1 | 5.00 |

(ਅ) ਨਗਰ ਕੌਂਸਲ ਦੀ ਹਦੂਦ ਅੰਦਰ ਪੈਂਦੀ ਸੜਕ ਝਾਂਸੀ ਚੌਂਕ ਤੋਂ ਮੇਨ ਰੋਡ ਸੜਕ ਚੌਂਕ ਤੱਕ ਦਾ ਕੰਮ ਮਹਿਕਮਾ ਪੀ.ਡਬਲਿਯੂ.ਡੀ. ਵੱਲੋਂ ਕਰਵਾਇਆ ਜਾਂਦਾ ਹੈ ਅਤੇ ਸ਼ੇਰਪੁਰਾ ਚੌਂਕ ਤੋਂ ਫਾਟਕਾਂ ਤੱਕ ਸੜਕ ਦਾ ਕੰਮ ਪੰਜਾਬ ਮੰਡੀ ਬੋਰਡ ਵੱਲੋਂ ਕਰਵਾਇਆ ਜਾਂਦਾ ਹੈ।

---

## ਨਗਰ ਕੌਂਸਲ, ਜਗਰਾਉਂ ਨੂੰ ਸੀਵਰੇਜ ਲਈ ਦਿੱਤੀ ਗ੍ਰਾਂਟ

**347. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਥਾਨਕ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

Under Print
Not for Legal/Official use

.
(ੳ) ਨਗਰ ਕੌਂਸਲ, ਜਗਰਾਉ ਨੂੰ ਸੀਵਰੇਜ ਲਈ ਸਾਲ 2017-18, 2018-19 ਅਤੇ 2019-20 ਲਈ ਕੁੱਲ ਕਿੰਨੀ ਗ੍ਰਾਂਟ ਜਾਰੀ ਕੀਤੀ ਗਈ ਅਤੇ ਉਕਤ ਗ੍ਰਾਂਟ ਨਾਲ ਕੁੱਲ ਕਿੰਨਾ ਸੀਵਰੇਜ/ਸੀਵਰ ਪਾਇਆ ਗਿਆ;

(ਅ) ਸ਼ਹਿਰ ਜਗਰਾਉਂ ਦੇ ਬਾਰਸ਼ ਦੇ ਪਾਣੀ ਦੀ ਨਿਕਾਸੀ ਲਈ 2017-18, 2018-19 ਅਤੇ 2019-2020 ਤੱਕ ਕੀ-ਕੀ ਪ੍ਰਬੰਧ ਕੀਤੇ ਗਏ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਨਗਰ ਕੌਂਸਲ, ਜਗਰਾਉਂ ਨੂੰ ਸੀਵਰੇਜ ਲਈ ਸਾਲ 2017-18, 2018-19 ਅਤੇ 2019-2020 ਲਈ 2.39 ਕਰੋੜ ਰੁਪਏ, 0.39 ਕਰੋੜ ਰੁਪਏ ਅਤੇ 4.52 ਕਰੋੜ ਰੁਪਏ ਦੀ ਤਰਤੀਬਵਾਰ ਗ੍ਰਾਂਟ ਜਾਰੀ ਕੀਤੀ ਗਈ ਹੈ। ਉਕਤ ਗ੍ਰਾਂਟ ਤਹਿਤ 22.16 ਕਿਲੋਮੀਟ ਸੀਵਰੇਜ/ਸੀਵਰ ਲਗਾਇਆ ਗਿਆ ਹੈ।

(ਅ) ਨਗਰ ਕੌਂਸਲ, ਜਗਰਾਉਂ ਵੱਲੋਂ ਸਾਲ 2017-18, 2018-19 ਅਤੇ 2019-2020 ਦੌਰਾਨ ਗਲੀਆਂ/ਸੜਕਾਂ ਦੇ ਕਰਵਾਏ ਜਾਂਦੇ ਕੰਮਾਂ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਲਈ ਰੋਡ ਗੁਲੀ ਚੈਂਬਰ ਦਾ ਵੀ ਨਿਰਮਾਣ ਕੀਤਾ ਜਾਂਦਾ ਹੈ। ਨਗਰ ਕੌਂਸਲ, ਜਗਰਾਉਂ ਵੱਲੋਂ ਬਰਸਾਤੀ ਪਾਣੀ ਦੀ ਨਿਕਾਸੀ ਲਈ ਸ਼ਹਿਰ ਅੰਦਰ ਵੱਖ-ਵੱਖ ਥਾਵਾਂ ਜਿਵੇਂ ਕਿ ਪੁਰਾਣੀ ਦਾਣਾ ਮੰਡੀ ਵਿਖੇ 4, ਦਫਤਰ ਨਗਰ ਕੌਂਸਲ ਦੇ ਗੇਟ ਅੱਗੇ 1 ਰੇਨ ਵਾਟਰ ਹਾਰਵੈਸਟਿੰਗ ਸਿਸਟਮ ਬਣਾਏ ਗਏ ਹਨ। ਨਗਰ ਕੌਂਸਲ ਵੱਲੋਂ ਗਊਸ਼ਾਲਾ ਰੋਡ ਨੇੜੇ ਡਿਸਪੋਜ਼ਲ ਵਿਖੇ ਮੱਡ ਪੰਪ ਲਗਾਇਆ ਹੋਇਆ ਹੈ। ਨਗਰ ਕੌਂਸਲ ਵੱਲੋਂ ਸਮੇਂ-ਸਮੇਂ ਤੇ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਸ਼ਹਿਰ ਦੇ ਬਰਸਾਤੀ ਨਾਲਿਆਂ ਅਤੇ ਨਾਲੀਆਂ ਦੀ ਵਿਸ਼ੇਸ਼ ਤੌਰ ਤੇ ਸਫਾਈ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਸੀਵਰੇਜ ਦੇ ਮੈਨਹੋਲ ਅਤੇ ਲਾਈਨਾਂ ਦੀ ਸਫਾਈ ਡੀ-ਸਿਲਟਿੰਗ ਮਸ਼ੀਨ ਨਾਲ ਨਿਰੰਤਰ ਕਰਵਾਈ ਜਾਂਦੀ ਹੈ । ਨਗਰ ਕੌਂਸਲ, ਜਗਰਾਉਂ ਪਾਸ ਬਰਸਾਤੀ/ਗੰਦਾ ਪਾਣੀ ਕੱਢਣ ਲਈ ਇੱਕ ਮੂਵਏਬਲ ਇੰਜਣ/ਮੱਡ ਪੰਪ, ਬਿਜਲੀ ਮੋਟਰ, ਸੱਕਿੰਗ ਟੈਂਕਰ ਤੋਂ ਇਲਾਵਾ ਦੋ ਵੱਡੇ ਸਥਿਰ ਇੰਜਣ ਮੱਡ ਪੰਪ ਲਗਾਏ ਗਏ ਹਨ। ਇਸ ਦੇ ਨਾਲ ਹੀ ਨਗਰ ਕੌਂਸਲ ਵੱਲੋਂ ਆਪਣੇ ਮਤਾ ਨੰਬਰ 329 (2) ਮਿਤੀ 30.12.2019 ਰਾਹੀਂ ਵੀ ਇੱਕ ਨਵਾਂ ਮੱਡ ਪੰਪ ਖਰੀਦ ਕਰਨਾ ਪ੍ਰਵਾਨ ਕੀਤਾ ਗਿਆ ਹੈ।

---

## ਹਲਕਾ ਜਗਰਾਉਂ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨਾ

**348. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

Under Print
Not for Legal/Official use

.
(ੳ) ਹਲਕਾ ਜਗਰਾਉਂ ਵਿੱਚ ਪਿਛਲੇ ਪੰਜ ਸਾਲਾਂ ਤੋਂ ਸਿੰਗਲ ਟੀਚਰ ਸਕੂਲ ਅਤੇ ਉਨ੍ਹਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ; ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਕਦੋਂ ਤੱਕ ਪੂਰੀ ਕੀਤੀ ਜਾਵੇਗੀ?

(ਅ) ਕੀ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਇਨ੍ਹਾਂ ਸਕੂਲਾਂ ਵਿੱਚ ਡੀ.ਪੀ./ਪੀ.ਟੀ. ਟੀਚਰਜ਼ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:**(ੳ) ਵਿਧਾਨ ਸਭਾ ਹਲਕਾ ਜਗਰਾਉਂ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਸਮੇਂ-ਸਮੇਂ ਤੇ ਰਹੇ ਸਿੰਗਲ ਟੀਚਰ ਸਕੂਲਾਂ ਅਤੇ ਵਿਦਿਆਰਥੀਆਂ ਦੀ ਸਾਲਵਾਈਜ਼ ਸੂਚਨਾ ਅਨੁਲੱਗ-'ੳ' ਤੇ ਉਪਲਬਧ ਹੈ। ਇਨ੍ਹਾਂ ਸਿੰਗਲ ਟੀਚਰ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਸਿੱਧੀ ਭਰਤੀ ਅਤੇ ਰੈਸ਼ਨੇਲਾਈਜ਼ੇਸ਼ਨ ਅਧੀਨ ਭਵਿੱਖ ਵਿੱਚ ਭਰਨ ਦੇ ਉਪਰਾਲੇ ਕੀਤੇ ਜਾਣਗੇ।

(ਅ) ਇਨ੍ਹਾਂ ਸਕੂਲਾਂ ਵਿੱਚ ਡੀ.ਪੀ.ਈ./ਪੀ.ਟੀ.ਆਈ. (ਨਿਯਮਾਂ ਅਨੁਸਾਰ ਹੁਣ ਫਿਜ਼ੀਕਲ ਐਜੂਕੇਸ਼ਨ ਮਾਸਟਰ/ਮਿਸਟ੍ਰੈਸ) ਨਿਯੁਕਤ ਨਹੀਂ ਹਨ, ਕਿਉਂਜੋ ਇਨ੍ਹਾਂ ਸਕੂਲਾਂ ਵਿੱਚ ਐਲੀਮੈਂਟਰੀ ਟੀਚਰ ਟ੍ਰੇਨਿੰਗ ਪ੍ਰਾਪਤ ਅਧਿਆਪਕ ਹੀ ਨਿਯੁਕਤ ਕੀਤੇ ਜਾਂਦੇ ਹਨ ਜੋ ਐਲੀਮੈਂਟਰੀ ਪੱਧਰ ਤੱਕ ਸਾਰੇ ਵਿਸ਼ਿਆਂ ਦੀਆਂ ਜਮਾਤਾਂ ਪੜ੍ਹਾਉਣ ਦੇ ਸਮਰੱਥ ਹੁੰਦੇ ਹਨ। ਇਨ੍ਹਾਂ ਸਕੂਲਾਂ ਵਿੱਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਨਾਲ ਲੱਗਦੇ ਮਿਡਲ/ਹਾਈ/ਸੀਨੀਅਰ ਸੈਕੰਡਰ ਸਕੂਲਾਂ ਵਿੱਚ ਕੰਮ ਕਰਦੇ ਡੀ.ਪੀ.ਈ./ਪੀ.ਟੀ.ਆਈ. (ਨਿਯਮਾਂ ਅਨੁਸਾਰ ਹੁਣ ਫਿਜ਼ੀਕਲ ਐਜੂਕੇਸ਼ਨ ਮਾਸਟਰ/ਮਿਸਟ੍ਰੈਸ) ਦੀ ਲੋੜ ਅਨੁਸਾਰ ਸਮੇਂ-ਸਮੇਂ ਤੇ ਮਦਦ ਲਈ ਜਾਂਦੀ ਹੈ।

**ਅਨੁਲੱਗ-ੳ**

| **ਸਾਲ** | **ਸਕੂਲ ਦਾ ਨਾਂ** | **ਕੁੱਲ ਟੀਚਰ** | **ਕੁੱਲ ਵਿਦਿਆਰਥੀ** |
|---|---|---|---|
| 2015-2016 | ਸਪ੍ਰਸ ਲੰਮੇ | 1 | 35 |
| | ਸਪ੍ਰਸ ਬਾਗੀਆਂ (ਈ.ਜੀ.ਐਸ.) | 1 | 65 |
| | ਸਪ੍ਰਸ ਭਦੇਰਕੇ | 1 | 76 |
| | ਸਪ੍ਰਸ ਤਰਫ ਕੋਟਲੀ | 1 | 36 |
| | ਸਪ੍ਰਸ ਮੰਡ ਤਿਹਾੜਾ | 1 | 24 |
| | ਸਮਿਸ ਸ਼ੇਰੇਵਾਲ | 1 | 60 |
| | **ਕੁੱਲ** | **6** | **291** |
| 2016-2017 | ਸਪ੍ਰਸ ਸ਼ੇਰੇਵਾਲ (ਈ.ਜੀ.ਐਸ.) | 1 | 21 |
| | ਸਪ੍ਰਸ ਬਾਗੀਆਂ (ਈ.ਜੀ.ਐਸ.) | 1 | 69 |
| | ਸਮਿਸ ਸ਼ੇਰੇਵਾਲ | 1 | 73 |
| | ਸਮਿਸ ਬਾਗੀਆਂ | 1 | 32 |
| | **ਕੁੱਲ** | **4** | **195** |
| | ਨਿਲ | ਨਿਲ | ਨਿਲ |

Under Print
Not for Legal/Official use

.

| | | | |
|---|---|---|---|
| 2017-2018 | **ਕੁੱਲ** | **ਨਿਲ** | **ਨਿਲ** |
| 2018-2019 | ਸਪ੍ਰਸ ਬਾਗੀਆਂ (ਈ.ਜੀ.ਐਸ.) | 1 | 78 |
| | **ਕੁੱਲ** | **1** | **78** |
| 2019-2020 | ਸਪ੍ਰਸ ਕਮਾਲਪੁਰਾ (ਲੜਕੇ) | 1 | 78 |
| | ਸਪ੍ਰਸ ਭਦੇਰਕੇ | 1 | 55 |
| | ਸਪ੍ਰਸ ਡਾਂਗਿਆਂ | 1 | 56 |
| | ਸਪ੍ਰਸ ਪੱਤੀ ਮੁਲਤਾਨੀ | 1 | 22 |
| | ਸਪ੍ਰਸ ਸ਼ੇਰੇਵਾਲ (ਈ.ਜੀ.ਐਸ.) | 1 | 63 |
| | ਸਪ੍ਰਸ ਮੰਡ ਤਿਹਾੜਾ | 1 | 32 |
| | ਸਪ੍ਰਸ ਤਰਫ ਕੋਟਲੀ | 1 | 41 |
| | ਸਪ੍ਰਸ ਸ਼ੇਰੇਵਾਲ | 1 | 74 |
| | ਸਪ੍ਰਸ ਬਾਗੀਆਂ (ਈ.ਜੀ.ਐਸ.) | 1 | 76 |
| | ਸਪ੍ਰਸ ਜਨੇਤਪੁਰਾ | 1 | 36 |
| | ਸਪ੍ਰਸ ਸ਼ੇਰਪੁਰਕਲਾਂ (ਈ.ਜੀ.ਐਸ.) | 1 | 30 |
| | ਸਪ੍ਰਸ ਮੀਰਪੁਰ | 1 | 35 |
| | ਸਪ੍ਰਸ ਲੰਮੇ | 1 | 22 |
| | ਸਪ੍ਰਸ ਸ਼ਫੀਪੁਰਾ | 1 | 34 |
| | ਸਮਿਸ ਬਾਗੀਆਂ | 1 | 39 |
| | **ਕੁੱਲ** | **15** | **695** |
| | **ਕੁੱਲ ਜੋੜ** | **26** | **1259** |

---

## ਸਰਕਾਰੀ/ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ

364. **ਡਾਕਟਰ ਸੁਖਵਿੰਦਰ ਕੁਮਾਰ:** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਰਾਜ ਦੇ ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਪ੍ਰੋਫੈਸਰਾਂ ਅਤੇ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਕਿੰਨੀਆਂ-ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਸ ਵੇਲੇ ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਪਈਆਂ ਹਨ; ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਮੈਡੀਕਲ ਕਾਲਜਾਂ ਵਿੱਚ ਕਿੰਨੀਆਂ-ਕਿੰਨੀਆਂ ਪੋਸਟਾਂ ਗਰੈਜੂਏਟ ਦੀਆਂ ਸੀਟਾਂ ਉਪਲਬਧ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਸੀਟਾਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਰਾਖਵੀਆਂ ਹਨ;

Under Print
Not for Legal/Official use

.
(ੲ) ਕੀ ਸਰਕਾਰ ਮੈਡੀਕਲ ਕਾਲਜਾਂ ਵਿੱਚ ਮੌਜੂਦਾ ਪੋਸਟ ਗਰੈਜੂਏਟ ਦੀਆਂ ਸੀਟਾਂ ਵਿੱਚ ਵਾਧਾ ਕਰਨ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** ਸ਼੍ਰੀਮਾਨ ਜੀ। (ੳ)ਰਾਜ ਵਿੱਚ ਸਰਕਾਰੀ/ਪ੍ਰਾਈਵੇਟ ਮੈਡੀਕਲਾਂ ਕਾਲਜਾਂ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਹੇਠ ਦਰਸਾਏ ਅਨੁਸਾਰ ਹੈ:-

**ਸਰਕਾਰੀ ਮੈਡੀਕਲ ਕਲਾਜ** (3): ਸਰਕਾਰ ਮੈਡੀਕਲ ਕਾਲਜਾਂ ਵਿੱਚ ਪ੍ਰੋਫੈਸਰਾਂ ਦੀਆਂ 190 ਅਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਇਨ੍ਹਾਂ ਵਿੱਚੋਂ 125 ਅਸਾਮੀਆਂ ਭਰੀਆਂ ਹਨ ਅਤੇ 65 ਅਸਾਮੀਆਂ ਖਾਲੀ ਹਨ। ਐਸੋਸੀਏਟ ਪ੍ਰੋਫੈਸਰਾਂ ਦੀਆਂ 229 ਅਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਇਨ੍ਹਾਂ ਵਿੱਚੋਂ 156 ਭਰੀਆਂ ਹੋਈਆਂ ਹਨ ਅਤੇ 73 ਅਸਾਮੀਆਂ ਖਾਲੀ ਹਨ। ਅਸਿਸਟੈਂਟ ਪ੍ਰੋਫੈਸਰਾਂ ਦੀਆਂ 384 ਅਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਇਨ੍ਹਾਂ ਵਿੱਚੋਂ 251 ਭਰੀਆਂ ਹੋਈਆਂ ਹਨ ਅਤੇ 133 ਅਸਾਮੀਆਂ ਖਾਲੀ ਹਨ। ਪੀ.ਸੀ.ਐਮ.ਐਸ. ਕੋਟਾ ਅਤੇ ਤਰੱਕੀ ਕੋਟਾ ਦੀਆਂ ਅਸਾਮੀਆਂ ਦੀ ਤਰੱਕੀ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ ਅਤੇ ਸਿੱਧੀ ਭਰਤੀ ਦੀਆਂ ਅਸਾਮੀਆਂ ਸਮੇਂ-ਸਮੇਂ ਵਿਗਿਆਪਨ ਰਾਹੀਂ ਅਰਜ਼ੀਆਂ ਮੰਗ ਕੇ ਉੱਚ ਪੱਧਰੀ ਕਮੇਟੀ ਵੱਲੋਂ ਇੰਟਰਵਿਊ ਰਾਹੀਂ ਭਰੀਆਂ ਜਾਂਦੀਆਂ ਹਨ।

**ਪ੍ਰਾਈਵੇਟ ਮੈਡੀਕਲ ਕਾਲਜ** (5): ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਪ੍ਰੋਫੈਸਰਾਂ ਦੀਆਂ 95 ਅਸਾਮੀਆਂ ਐਮ.ਸੀ.ਆਈ. ਮੁਤਾਬਿਕ ਘੱਟੋ-ਘੱਟ ਲੋੜੀਂਦੀਆਂ ਹਨ ਅਤੇ 387 ਭਰੀਆਂ ਹਨ। ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਐਸੋਸੀਏਟ ਪ੍ਰੋਫੈਸਰਾਂ ਦੀਆਂ 154 ਅਸਾਮੀਆਂ ਐਮ.ਸੀ.ਆਈ. ਮੁਤਾਬਿਕ ਘੱਟੋ-ਘੱਟ ਲੋੜੀਂਦੀਆਂ ਹਨ ਅਤੇ 210 ਭਰੀਆਂ ਹਨ। ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਅਸਿਸਟੈਂਟ ਪ੍ਰੋਫੈਸਰਾਂ ਦੀਆਂ 221 ਅਸਾਮੀਆਂ ਐਮ.ਸੀ.ਆਈ. ਮੁਤਾਬਿਕ ਘੱਟੋ-ਘੱਟ ਲੋੜੀਂਦੀਆਂ ਹਨ ਅਤੇ 327 ਭਰੀਆਂ ਹਨ।ਇਹ ਅਸਾਮੀਆਂ ਸਬੰਧਤ ਕਾਲਜਾਂ ਵੱਲੋਂ ਆਪਣੇ ਪੱਧਰ ਤੇ ਲੋੜ ਮੁਤਾਬਿਕ ਭਰੀਆਂ ਜਾਂਦੀਆਂ ਹਨ।

(ਅ) ਸਰਕਾਰੀ ਮੈਡੀਕਲ ਕਾਲਜਾਂ ਵਿੱਚ ਪੋਸਟ ਗਰੈਜੂਏਟ ਦੀਆਂ 380 ਸੀਟਾਂ ਉਪਲਬਧ ਹਨ ਅਤੇ ਇਨ੍ਹਾਂ ਵਿੱਚ 48 ਸੀਟਾਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਰਾਖਵੀਆਂ ਹਨ। ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਪੋਸਟ ਗਰੈਜੂਏਟ ਦੀਆਂ 271 ਸੀਟਾਂ ਉਪਲਬਧ ਹਨ ਅਤੇ ਇਨ੍ਹਾਂ ਵਿੱਚ 31 ਸੀਟਾਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਰਾਖਵੀਆਂ ਹਨ।

Under Print
Not for Legal/Official use

.
(ੲ) ਸਰਕਾਰੀ ਮੈਡੀਕਲ ਕਾਲਜਾਂ ਵਿੱਚ EWS (ਆਰਥਿਕ ਕਮਜੋਰ ਵਰਗ) ਸਕੀਮ ਅਧੀਨ ਸਾਲ 2020 ਦੇ ਪੋਸਟ ਗਰੈਜੂਏਟ ਦਾਖਲਿਆਂ ਦੌਰਾਨ ਪੀ.ਜੀ. ਸੀਟਾਂ ਵਿੱਚ ਵਾਧਾ ਕਰਨ ਲਈ ਭਾਰਤ ਸਰਕਾਰ ਨੂੰ ਅਪਲਾਈ ਕੀਤਾ ਗਿਆ ਹੈ।

---

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. 365**

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

---

**ਹਲਕਾ ਸਰਦੂਲਗੜ੍ਹ ਵਿੱਚ ਮਨਰੇਗਾ ਦੇ ਕੰਮਾਂ ਸਬੰਧੀ**

386. **ਸਰਦਾਰ ਦਿਲਰਾਜ ਸਿੰਘ ਭੂੰਦੜ:** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਹਲਕਾ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਵਿੱਚ ਮਨਰੇਗਾ ਸਕੀਮ ਅਧੀਨ ਹੋਏ ਵਿਕਾਸ ਦੇ ਕੰਮਾਂ ਲਈ:-

(ੳ) ਬਲਾਕ ਸਰਦੂਲਗੜ੍ਹ ਵਿੱਚ ਇੰਟਰਲੌਕਿੰਗ ਟਾਇਲ ਦੀ ਖਰੀਦ ਕਿਸ-ਕਿਸ ਫਰਮ ਤੋਂ ਕੀਤੀ ਗਈ ਹੈ ਅਤੇ ਇਨ੍ਹਾਂ ਫਰਮਾਂ ਤੋਂ ਕਿੰਨੀ ਪੇਮੈਂਟ ਕਰ ਦਿੱਤੀ ਗਈ ਹੈ ਅਤੇ ਕਿੰਨੀ ਪੇਮੈਂਟ ਅਜੇ ਪੈਂਡਿੰਗ ਰਹਿੰਦੀ ਹੈ;

(ਅ) ਕੀ ਇੰਟਰਲੌਕਿੰਗ ਟਾਇਲ ਦੀ ਖਰੀਦ ਲਈ ਵੱਖ-ਵੱਖ ਫਰਮਾਂ ਤੋਂ ਕੁਟੇਸ਼ਨਾ ਲਈਆਂ ਗਈਆਂ ਸਨ, ਜੇਕਰ ਕੁਟੇਸ਼ਨਾਂ ਲਈਆਂ ਗਈਆਂ ਸਨ ਤਾਂ ਉਨ੍ਹਾਂ ਫਰਮਾਂ ਦੇ ਨਾਂ ਅਤੇ ਉਨ੍ਹਾਂ ਵੱਲੋਂ quote ਕੀਤੇ ਗਏ ਰੇਟ ਕੀ-ਕੀ ਹਨ;

(ੲ) ਮਾਨਸਾ ਜ਼ਿਲ੍ਹੇ ਦੇ ਕਿਸ-ਕਿਸ ਬਲਾਕ ਵਿੱਚ ਪ੍ਰਤੀ ਇੰਟਰਲੌਕਿੰਗ ਟਾਈਲ ਦੇ ਹਿਸਾਬ ਨਾਲ ਵੱਧ ਜਾਂ ਘੱਟ ਰੇਟ ਤੇ ਪੇਮੈਂਟ ਹੋਈ ਹੈ ਅਤੇ ਫਰਕ ਦੇ ਕਾਰਨ ਕੀ ਹਨ;

(ਸ) ਸਰਦੂਲਗੜ੍ਹ ਹਲਕੇ ਵਿੱਚ ਇੰਟਰਲੌਕਿੰਗ ਟਾਈਲ ਦੀ ਵਰਤੋਂ ਲਈ ਲੋੜੀਂਦਾ ਮੈਟੀਰੀਅਲ ਗਟਕਾ, ਰੇਤਾ ਆਦਿ ਦੀ ਕਿਸ ਆਧਾਰ ਤੇ ਪੇਮੈਂਟ ਹੋਈ ਹੈ;

(ਹ) ਜ਼ਿਲ੍ਹਾ ਮਾਨਸਾ ਦੇ ਦੂਸਰੇ ਬਲਾਕਾਂ ਵਿੱਚ ਗਟਕਾ ਅਤੇ ਰੇਤਾ ਦੀ ਪੇਮੈਂਟ ਕਿਸ ਰੇਟ ਦੇ ਆਧਾਰ ਤੇ ਹੋਈ ਹੈ ਤੇ ਗਟਕਾ ਅਤੇ ਰੇਤ ਦੇ ਨਿਰਧਾਰਤ ਰੇਟ ਕੀ ਹਨ; ਅਤੇ

Under Print
Not for Legal/Official use

.

(ਕ) ਕੀ ਹਲਕਾ ਸਰਦੂਲਗੜ੍ਹ ਵਿੱਚ ਜੋ ਪੇਮੈਂਟ ਕੀਤੀ ਗਈ ਜਾਂ ਬਕਾਇਆ ਹੈ, ਉਸ ਦੇ ਰੇਟ ਸਹੀ ਸਨ; ਜੇਕਰ ਅਜਿਹਾ ਨਹੀਂ ਤਾ ਪ੍ਰਸ਼ਾਸਨ ਵੱਲੋਂ ਇੰਟਰਲੌਕਿੰਗ ਟਾਈਲ ਅਤੇ ਲੋੜੀਂਦਾ ਮੈਟੀਰੀਅਲ ਗਟਕਾ ਅਤੇ ਰੇਤਾ ਆਦਿ ਦੀ ਪੇਮੈਂਟ ਵੱਖ-ਵੱਖ ਬਲਾਕਾਂ ਵਿੱਚ ਵੱਖ-ਵੱਖ ਰੇਟਾਂ ਤੇ ਕਰਨ ਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** (ੳ) ਇਸ ਸਬੰਧੀ ਸੂਚਨਾ ਅਨੁਲੱਗ-ੳ ਤੇ ਹੈ ਜੀ।

(ਅ) ਇੰਟਰਲੌਕਿੰਗ ਟਾਈਲ ਦੀ ਖਰੀਦ ਲਈ ਵੱਖ-ਵੱਖ ਫਰਮਾਂ ਤੋਂ ਕੁਟੇਸ਼ਨਾਂ ਨਹੀਂ ਲਈਆਂ ਗਈਆਂ ਸਨ, ਕਿਉਂਕਿ ਜ਼ਿਲ੍ਹਾ ਮਾਨਸਾ ਵਿੱਚ ਇੰਟਰਲਾਕ ਟਾਈਲਾਂ ਦੀ ਖਰੀਦ ਲਈ ਡਿਪਟੀ ਕਮਿਸ਼ਨਰ, ਮਾਨਸਾ ਵੱਲੋਂ ਰੇਟ ਫਿਕਸ ਕੀਤੇ ਗਏ ਹਨ।

(ੲ) ਮਾਨਸਾ ਜ਼ਿਲ੍ਹੇ ਵਿੱਚ ਵੱਖ-ਵੱਖ ਬਲਾਕਾਂ ਵਿੱਚ ਟਾਈਲਾਂ ਦੀ ਕੀਤੀ ਪੇਮੈਂਟ ਦਾ ਵੇਰਵਾ ਅਨੁਲੱਗ-ਅ ਤੇ ਹੈ। ਰੇਟਾਂ ਵਿੱਚ ਫਰਕ ਦਾ ਮੁੱਖ ਕਾਰਨ ਕੈਰੇਜ ਕਾਸਟ ਅਤੇ ਪਿੰਡ ਦੀ ਦੂਰੀ ਹੈ।

(ਸ) ਸਰਦੂਲਗੜ੍ਹ ਹਲਕੇ ਵਿੱਚ ਇੰਟਰਲੌਕਿੰਗ ਟਾਈਲ ਦੀ ਵਰਤੋਂ ਲਈ ਲੋੜੀਂਦਾ ਮੈਟੀਰੀਅਲ ਗਟਕਾ, ਰੇਤਾ ਆਦਿ ਦੀ ਪੇਮੈਂਟ ਵੱਖ-ਵੱਖ ਫਰਮਾਂ ਤੋਂ ਕੁਟੇਸ਼ਨਾਂ ਲੈ ਕੇ ਜਾਂ ਡਿਪਟੀ ਕਮਿਸ਼ਨਰ, ਮਾਨਸਾ ਵੱਲੋਂ ਫਿਕਸ ਕੀਤੇ ਗਏ ਰੇਟਾਂ ਤੇ ਕੀਤੀ ਗਈ ਹੈ।

(ਹ) ਜ਼ਿਲ੍ਹਾ ਮਾਨਸਾ ਦੇ ਦੂਸਰੇ ਬਲਾਕਾਂ ਵਿੱਚ ਗਟਕੇ ਅਤੇ ਰੇਤੇ ਦੀ ਅਦਾਇਗੀ ਕੁਟੇਸ਼ਨਾਂ ਲੈ ਕੇ ਜਾਂ ਡਿਪਟੀ ਕਮਿਸ਼ਨਰ, ਮਾਨਸਾ ਵੱਲੋਂ ਨਿਰਧਾਰਤ ਕੀਤੇ ਗਏ ਰੇਟਾਂ ਤੇ ਕੀਤੀ ਗਈ ਹੈ। ਜਿਲ੍ਹਾ ਮਾਨਸਾ ਵਿੱਚ ਰੇਤੇ ਦੇ ਰੇਟ 30/-ਰੁਪਏ ਕਿਊਬਕ ਫੁੱਟ ਅਤੇ ਗਟਕਾ 35/-ਰੁਪਏ ਕਿਊਬਕ ਫੁੱਟ ਨਿਰਧਾਰਤ ਕੀਤੇ ਹੋਏ ਹਨ।

(ਕ) ਹਲਕਾ ਸਰਦੂਲਗੜ੍ਹ ਵਿੱਚ ਜੋ ਪੇਮੈਂਟ ਕੀਤੀ ਗਈ ਹੈ ਜਾਂ ਬਕਾਇਆ ਹੈ, ਉਹ ਡਿਪਟੀ ਕਮਿਸ਼ਨਰ, ਮਾਨਸਾ ਵੱਲੋਂ ਫਿਕਸ ਕੀਤੇ ਗਏ ਰੇਟਾਂ ਤੇ ਆਧਾਰਿਤ ਹਨ।

**ਅਨੁਲੱਗ-ੳ**

**ਬਲਾਕ ਸਰਦੂਲਗੜ੍ਹ**

| ਲੜੀ ਨੰ. | ਪਿੰਡ ਦਾ ਨਾਮ | ਇੰਟਰਲਾਕ ਟਾਈਲਾਂ ਦੀ ਖਰੀਦ ਕਰਨ ਸਬੰਧੀ ਵੇਰਵਾ | | | | |
|---|---|---|---|---|---|---|
| | | ਫਰਮ ਦਾ ਨਾਮ | ਕਿਸ ਰੇਟ ਤੇ ਖਰੀਦ ਕੀਤੀ | ਕਿੰਨੀ ਰਕਮ ਬਣਦੀ | ਕਿੰਨੀ ਅਦਾਇਗੀ ਕੀਤੀ ਗਈ | ਬਾਕੀ ਰਹਿੰਦੀ ਅਦਾਇਗੀ |

Under Print
Not for Legal/Official use

.

| | | | ਗਈ ਹੈ? | ਸੀ? | ਹੈ? | |
|---|---|---|---|---|---|---|
| 1 | ਸਾਧੂਵਾਲਾ | ਗਰਗ ਬਿਲਡਰਜ਼ | 12 | 354868 | 0 | 354868 |
| 2 | ਫੂਸ ਮੰਡੀ | ਗਰਗ ਬਿਲਡਰਜ਼ | 12 | 439988 | 0 | 439988 |
| 3 | ਝੰਡਾ ਕਲਾ | ਗਰਗ ਬਿਲਡਰਜ਼ | 12 | 473021 | 0 | 473021 |
| 4 | ਜਟਾਣਾ ਖੁਰਦ | ਗਰਗ ਬਿਲਡਰਜ਼ | 12 | 239775 | 0 | 239775 |
| 5 | ਭਲੱਣਵਾੜਾ | ਗਰਗ ਬਿਲਡਰਜ਼ | 12 | 368757 | 0 | 368757 |
| 6 | ਮੀਰਪੁਰ ਖੁਰਦ | ਗਰਗ ਬਿਲਡਰਜ਼ | 12 | 139071 | 0 | 139071 |
| 7 | ਮੀਰਪੁਰ ਖੁਰਦ | ਸ਼੍ਰੀ ਗਣੇਸ਼ ਇੰਡਸਟਰੀਜ਼ | 12 | 318013 | 0 | 318013 |
| 8 | ਫੱਡਾ ਮਾਲੋਕਾ | ਢਿੱਲੋਂ ਇੰਡਸਟਰੀਜ਼ | 12 | 317703 | 0 | 317703 |

**ਅਨੁਲੱਗ-ਅ**

**ਬਲਾਕ-ਵਾਰ ਟਾਈਲਾਂ ਦੀ ਖਰੀਦ ਦੇ ਰੇਟ ਹੇਠ ਲਿਖੇ ਅਨੁਸਾਰ ਹਨ:**

| **ਲੜੀ ਨੰ.** | **ਬਲਾਕ** | **ਰੇਟ** |
|---|---|---|
| 1 | ਸਰਦੂਲਗੜ੍ਹ | 12 ਰੁਪਏ ਪ੍ਰਤੀ ਟਾਈਲ |
| 2 | ਮਾਨਸਾ | 12 ਰੁਪਏ ਪ੍ਰਤੀ ਟਾਈਲ |
| 3 | ਝੁਨੀਰ | 12 ਰੁਪਏ ਪ੍ਰਤੀ ਟਾਈਲ |
| 4 | ਬੁਢਲਾਡਾ | 12.75 ਰੁਪਏ ਅਤੇ 12 ਰੁਪਏ ਪ੍ਰਤੀ |
| 5 | ਭੀਖੀ | 12.75 ਰੁਪਏ 10 ਰੁਪਏ ਅਤੇ 12 ਰੁਪਏ ਪ੍ਰਤੀ ਟਾਈਲ |

---

## ਪਿੰਡ ਦੇ ਛੱਪੜ ਦੇ ਠੇਕੇ ਸਬੰਧੀ

387. **ਸਰਦਾਰ ਦਿਲਰਾਜ ਸਿੰਘ ਭੂੰਦੜ:** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

(ੳ) ਪਿੰਡ ਜਟਾਣਾ ਖੁਰਦ, ਬਲਾਕ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਦੇ ਛੱਪੜ ਨੂੰ ਮੱਛੀਆਂ ਪਾਲਣ ਵਾਸਤੇ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਖੁੱਲ੍ਹੀ ਬੋਲੀ ਰਾਹੀਂ ਸਾਲ 2015 ਵਿੱਚ ਕਿਸ ਬੋਲੀਕਾਰ ਨੂੰ, ਕੁੱਲ ਕਿੰਨੀ ਰਕਮ ਵਿੱਚ ਅਤੇ ਕਿੰਨੇ ਸਮੇਂ ਲਈ ਠੇਕੇ ਤੇ ਦਿੱਤਾ ਸੀ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਛੱਪੜ ਦੇ ਪਹਿਲੇ ਠੇਕੇ ਨੂੰ ਗ੍ਰਾਮ ਪੰਚਾਇਤ ਵੱਲੋਂ ਰੱਦ ਕਰਕੇ ਦੁਬਾਰਾ ਖੁੱਲ੍ਹੀ ਬੋਲੀ ਰਾਹੀਂ ਸਾਲ 2017 ਵਿੱਚ ਕਿਸੇ ਦੂਜੇ ਬੋਲੀਕਾਰ ਨੂੰ

.

ਠੇਕਾ ਦਿੱਤਾ; ਜੇਕਰ ਅਜਿਹਾ ਹੋਵੇ ਤਾਂ ਕੁੱਲ ਕਿੰਨੀ ਰਕਮ ਵਿੱਚ ਅਤੇ ਕਿੰਨੇ ਸਮੇਂ ਲਈ ਠੇਕਾ ਦਿੱਤਾ ਗਿਆ;

(ੲ) ਕੀ ਉਪਰੋਕਤ ਵਰਣਿਤ ਛੱਪੜ ਨੂੰ ਮੱਛੀਆਂ ਪਾਲਣ ਵਾਸਤੇ ਸਾਲ 2015 ਦੇ ਮੁਕਾਬਲੇ ਸਾਲ 2017 ਵਿੱਚ ਘੱਟ ਰੇਟ ਤੇ ਠੇਕੇ ਤੇ ਦਿੱਤਾ ਗਿਆ; ਜੇਕਰ ਘੱਟ ਰੇਟ ਤੇ ਦਿੱਤਾ ਗਿਆ ਤਾਂ ਅਜਿਹਾ ਕਰਨ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:**ਸ਼੍ਰੀਮਾਨ ਜੀ। (ੳ) ਸਾਲ 2015 ਵਿੱਚ ਗ੍ਰਾਮ ਪੰਚਾਇਤ, ਜਟਾਣਾ ਖੁਰਦ ਵਿਖੇ ਛੱਪੜ ਨੂੰ ਮੱਛੀਆਂ ਪਾਲਣ ਵਾਸਤੇ ਖੁੱਲ੍ਹੀ ਬੋਲੀ ਰਾਹੀਂ ਸ੍ਰੀ ਪ੍ਰਵੇਜ਼ ਆਲਮ ਪੁੱਤਰ ਸ਼੍ਰੀ ਗੇਜਾ ਕਰੀਮ ਨੂੰ 9,10,000/- ਰੁਪਏ ਵਿੱਚ 4 ਸਾਲਾਂ ਲਈ 10% ਸਲਾਨਾ ਵਾਧੇ ਨਾਂਲ ਠੇਕੇ ਤੇ ਦਿੱਤਾ ਗਿਆ ਸੀ।

(ਅ) ਜੀ ਹਾਂ, ਇਹ ਠੀਕ ਹੈ ਕਿ ਸਾਲ 2017 ਦੌਰਾਨ ਪਹਿਲੇ ਠੇਕੇ ਨੂੰ ਰੱਦ ਕਰਕੇ ਦੁਬਾਰਾ ਇਹ ਛੱਪੜ 1,41,000/-ਰੁਪਏ ਵਿੱਚ 10% ਸਲਾਨਾ ਵਾਧੇ ਨਾਲ 7 ਸਾਲਾਂ ਲਈ ਠੇਕੇ ਤੇ ਦਿੱਤਾ ਗਿਆ ਹੈ।

(ੲ) ਜੀ ਹਾਂ, ਸਾਲ 2009 ਵਿੱਚ ਗਰਾਮ ਪੰਚਾਇਤ ਵੱਲੋਂ ਇਸ ਛੱਪੜ ਨੂੰ 4 ਸਾਲਾਂ ਲਈ 18,500/- ਰੁਪਏ ਵਿੱਚ ਬੋਲੀ ਤੇ ਦਿੱਤਾ ਗਿਆ ਸੀ। ਸਾਲ 2015 ਦੀ ਬੋਲੀ ਆਪਸੀ ਖਹਿਬਾਜ਼ੀ ਕਾਰਨ ਬਹੁਤ ਜ਼ਿਆਦਾ ਵੱਧ ਗਈ ਸੀ। ਸਾਲ 2015 ਦੇ ਠੇਕੇਦਾਰ ਵੱਲੋਂ ਦੂਜੇ ਸਾਲ ਦੀ ਬਣਦੀ ਠੇਕੇ ਦੀ ਰਕਮ ਗਰਾਮ ਪੰਚਾਇਤ ਵੱਲੋਂ ਨੋਟਿਸ ਜਾਰੀ ਕੀਤੇ ਜਾਣ ਦੇ ਬਾਵਜੂਦ ਵੀ ਜਮ੍ਹਾਂ ਨਹੀਂ ਕਰਵਾਈ ਗਈ ਸੀ। ਜਿਸ ਕਾਰਨ ਗ੍ਰਾਮ ਪੰਚਾਇਤ ਵੱਲੋਂ ਸਾਲ 2017 ਵਿੱਚ ਦੁਬਾਰਾ ਖੁੱਲ੍ਹੀ ਬੋਲੀ ਕੀਤੀ ਗਈ ਅਤੇ ਬੋਲੀ ਦੌਰਾਨ ਕਿਸੇ ਵੀ ਬੋਲੀਕਾਰ ਵੱਲੋਂ 1,41,000/-ਰੁਪਏ ਤੋਂ ਵੱਧ ਬੋਲੀ ਨਹੀਂ ਦਿੱਤੀ।

---

## ਜ਼ਿਲ੍ਹਾ ਰੂਪਨਗਰ ਵਿੱਚ ਟੂਰਿਜ਼ਮ ਨੂੰ ਵਧਾਉਣ ਲਈ ਉਪਰਾਲੇ ਕਰਨਾ

388. **ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਉਨ੍ਹਾਂ ਵੱਲੋਂ ਜ਼ਿਲ੍ਹਾ ਰੂਪਨਗਰ ਵਿੱਚ ਟੂਰਿਜ਼ਮ ਨੂੰ ਵਧਾਉਣ ਲਈ ਉਪਰਾਲੇ ਕੀਤੇ ਜਾਣ ਦਾ ਵਾਅਦਾ ਕੀਤਾ ਗਿਆ ਸੀ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਕੀ ਉਪਰਾਲੇ ਕੀਤੇ ਜਾ ਰਹੇ ਹਨ, ਵੇਰਵਾ ਦਿੱਤਾ ਜਾਵੇ?

Under Print
Not for Legal/Official use

.
**ਸਰਦਾਰ ਚਰਨਜੀਤ ਸਿੰਘ ਚੰਨੀ:** ਜੀ ਹਾਂ, ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਵੱਲੋਂ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਵੱਖ-ਵੱਖ ਸਕੀਮਾਂ ਅਧੀਨ ਜ਼ਿਲ੍ਹਾ ਰੂਪਨਗਰ ਦਾ ਵਿਕਾਸ ਕੀਤਾ ਜਾ ਰਿਹਾ ਹੈ। ਵਿਕਾਸ ਕਾਰਜਾਂ ਦਾ ਵੇਰਵਾ ਹੇਠ ਅਨੁਲੱਗ-ੳ ਤੇ ਹੈ ਜੀ।

**ਅਨੁਲੱਗ-ੳ**

1. **ਏਸ਼ੀਅਨ ਡਿਵੈਲਪਮੈਂਟ ਬੈਂਕ ਦੀ ਸਹਾਇਤਾ ਨਾਲ ਇਨਫਰਾਸਟਰੱਕਚਰ ਡਿਵੈਲਪਮੈਂਟ ਇਨਵੈਸਟਮੈਂਟ ਪ੍ਰੋਗਰਾਮ ਫਾਰ ਟੂਰਿਜ਼ਮ (ਆਈ.ਡੀ.ਆਈ.ਪੀ.ਟੀ.) ਪ੍ਰੋਜੈਕਟ (ਰਕਮ 74.10 ਕਰੋੜ)**

ਇਸ ਸਕੀਮ ਅਧੀਨ ਹੇਠ ਲਿਖੇ ਵਿਕਾਸ ਦੇ ਕੰਮ ਕਰਵਾਏ ਗਏ/ਜਾ ਰਹੇ ਹਨ:-

(i) ਥੀਮ ਪਾਰਕ ਸ੍ਰੀ ਚਮਕੌਰ ਸਾਹਿਬ ਵਿਖੇ ਕਰਵਾਏ ਜਾ ਰਹੇ ਵਿਕਾਸ ਕੰਮਾਂ ਦਾ ਵੇਰਵਾ ਹੇਠ ਅਨੁਸਾਰ ਹੈ:

(ੳ) ਮੁੱਖ ਬਿਲਡਿੰਗ ਦਾ ਸਿਵਲ ਕੰਮ, ਜਿਸ ਵਿੱਚ 7 ਬਲਾਕ, ਓਪਨ ਏਅਰ ਥੀਏਟਰ, ਟਾਇਲਟਸ, ਪਾਰਕਿੰਗ, ਲੈਡਸਕੇਪਿੰਗ ਆਦਿ ਦੇ ਕੰਮ ਲਗਭਗ ਰਕਮ 13.00 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਏ ਜਾ ਰਹੇ ਹਨ।

(ਅ) ਸ੍ਰੀ ਚਮਕੌਰ ਸਾਹਿਬ ਦਾ ਇਤਿਹਾਸ ਪ੍ਰਦਰਸ਼ਿਤ ਕਰਨ ਲਈ ਇਨਟੀਰੀਅਰ ਅਤੇ ਪ੍ਰਦਰਸ਼ਨੀ, ਮਲਟੀਮੀਡੀਆ ਟੈਕਨਾਲੋਜੀ ਆਦਿ ਦੇ ਕੰਮ ਲਗਭਗ ਰਕਮ 14.00 ਕਰੋੜ ਦੀ ਲਾਗਤ ਨਾਲ ਕਰਵਾਏ ਜਾ ਰਹੇ ਹਨ।

(ੲ) ਸ੍ਰੀ ਚਮਕੌਰ ਸਾਹਿਬ ਦਾ ਇਤਿਹਾਸ ਪ੍ਰਦਰਸ਼ਿਤ ਕਰਨ ਲਈ ਮਲਟੀਮੀਡੀਆ ਤੇ ਆਧਾਰਤ ਨਵੀਂ ਟੈਕਨਾਲੋਜੀ ਤਹਿਤ ਕੰਮ ਲਗਭਗ ਰਕਮ 34.00 ਕਰੋੜ ਦੀ ਲਾਗਤ ਨਾਲ ਕਰਵਾਏ ਜਾ ਰਹੇ ਹਨ।

(ii) ਰੋਪੜ ਵਿਖੇ ਮਹਾਰਾਜਾ ਰਣਜੀਤ ਸਿੰਘ ਪਾਰਕ ਵਿਖੇ ਇੱਕ ਓਪਨ ਏਅਰ ਥੀਏਟਰ, ਇਤਿਹਾਸ ਨੂੰ ਦਰਸਾਉਂਦੀ ਦੀਵਾਰ ਤੇ ਚਿੱਤਰ (ਦੀਵਾਰ ਦਾ ਕੰਮ), ਗੇਟ, ਰਸਤੇ, ਲੈਂਡਸਕੇਪਿੰਗ ਅਤੇ ਕੈਂਪਸ ਰੋਸ਼ਨੀ ਆਦਿ ਦਾ ਕੰਮ ਲਗਭਗ 1.80 ਕਰੋੜ ਦੀ ਲਾਗਤ ਨਾਲ ਕਰਵਾਇਆ ਗਿਆ ਹੈ।

(iii) ਰੋਪੜ ਵੈਟਲੈਂਡ, ਜਿਸ ਵਿੱਚ ਵਿਆਖਿਆ ਕੇਂਦਰ, ਬੋਰਡ ਵਾਕ, ਵਾਚ ਟਾਵਰ, ਪਾਰਕਿੰਗ, ਪਖਾਨੇ ਅਤੇ ਲੈਂਡਸਕੇਪਿੰਗ ਆਦਿ ਦਾ ਕੰਮ ਲਗਭਗ 11.00 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਇਆ ਗਿਆ ਹੈ।

Under Print
Not for Legal/Official use

.

(iv) ਰੋਪੜ ਵਿਖੇ ਯਾਤਰਾ ਸੂਚਨਾ ਕੇਂਦਰ ਦਾ ਕੰਮ ਲਗਭਗ 0.30 ਕਰੋੜ ਦੀ ਲਾਗਤ ਨਾਲ ਕਰਵਾਇਆ ਗਿਆ ਹੈ।

**2. ਭਾਰਤ ਸਰਕਾਰ ਸੈਰ ਸਪਾਟਾ ਮੰਤਰਾਲਿਆ ਦੀ ਸਵਦੇਸ਼ ਦਰਸ਼ਨ ਸਕੀਮ ਅਧੀਨ (ਰਕਮ 43.00 ਕਰੋੜ)**

ਇਸ ਸਕੀਮ ਅਧੀਨ ਭਾਰਤ ਸਰਕਾਰ, ਸੈਰ ਸਪਾਟਾ ਮੰਤਰਾਲਿਆ ਵੱਲੋਂ ਰਕਮ 99.95 ਕਰੋੜ ਦਾ ਪ੍ਰਾਜੈਕਟ ਪ੍ਰਵਾਨ ਕੀਤਾ ਗਿਆ ਹੈ, ਜਿਸ ਵਿੱਚ ਪੰਜਾਬ ਦੇ 8 ਸ਼ਹਿਰ ਜਿਵੇਂ ਕਿ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਫਤਿਹਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ, ਫਿਰੋਜ਼ਪੁਰ, ਅੰਮ੍ਰਿਤਸਰ, ਖਟਕੜਕਲਾਂ, ਕਲਾਨੌਰ ਅਤੇ ਪਟਿਆਲਾ ਵਿਖੇ 32 ਕੰਪੋਨੈਂਟ ਸ਼ਾਮਲ ਹਨ। ਜ਼ਿਲ੍ਹਾ ਰੋਪੜ ਅਧੀਨ ਪੈਂਦੇ 2 ਸ਼ਹਿਰ ਸ੍ਰੀ ਚਮਕੌਰ ਸਾਹਿਬ ਦਾ ਕੰਮ ਰਕਮ 14.00 ਕਰੋੜ ਨਾਲ ਅਤੇ ਸ੍ਰੀ ਅਨੰਦਪੁਰ ਸਾਹਿਬ ਦਾ ਕੰਮ ਰਕਮ 29.00 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਇਆ ਜਾਵੇਗਾ। ਕੰਮਾਂ ਦਾ ਵੇਰਵਾ ਹੇਠ ਅਨੁਸਾਰ ਹੈ:-

**(ੳ) ਸ੍ਰੀ ਚਮਕੌਰ ਸਾਹਿਬ**

| **ਲੜੀ ਨੰ.** | **ਕੰਮ ਦਾ ਵੇਰਵਾ** | **ਅਨੁਮਾਨਤ ਲਾਗਤ (ਰਕਮ ਕਰੋੜਾਂ ਵਿੱਚ)** |
|---|---|---|
| i. | ਮੋਰਿੰਡਾ ਬੇਲਾ ਚੌਂਕ ਅਤੇ ਸੰਧਵਾਂ ਸੜਕ ਦੀ ਸੁੰਦਰਤਾ (ਲੈਂਡਸਕੇਪਿੰਗ, ਸੜਕ ਦੀ ਪਟੜੀ) | 0.30 |
| ii. | ਕਾਰ ਅਤੇ ਬੱਸਾਂ ਲਈ ਪਾਰਕਿੰਗ ਅਤੇ ਜਨਰਲ ਸਾਈਟ ਦਾ ਵਿਕਾਸ | 5.00 |
| iii. | ਸ੍ਰੀ ਕਤਲਗੜ੍ਹ ਸਾਹਿਬ ਗੁਰਦੁਆਰੇ ਦੇ ਸਾਹਮਣੇ ਬਣੀ ਮਾਰਕਿਟ ਦੀ ਬਾਹਰੀ ਦਿੱਖ ਅਤੇ ਇਮਾਰਤਾਂ ਦਾ ਸੁਧਾਰ | 5.00 |
| iv. | ਸ੍ਰੀ ਗੜ੍ਹੀ ਸਾਹਿਬ ਗੁਰਦੁਆਰਾ ਵਿਖੇ ਪਾਰਕਿੰਗ ਦਾ ਸੁਧਾਰ (ਪਾਰਕਿੰਗ ਅਤੇ ਪਖਾਨੇ) | 1.20 |
| v. | ਨਹਿਰਾਂ ਦੇ ਕਿਨਾਰੇ ਬੈਂਚ ਅਤੇ ਘੁੰਮਣ ਫਿਰਨ ਲਈ ਵਿਕਾਸ | 2.50 |
| | **ਜੋੜ** | **14.00 ਕਰੋੜ** |

**(ੳ) ਸ੍ਰੀ ਅਨੰਦਪੁਰ ਸਾਹਿਬ**

| **ਲੜੀ ਨੰ.** | **ਕੰਮ ਦਾ ਵੇਰਵਾ** | **ਅਨੁਮਾਨਤ ਲਾਗਤ (ਰਕਮ ਕਰੋੜਾਂ ਵਿੱਚ)** |
|---|---|---|
| i. | ਅਨੰਦਪੁਰ-ਤਖਤ ਸ੍ਰੀ ਕੇਸਗੜ੍ਹ ਸਾਹਿਬ ਸੜਕ ਦਾ ਸੁੰਦਰੀਕਰਨ (ਜਨਰਲ ਸਾਈਟ ਜਿਸ ਵਿੱਚ ਰੋਸ਼ਨੀ, | 4.50 |

Under Print
Not for Legal/Official use

.

| | | |
|---|---|---|
| | ਸਟਰੀਟ ਲਾਈਟਿੰਗ, ਪੈਵਰਸ, ਬੈਂਚ ਅਤੇ ਲੈਂਡਸਕੇਪਿੰਗ ਆਦਿ ਸ਼ਾਮਲ ਹਨ) | |
| ii. | ਐਸ.ਡੀ.ਐਮ. ਦਫਤਰ ਅਤੇ ਸਿਵਲ ਹਸਪਤਾਲ ਦੇ ਨੇੜੇ ਨੈਣਾ ਦੇਵੀ ਜੀ ਦੇ ਰਸਤੇ ਦਾ ਨਿਰਮਾਣ | 4.00 |
| iii. | ਸ੍ਰੀ ਅਨੰਦਪੁਰ ਸਾਹਿਬ ਗੁਰਦੁਆਰੇ ਦੇ ਨੇੜੇ ਰਸਤਿਆਂ ਦਾ ਵਿਕਾਸ (ਜਨਰਲ ਸਾਈਟ ਜਿਸ ਵਿੱਚ ਰੋਸ਼ਨੀ, ਸਟਰੀਟ ਲਾਈਟਿੰਗ, ਪੈਵਰਸ, ਬੈਂਚ ਅਤੇ ਲੈਂਡਸਕੇਪਿੰਗ ਆਦਿ ਸ਼ਾਮਲ ਹਨ) | 3.50 |
| iv. | ਚੀਮਾ ਪਾਰਕ ਦਾ ਸੁੰਦਰੀਕਰਨ (ਰੋਸ਼ਨੀ, ਬੈਂਚ, ਪੈਵਰਸ ਆਦਿ) | 1.50 |
| v. | ਯਾਤਰਾ ਸੁਵਿਧਾ ਕੇਂਦਰ ਵਿੱਚ ਕੈਫੀਟੇਰੀਆ ਅਤੇ ਪਾਰਕਿੰਗ ਦੀ ਉਸਾਰੀ | 6.00 |
| vi. | ਗੁਰਦੁਆਰਾ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਭੋਰਾ ਸਾਹਿਬ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਨੂੰ ਮਿਲਦੀਆਂ ਸੜਕਾਂ ਦਾ ਸੁੰਦਰੀਕਰਨ (ਫੁਟਪਾਥ, ਬੈਂਚ, ਪੱਥਰ ਕਲੇਡਿੰਗ, ਰੋਸ਼ਨੀ, ਸੰਕੇਤ ਆਦਿ) | 6.00 |
| vii. | ਵਿਰਾਸਤ–ਏ–ਖਾਲਸਾ ਦੇ ਨਾਲ ਲੱਗਦੀ ਪਾਰਕਿੰਗ ਦੀ ਉਸਾਰੀ | 3.50 |
| | **ਜੋੜ** | **29.00 ਜੋੜ** |

ਇਹ ਕੰਮ ਅਲਾਟ ਕਰ ਦਿੱਤੇ ਗਏ ਹਨ ਪਰੰਤੂ ਭਾਰਤ ਸਰਕਾਰ, ਸੈਰ ਸਪਾਟਾ ਮੰਤਰਾਲਿਆ ਵੱਲੋਂ ਫੰਡ ਪ੍ਰਾਪਤ ਨਾ ਹੋਣ ਕਾਰਨ, ਫਿਲਹਾਲ ਇਹ ਕੰਮ ਰੁਕੇ ਹੋਏ ਹਨ।

3. **ਭਾਰਤ ਸਰਕਾਰ ਸੈਰ ਸਪਾਟਾ ਮੰਤਰਾਲਿਆ ਟੂਰਿਜ਼ਮ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੇਂਦਰ ਏਜੰਸੀਆਂ ਨੂੰ ਸਹਾਇਤਾ ਯੋਜਨਾ (ਰਕਮ 44.00 ਕਰੋੜ)**

ਭਾਰਤ ਸਰਕਾਰ, ਸੈਰ ਸਪਾਟਾ ਮੰਤਰਾਲਿਆ ਵੱਲੋਂ ਟੂਰਿਜ਼ਮ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੇਂਦਰ ਏਜੰਸੀਆਂ ਨੂੰ ਸਹਾਇਤਾ ਯੋਜਨਾ ਤਹਿਤ ਪਿੰਕਾਸੀਆ ਟੂਰਿਸਟ ਕੰਪਲੈਕਸ, ਰੋਪੜ ਵਿਖੇ ਮੌਜੂਦ ਜ਼ਮੀਨ ਤੇ ਕਨਵੈਂਸ਼ਨ ਸੈਂਟਰ ਅਤੇ ਉਸ ਨਾਲ ਜੁੜੇ ਬੁਨਿਆਦੀ ਢਾਂਚੇ ਦਾ ਵਿਕਾਸ ਕਰਨ ਦੀ ਤਜਵੀਜ਼ ਭੇਜੀ ਗਈ ਹੈ। ਇਸ ਸਬੰਧੀ ਦੋ ਕੇਂਦਰੀ ਲੋਕ ਖੇਤਰੀ ਅੰਡਰਟੇਕਿੰਗ ਤੋਂ ਐਕਸਪਰੈਸ਼ਨ ਆਫ ਇੰਟ੍ਰਸਟ (ਈ.ਓ.ਆਈ.) ਪ੍ਰਾਪਤ ਹੋ ਚੁੱਕੀਆਂ ਹਨ, ਜੋ ਵਿਚਾਰ ਅਧੀਨ ਹਨ।

4. **ਭਾਰਤ ਸਰਕਾਰ, ਸੈਰ ਸਪਾਟਾ ਮੰਤਰਾਲਿਆ ਦੀ ਪਰਸ਼ਾਦ ਸਕੀਮ**

ਭਾਰਤ ਸਰਕਾਰ, ਸੈਰ ਸਪਾਟਾ ਮੰਤਰਾਲਿਆ ਨੂੰ ਇਸ ਸਕੀਮ ਅਧੀਨ ਸ੍ਰੀ ਕੀਰਤਪੁਰ ਸਾਹਿਬ ਅਤੇ ਮੋਰਿੰਡਾ ਸ਼ਹਿਰਾਂ ਨੂੰ ਸ਼ਾਮਲ ਕਰਨ ਲਈ ਬੇਨਤੀ ਕੀਤੀ ਗਈ ਹੈ। ਭਾਰਤ ਸਰਕਾਰ ਦੇ ਜਵਾਬ ਦੀ ਉਡੀਕ ਹੈ।

Under Print
Not for Legal/Official use

.

## ਜ਼ਿਲ੍ਹਾ ਰੂਪਨਗਰ ਦੇ ਪੁਰਖਾਲੀ, ਬਰਦਾਰ ਤੋਂ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਨੂੰ ਜੋੜਣ ਵਾਲੀ ਸੜਕ ਦਾ ਨਿਰਮਾਣ ਕਰਨਾ

389. **ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਰੂਪਨਗਰ ਦੇ ਪੁਰਖਾਲੀ, ਬਰਦਾਰ ਤੋਂ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਨੂੰ ਜੋੜਣ ਵਾਲੀ ਸੜਕ ਦਾ ਨਿਰਮਾਣ ਹੋਣ ਵਾਲਾ ਹੈ; ਜੇਕਰ ਅਜਿਹਾ ਹੈ ਤਾਂ ਇਸ ਸੜਕ ਨੂੰ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਜ਼ਿਲ੍ਹਾ ਰੂਪਨਗਰ ਦੇ ਪਿੰਡ ਪੁਰਖਾਲੀ, ਬਰਦਾਰ ਤੋਂ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਬੱਦੀ ਸੜਕ ਨੂੰ ਜੋੜਨ ਵਾਲੀ ਸੜਕ ਦੀ ਲੰਬਾਈ 2.65 ਕਿ:ਮੀ: ਹੈ, ਜੋ ਕਿ ਕੱਚਾ ਰਸਤਾ ਹੈ। ਇਸ ਕੱਚੇ ਰਸਤੇ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਅਜੇ ਤੱਕ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## MATTERS RAISED DURING ZERO HOUR

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਪੰਜਾਬ ਪੁਲਿਸ ਦੇ ਮੁਖੀ ਦਾ ਜਿਹੜਾ ਬਿਆਨ ਆਇਆ ਹੈ ਉਹ ਬਹੁਤ ਹੀ ਨਿੰਦਣਯੋਗ ਹੈ ਅਤੇ ਬਹੁਤ ਹੀ ਮਾੜਾ ਬਿਆਨ ਹੈ। ਪੰਜਾਬ ਲੰਬਾ ਸਮਾਂ ਅੱਤਵਾਦ ਪੀੜਤ ਸਟੇਟ ਰਿਹਾ ਹੈ, ਇਥੇ ਇਸ ਤਰ੍ਹਾਂ ਦੇ ਬਿਆਨ ਦੇਣੇ ਕਿ ਜਿਹੜੇ ਸ੍ਰੀ ਕਰਤਾਰਪੁਰ ਸਾਹਿਬ ਜਾ ਕੇ ਆਏ ਹਨ ਉਹ ਸਾਰੇ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹਨ ਕੀ 6 ਘੰਟਿਆਂ ਵਿੱਚ ਬੰਦਾ ਅੱਤਵਾਦੀ ਬਣ ਜਾਂਦਾ ਹੈ? ਮੈਨੂੰ ਸਾਰੇ ਮੈਂਬਰ ਸਾਹਿਬਾਨ ਦੱਸੋ ਕਿ ਉਨ੍ਹਾਂ ਕੋਲ ਕਿਹੜਾ ਪੈਰਾ-ਮੀਟਰ ਹੈ ਕਿ 6 ਘੰਟਿਆਂ ਵਿੱਚ ਬੰਦਾ ਅੱਤਵਾਦੀ ਬਣ ਜਾਂਦਾ ਹੈ? ਇਸ ਸਦਨ ਦੇ ਜਿੰਨੇ ਮੈਂਬਰ ਹਨ, ਉਥੇ ਸਾਰੇ ਜਾ ਕੇ ਆਏ ਹਨ, ਕੀ ਸਾਰੇ ਅੱਤਵਾਦੀ ਬਣ ਗਏ? ਕੀ ਸਾਰੇ ਮਨਿਸਟਰ ਅੱਤਵਾਦੀ ਬਣ ਗਏ? ਕੀ ਸਾਰੇ ਜਿਹੜੇ ਆਈ.ਏ.ਐਸ. ਅਫਸਰ, ਆਈ.ਪੀ.ਐਸ. ਅਫਸਰ ਅੱਤਵਾਦੀ ਬਣ ਗਏ? ਉਨ੍ਹਾਂ ਦਾ ਜਿਹੜਾ ਬਿਆਨ ਹੈ ਉਹ ਬਹੁਤ ਮੰਦਭਾਗਾ ਹੈ, ਮੈਂ ਸਮਝਦਾ ਹਾਂ ਕਿ ਸਭ ਤੋਂ ਪਹਿਲਾਂ ਪੰਜਾਬ ਸਰਕਾਰ ਉਨ੍ਹਾਂ ਨੂੰ ਬਰਖਾਸਤ ਕਰੇ। ਲੰਮਾ ਸਮਾਂ ਪੰਜਾਬ ਅੱਤਵਾਦ ਪੀੜਤ ਸਟੇਟ ਰਿਹਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇੱਕ ਬੜੀ ਸੋਚੀ ਸਮਝੀ ਸਾਜ਼ਿਸ਼ ਦੇ ਅਧੀਨ ਹਰਿਆਣਾ ਸਟੇਟ ਵਿਚ ਜਾ ਕੇ ਇਹ ਬਿਆਨ ਦਿੱਤਾ ਹੈ ਤਾਂ ਕਿ ਪੰਜਾਬ ਦੀ ਜਿਹੜੀ ਸ਼ਾਂਤੀ ਹੈ ਉਸ ਨੂੰ ਕਿਵੇਂ ਤੋੜਿਆ ਜਾਵੇ।ਸਪੀਕਰ ਸਾਹਿਬ, ਇਹ ਬਹੁਤ ਹੀ ਅਹਿਮ ਮਸਲਾ ਹੈ.....

**ਮਾਨਯੋਗ ਸਪੀਕਰ:** ਚੀਮਾ ਸਾਹਿਬ, ਚੀਮਾ ਸਾਹਿਬ, ਤੁਸੀਂ ਮੈਨੂੰ ਇੱਕ ਮਿੰਟ ਦਿਉ।

Under Print
Not for Legal/Official use

.

**ਸਰਦਾਰ ਹਰਪਾਲ ਸਿੰਘ ਚੀਮਾ:** ਸਭ ਤੋਂ ਪਹਿਲਾਂ ਉਨ੍ਹਾਂ ਦੀ ਬਰਖਾਸਤਗੀ ਹੋਣੀ ਚਾਹੀਦੀ ਹੈ, ਇਸ ਦੇ ਨਾਲ ਮੰਤਰੀ, ਸ਼੍ਰੀ ਭਾਰਤ ਭੂਸ਼ਣ ਆਸ਼ੂ ਜਿਹੜਾ ਹੈ..(ਵਿਘਨ)

**ਮਾਨਯੋਗ ਸਪੀਕਰ:** ਚੀਮਾ ਸਾਹਿਬ, ਇੱਕ ਮਿੰਟ, ਇੱਕ ਮਿੰਟ। ਤੁਸੀਂ ਸੁਣੋ ਤਾਂ ਸਹੀ । (ਵਿਘਨ) ਇੱਕ ਮਿੰਟ, ਚੀਮਾ ਸਾਹਿਬ ਤੁਸੀਂ ਸੁਣੋ ਤਾਂ ਸਹੀ। ਮੈਂ ਬਰਖਾਸਤ ਤਾਂ ਕਰ ਨਹੀਂ ਸਕਦਾ, ਬਰਖਾਸਤ ਮੈਂ ਤਾਂ ਨਹੀਂ ਕਰ ਸਕਦਾ, ਬਰਖਾਸਤ ਮੈਂ ਤਾਂ ਨਹੀਂ ਕਰ ਸਕਦਾ, ਤੁਸੀਂ ਮੇਰੀ ਗੱਲ ਤਾਂ ਸੁਣੋ। (ਵਿਘਨ) ਤੁਸੀਂ ਗੱਲ ਤਾਂ ਸੁਣੋ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਬਾਕੀ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ:** ਚੀਮਾ ਸਾਹਿਬ, ਤੁਸੀਂ ਮੇਰੀ ਗੱਲ ਤਾਂ ਸੁਣੋ। ਬੈਠੋ, ਬੈਠੋ, ਪਲੀਜ਼, ਤੁਸੀਂ ਬੈਠੋ ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਪੰਜਾਬ ਦੇ ਵਿੱਚ ਕਾਂਗਰਸ ਪਾਰਟੀ ਕਹਿੰਦੀ ਹੈ ਕਿ ਅੱਤਵਾਦ ਅਸੀਂ ਖਤਮ ਕੀਤਾ ਹੈ। ਅੱਜ ਪਤਾ ਲੱਗਿਆ ਹੈ ਕਿ ਅੱਤਵਾਦੀ ਇਨ੍ਹਾਂ ਕੋਲ ਹੀ ਹਨ ** **

**ਮਾਨਯੋਗ ਸਪੀਕਰ :** ** ਦਾ ਨਾਂ ਕੱਟ ਦਿਉ। ** ਨਾਂ ਐਕਸਪੰਜ ਕਰ ਦਿਉ। ਢਿੱਲੋਂ ਸਾਹਿਬ, ਤੁਸੀਂ ਕੁਝ ਕਹਿਣਾ ਹੈ ਤਾਂ ਦੱਸੋ? ** ਨਾਅਰੇ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਹਰਪਾਲ ਸਿੰਘ ਚੀਮਾ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਜਿਹੜਾ ਸ਼੍ਰੀ ਕਰਤਾਰਪੁਰ ਸਾਹਿਬ ਦਾ ਮੁੱਦਾ ਹੈ, ਇਹ ਕੋਈ ਛੋਟਾ ਮੁੱਦਾ ਨਹੀਂ ਹੈ, ਇਹ ਕੋਈ ਪੰਜਾਬ ਲੈਵਲ ਦਾ ਮੁੱਦਾ ਨਹੀਂ ਹੈ, ਇਹ ਵਰਲਡ ਲੈਵਲ ਦਾ ਮੁੱਦਾ ਹੈ, ਅੱਜ ਸਾਰਾ ਵਰਲਡ ਦੇਖ ਰਿਹਾ ਹੈ, ਸਿੱਖ ਭਾਈਚਾਰਾ ਵੇਖ ਰਿਹਾ ਹੈ ਕਿ ਕਿਸ ਕਿਸਮ ਦਾ ਬਿਆਨ ਆਇਆ, ਇਹ ਡੀ.ਜੀ.ਪੀ. ਸਾਹਿਬ ਨੇ ਜਿਹੜਾ ਬਿਆਨ ਦਿੱਤਾ (ਵਿਘਨ )(ਸ਼ੋਰ)

---

** Not recorded as ordered by the Chair.
** Not recorded/Expunged as ordered by the Chair.

Under Print
Not for Legal/Official use

.
(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਬਾਕੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਇਹ ਉਸ ਨੇ ਆਪ ਬਿਆਨ ਨਹੀਂ ਦਿੱਤਾ, ਇਹ ਪੁੱਛੋ ਕਿ ਉਸ ਤੋਂ ਕਿਸ ਨੇ ਇਹ ਬਿਆਨ ਦਿਵਾਇਆ? ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੇ ਆਪ ਬਿਆਨ ਨਹੀਂ ਦਿੱਤਾ, ਇਹ ਬਿਆਨ ਦਿਵਾਇਆ ਗਿਆ ਹੈ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਅੱਜ ਤੋਂ 47 ਸਾਲ ਪਹਿਲਾਂ ਹੀ ਸਾਨੂੰ ਮਿਲ ਜਾਣਾ ਸੀ, ਉਸ ਸਮੇਂ ** ਨੇ ਕਰਤਾਰਪੁਰ ਨਹੀਂ ਆਉਣ ਦਿੱਤਾ..

**ਮਾਨਯੋਗ ਸਪੀਕਰ: **** ਸ਼ਬਦ ਐਕਸਪੰਜ ਕਰ ਦਿਉ।

**ਸਰਦਾਰ ਸ੍ਰਰਨਜੀਤ ਸਿੰਘ ਢਿੱਲੋਂ:** ਉਹ ਸ੍ਰੀ ਕਰਤਾਰਪੁਰ ਸਾਹਿਬ, ਜਿਹੜਾ ਸਾਨੂੰ ਬੜੀ ਮੁਸ਼ਕਲ ਦੇ ਨਾਲ ਮਿਲਿਆ ਸੀ, ਬੜੀ ਮੁਸ਼ਕਲ ਦੇ ਨਾਲ ਸਾਨੂੰ ਮਿਲਿਆ ਸੀ, ਅੱਜ ਸਾਡੇ ਕੋਲੋਂ ਖੋਹਣਾ ਚਾਹੁੰਦੇ ਹੋ। ਅਸੀਂ ਕਿਸੇ ਹਾਲਤ ਵਿੱਚ ਬਰਦਾਸ਼ਤ ਨਹੀਂ ਕਰਾਂਗੇ। ਸੀ.ਐਮ.ਸਾਹਿਬ ਇੱਥੇ ਆ ਕੇ ਬਿਆਨ ਦੇਣ। ਅਸੀਂ ਇਸ ਦੀ ਨਿੰਦਿਆ ਕਰਦੇ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਰਿਪੋਰਟਰਜ਼ ਦੀ ਟੇਬਲ ਨਜ਼ਦੀਕ ਆ ਗਏ ਅਤੇ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ  ਉੱਚੀ ਉੱਚੀ ਬੋਲਣ ਲੱਗ ਪਏ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਰਿਪੋਰਟਰਜ਼ ਟੇਬਲ ਕੋਲ ਬੈਨਰ ਲੈ ਕੇ ਖੜ੍ਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ ਅਤੇ ਟਰੇਜ਼ਰੀ ਬੈਂਚਿਜ਼ ਤੋਂ ਬਹੁਤ ਸਾਰੇ ਮੈਂਬਰ ਵੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬੋਲ ਰਹੇ ਸਨ।ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

---
** Not recorded as ordered by the Chair.

Under Print
Not for Legal/Official use

.
**ਮਾਨਯੋਗ ਸਪੀਕਰ** : ** ਨਾਅਰੇ ਰਿਕਾਰਡ ਨਾ ਕੀਤੇ।(ਵਿਘਨ)(ਸ਼ੋਰ) ਹਾਂ ਜੀ, ਸ਼੍ਰੀ ਕੰਵਰ ਸੰਧੂ ਜੀ, ਤੁਸੀਂ ਕੁਝ ਬੋਲਣਾ ਹੈ?

**ਸ਼੍ਰੀ ਕੰਵਰ ਸੰਧੂ** : ਸਪੀਕਰ ਸਾਹਿਬ, ਪਾਰਲੀਮੈਂਟਰੀ ਰਵਾਇਤ ਹੈ ਕਿ ਜਿਸ ਵੇਲੇ ਵੀ ਪਾਰਲੀਮੈਂਟ ਚੱਲ ਰਹੀ ਹੁੰਦੀ ਹੈ ਜਾਂ ਵਿਧਾਨ ਸਭਾ ਚੱਲ ਰਹੀ ਹੁੰਦੀ ਹੈ, ਕੋਈ ਵੀ policy statement ਆਵੇ ਤਾਂ ਉਹ ਵਿਧਾਨ ਸਭਾ ਜਾਂ ਪਾਰਲੀਮੈਂਟ ਵਿੱਚ ਦਿੱਤੀ ਜਾਵੇ। ਇੱਥੇ ਇਹੋ ਜਿਹਾ ਸ਼ਖਸ ਹੈ ਜਿਹੜਾ ਕਿ ਨਾ ਚੀਫ ਮਨਿਸਟਰ ਹੈ ਅਤੇ ਨਾ ਹੀ ਮੰਤਰੀ ਹੈ, ਉਹ ਸਟੇਟ ਦਾ ਡੀ.ਜੀ.ਪੀ ਹੈ। ਉਹ ਪਾਰਲੀਮੈਂਟ ਦੇ, ਵਿਧਾਨ ਸਭਾ ਦੇ ਬਾਹਰ ਅਜਿਹਾ ਬਿਆਨ ਦਿੰਦਾ ਹੈ ਜਿਸ ਨਾਲ ਸਾਰੇ ਪੰਜਾਬ ਦਾ ਅਤੇ ਦੁਨੀਆ ਭਰ ਵਿੱਚ ਜਿੱਥੇ ਪੰਜਾਬੀ ਜਾਂ ਸਿੱਖ ਰਹਿੰਦੇ ਹਨ, ਉਨ੍ਹਾਂ ਦੇ ਹਿਰਦੇ ਵਲੂੰਧਰੇ ਗਏ ਹਨ। ਇਹ ਬਹੁਤ ਮੰਦਭਾਗੀ ਗੱਲ ਹੈ। ਸਾਡੀ ਮੰਗ ਇਹ ਹੈ ਕਿ ਜੇ ਅੱਜ ਮੁੱਖ ਮੰਤਰੀ ਜੀ ਨਹੀਂ ਹਨ ਤਾਂ ਕੋਈ ਸੀਨੀਅਰ ਮੰਤਰੀ ਐਸ਼ੋਰੈਂਸ ਦੇਵੇ ਅਤੇ ਇਸ ਉੱਤੇ proper debate ਹੋਵੇ ਕਿ ਜਿਹੜਾ ਡੀ.ਜੀ.ਪੀ ਹੈ, ਉਸ ਦੇ ਖਿਲਾਫ ਕਾਰਵਾਈ ਹੋਵੇਗੀ, ਉਹ ਬਰਖਾਸਤ ਹੋਵੇਗਾ ਅਤੇ ਅੱਗੋਂ ਵਾਸਤੇ ਅਜਿਹੀ ਕੋਈ ਕਾਰਵਾਈ ਨਹੀਂ ਹੋਵੇਗੀ। ਅਸੀਂ ਸਾਰੇ ਹੀ ਸ੍ਰੀ ਕਰਤਾਰਪੁਰ ਸਾਹਿਬ ਜਾ ਚੁੱਕੇ ਹਾਂ, ਉਥੇ ਇਸ ਪ੍ਰਕਾਰ ਦੀ ਕੋਈ ਕਾਰਵਾਈ ਨਹੀਂ ਹੈ। ਸਾਰੇ ਐਮ.ਐਲ.ਏਜ਼ ਸ੍ਰੀ ਕਰਤਾਰਪੁਰ ਸਾਹਿਬ ਗਏ ਸਨ। ਉਥੇ ਅਜਿਹੀ ਕੋਈ ਕਾਰਵਾਈ ਨਹੀਂ ਹੋ ਰਹੀ ਜਿਸ ਨਾਲ ਅੱਤਵਾਦੀ ਟ੍ਰੇਂਡ ਹੋ ਰਹੇ ਹੋਣ। ਸਪੀਕਰ ਸਾਹਿਬ, ਇਹ ਬਹੁਤ ਮੰਦਭਾਗਾ ਬਿਆਨ ਹੈ ਅਤੇ ਮੈਨੂੰ ਸ਼ੱਕ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਬੰਦ ਕਰਨ ਦੀ ਸਾਜਿਸ਼ ਰਚੀ ਜਾ ਰਹੀ ਹੈ.......(ਵਿਘਨ)(ਸ਼ੋਰ)

**ਮਾਨਯੋਗ ਸਪੀਕਰ** : ਸੰਧੂ ਸਾਹਿਬ, ਇੱਕ ਮਿੰਟ ਮੇਰੀ ਗੱਲ ਸੁਣੋ। (ਵਿਘਨ)(ਸ਼ੋਰ) ਮੈਂ ਸਾਰੀ ਆਪੋਜੀਸ਼ਨ ਨੂੰ ਰਿਕੁਐਸਟ ਕਰ ਚੁੱਕਿਆ ਹਾਂ ਕਿ ਹੋਮ ਡਿਪਾਰਟਮੈਂਟ ਮੁੱਖ ਮੰਤਰੀ ਜੀ ਕੋਲ ਹੈ। ਕੱਲ੍ਹ ਮੁੱਖ ਮੰਤਰੀ ਜੀ ਇਸ ਤੇ reasonably statement ਦੇਣਗੇ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਅੱਜ ਇਸ ਬਾਰੇ ਸਾਰਿਆਂ ਵਿੱਚ ਬਹੁਤ ਜ਼ਿਆਦਾ ਰੋਸ ਹੈ ਅਤੇ ਅੱਜ ਹੀ ਇਸ ਬਾਰੇ ਕੋਈ ਸੀਨੀਅਰ ਮੰਤਰੀ ਬਿਆਨ ਦੇਵੇ ਕਿ ਸਰਕਾਰ ਇਸ ਮਾਮਲੇ ਉੱਤੇ ਕੀ ਕਰਨ ਲੱਗੀ ਹੈ ਕਿਉਂਕਿ ਸਾਨੂੰ ਡਰ ਹੈ ਕਿ ਸ੍ਰੀ ਕਰਤਾਰਪੁਰ ਲਾਂਘੇ ਨੂੰ ਬੰਦ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ....(ਵਿਘਨ)(ਸ਼ੋਰ)

---

**CALL ATTENTION NOTICES UNDER RULE 66**

Under Print
Not for Legal/Official use

.

**ਮਾਨਯੋਗ ਸਪੀਕਰ** : ਅਗਲੀ ਆਈਟਮ, ਕਾਲ ਅਟੈਂਸ਼ਨ ਨੋਟਿਸ। ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ....(ਵਿਘਨ....ਸ਼ੋਰ) ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ....(ਵਿਘਨ....ਸ਼ੋਰ) ਸ਼੍ਰੀਮਤੀ ਰੁਪਿੰਦਰ ਕੌਰ ਰੂਬੀ....(ਵਿਘਨ....ਸ਼ੋਰ) ਸ਼੍ਰੀ ਅਮਨ ਅਰੋੜਾ....(ਵਿਘਨ....ਸ਼ੋਰ)

(ਕ੍ਰਮ ਨੰ:4)

ਸਬੰਧਤ ਮਾਨਯੋਗ ਮੈਂਬਰ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।

---

(ਕ੍ਰਮ ਨੰ:9)

ਸਬੰਧਤ ਮਾਨਯੋਗ ਮੈਂਬਰ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।

---

(ਕ੍ਰਮ ਨੰ:11)

ਸਬੰਧਤ ਮਾਨਯੋਗ ਮੈਂਬਰ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।

---

## MOTION OF THANKS AND DISCUSSION ON GOVERNOR'S ADDRESS

**ਮਾਨਯੋਗ ਸਪੀਕਰ:** ਅਗਲੀ ਆਈਟਮ, ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ। ਸਰਦਾਰ ਹਰਮਿੰਦਰ ਸਿੰਘ ਗਿੱਲ ਪ੍ਰਸਤਾਵ ਪੇਸ਼ ਕਰਨ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ –

Under Print
Not for Legal/Official use

.

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 16 ਜਨਵਰੀ, 2020 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

**ਡਾਕਟਰ ਰਾਜ ਕੁਮਾਰ:** ਸ਼੍ਰੀਮਾਨ ਜੀ, ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ –

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 16 ਜਨਵਰੀ, 2020 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਰਿਪੋਰਟਰਜ਼ ਟੇਬਲ ਕੋਲ ਬੈਨਰ ਲੈ ਕੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਇਜ਼ਾਜ਼ਤ ਤੋਂ ਬਿਨਾ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।ਹਾਂ ਜੀ, ਸਰਦਾਰ ਹਰਮਿੰਦਰ ਸਿੰਘ ਗਿੱਲ ਜੀ, ਤੁਸੀਂ ਗਵਰਨਰ ਐਡਰੈਸ ਉੱਤੇ ਆਪਣਾ ਭਾਸ਼ਣ ਸ਼ੁਰੂ ਕਰੋ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ (ਪੱਟੀ)**: ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ।ਰਾਜਪਾਲ ਜੀ ਨੇ ਜਿਹੜਾ ਆਪਣਾ ਭਾਸ਼ਣ 16 ਜਨਵਰੀ ਨੂੰ ਪੜ੍ਹਿਆ ਸੀ, ਉਹ ਭਾਸ਼ਣ ਸਾਡੀ ਸਰਕਾਰ ਦੀਆਂ ਪਾਲਿਸੀਆਂ ਦੀ ਤਰਜਮਾਨੀ ਕਰਦਾ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਬੜੀ ਕਾਮਯਾਬੀ ਨਾਲ ਚੱਲ ਰਹੀ ਹੈ ਅਤੇ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਪੰਜਾਬ ਵਿੱਚ ਚੰਗੇ ਤੋਂ ਚੰਗਾ ਪ੍ਰੋਗਰਾਮ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਪੰਥ ਦੇ ਅਲੰਬਰਦਾਰ ਬਣੇ ਸਨ, ਇਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਕਿ ਜਦੋਂ ਸ਼੍ਰੀ ਗੁਰੂ ਨਾਨਕ

---

** Not recorded as ordered by the Chair.

Under Print
Not for Legal/Official use

.
ਸਾਹਿਬ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਆਇਆ ਤਾਂ ਪੰਜਾਬ ਸਰਕਾਰ ਨੇ ਦਿਲ ਖੋਲ੍ਹ ਕੇ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਿਹਾੜੇ ਨੂੰ ਮਨਾਉਣ ਵਾਸਤੇ ਪ੍ਰਬੰਧ ਕੀਤੇ। ਸਪੀਕਰ ਸਾਹਿਬ, ਅੱਜ ਤੱਕ ਪੰਜਾਬ ਦੀ ਧਰਤੀ ਤੇ ਬੜੀਆਂ ਸ਼ਤਾਬਦੀਆਂ ਆਈਆਂ, ਪੰਜਾਬ ਵਿੱਚ ਬਹੁਤ ਸਾਰੀਆਂ ਸਰਕਾਰਾਂ ਰਹੀਆਂ ਪਰ ਉਨ੍ਹਾਂ ਸ਼ਤਾਬਦੀਆਂ ਨੂੰ ਚੰਗੇ ਢੰਗ ਨਾਲ ਮਨਾਉਣ ਵਾਸਤੇ ਕੋਈ ਯਤਨ ਨਹੀਂ ਕੀਤਾ ਗਿਆ। ਮੈਂ ਲਾਗੇ ਹੋ ਕੇ ਵੇਖਿਆ ਹੈ ਕਿ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਨੇ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਸੁਲਤਾਨਪੁਰ ਲੋਧੀ ਦੀ ਧਰਤੀ 'ਤੇ ਸਾਰੇ ਪ੍ਰਬੰਧ ਕਰਕੇ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਯਤਨ ਕੀਤਾ ਹੈ।ਇਸ ਦੇ ਨਾਲ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕੱਠੇ ਹੋ ਕੇ ਮਨਾਉਣ ਬਾਰੇ ਵਾਰ ਵਾਰ ਬਿਆਨ ਦਿੱਤੇ ਜਾਂਦੇ ਰਹੇ ਪਰ ਸ਼ਤਾਬਦੀਆਂ ਪ੍ਰਮੁੱਖ ਤੌਰ ਤੇ ਮਨਾਉਣ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਵੱਲੋਂ, ਕੈਪਟਨ ਮਹਾਰਾਜਾ ਅਮਰਿੰਦਰ ਸਿੰਘ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਕਿਸੇ ਵੀ ਪ੍ਰੋਗਰਾਮ ਨੂੰ ਵਧੀਆ ਤਰ੍ਹਾਂ ਮਨਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇੱਥੇ ਸਾਡੇ ਮਾਨਯੋਗ ਮਾਨਯੋਗ ਐਮ.ਐਲ.ਏ. ਸਰਦਾਰ ਨਵਤੇਜ ਸਿੰਘ ਚੀਮਾ ਸਾਹਿਬ ਬੈਠੇ ਹਨ, ਜਿਨ੍ਹਾਂ ਦੀ ਦੇਖ-ਰੇਖ ਵਿਚ ਸੁਲਤਾਨਪੁਰ ਲੋਧੀ ਵਿੱਚ ਲਾਮਿਸਾਲ ਪ੍ਰਬੰਧ ਕਰਕੇ ਸਰਕਾਰ ਨੇ ਅਜਿਹਾ ਕੰਮ ਕੀਤਾ ਹੈ (ਥੰਪਿੰਗ) ਜਿਥੇ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ, ਉਸ ਦੇ ਨਾਲ ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ 550 ਕਰੋੜ ਰੁਪਏ ਤੋਂ ਵੱਧ ਕੈਪਟਨ ਅਮਰਿੰਦਰ ਸਿੰਘ ਜੀ ਨੇ ਸੁਲਤਾਨਪੁਰ ਲੋਧੀ ਦੀ ਡਿਵੈਲਪਮੈਂਟ ਵਾਸਤੇ ਅਤੇ ਜਿਥੇ ਜਿਥੇ ਵੀ ਗੁਰੂ ਨਾਨਕ ਸਾਹਿਬ ਨੇ ਚਰਨ ਪਾਏ ਹਨ, ਉਨ੍ਹਾਂ ਥਾਵਾਂ ਦੀ ਡਿਵੈਲਪਮੈਂਟ ਵਾਸਤੇ ਪੈਸੇ ਲਗਾਏ ਹਨ। ਮੈਂ ਇਹ ਗੱਲ ਦੇਖਦਾ ਰਿਹਾ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਏ ਪੰਥ ਦਾ 300 ਸਾਲਾ ਸਥਾਪਨਾ ਦਿਵਸ ਮਨਾਇਆ ਗਿਆ ਸੀ, ਉਹ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮਨਾਇਆ ਗਿਆ ਸੀ। ਉਦੋਂ ਸਰਕਾਰ ਵੀ ਇਨ੍ਹਾਂ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਦੀ ਸੀ ਪਰ ਉਥੇ ਲੋਕਾਂ ਦੇ ਰਹਿਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ ਔਰ ਜਿਹੜੇ ਉਸ ਵੇਲੇ ਸਰਕਾਰ ਵਿਚ ਸਨ, ਉਨ੍ਹਾਂ ਨੇ ਵੀ ਉਥੇ ਪਹੁੰਚਣ ਵਾਲੇ ਲੋਕਾਂ ਦੀ ਸਾਂਭ-ਸੰਭਾਲ ਵਾਸਤੇ ਕੋਈ ਪ੍ਰਬੰਧ ਨਹੀਂ ਕੀਤਾ ਸੀ। (ਵਿਘਨ)(ਸ਼ੋਰ) ਮੈਂ ਸਰਕਾਰ ਦਾ ਔਰ ਵਿਸ਼ੇਸ਼ ਤੌਰ ਤੇ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਸੁਲਤਾਨਪੁਰ ਲੋਧੀ, ਜਿਹੜਾ ਛੋਟਾ ਜਿਹਾ ਕਸਬਾ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ ਜਾ ਕੇ ਉਸ ਪਵਿੱਤਰ ਵੇਈਂ ਵਿਚ ਇਸ਼ਨਾਨ ਕਰਕੇ ਟੁੱਭੀ ਮਾਰ ਕੇ ਦੁਨੀਆਂ ਦੇ ਲੋਕਾਂ ਨੂੰ ਰਸਤਾ ਦਿਖਾਇਆ ਸੀ, ਜਿਥੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਦਾ ਉਚਾਰਨ ਕੀਤਾ ਸੀ, ਮੂਲ-ਮੰਤਰ ਦਾ ਉਚਾਰਨ ਕੀਤਾ ਸੀ। ਔਰ ਮੈਨੂੰ ਖੁਸ਼ੀ ਹੈ ਕਿ ਜਿਹੜੇ ਲੱਖਾਂ ਦੀ ਤਦਾਦ ਵਿੱਚ ਲੋਕ ਸੁਲਤਾਨਪੁਰ ਲੋਧੀ ਵਿਚ ਆਏ,

Under Print
Not for Legal/Official use

.
ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਕਰਨ ਵਾਸਤੇ 35000 ਲੋਕਾਂ ਦੀ ਰਿਹਾਇਸ਼ ਕਰਨ ਵਾਸਤੇ ਟੈਂਟ ਸਿਟੀ ਦਾ ਪ੍ਰਬੰਧ ਕੀਤਾ। ਮੈਂ ਅੱਜ ਤੱਕ ਦੇਖਦਾ ਰਿਹਾ ਹਾਂ ਕਿ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਵਿਚ ਜਦੋਂ ਜਦੋਂ ਵੀ ਸ਼ਤਾਬਦੀਆਂ ਮਨਾਉਂਦੇ ਰਹੇ, ਭਾਵੇਂ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਸੀ, ਪਰ ਉਨ੍ਹਾਂ ਸਰਕਾਰਾਂ ਦੇ ਸਮੇਂ ਵਿਚ ਸ਼ਤਾਬਦੀਆਂ ਮੌਕੇ ਲੋਕ ਵਰਾਂਡਿਆਂ ਵਿਚ, ਸੜਕਾਂ ਦੇ ਉੱਤੇ ਅਤੇ ਗਰਾਊਂਡਾਂ ਵਿਚ ਸੌਂਦੇ ਸਨ ਪਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਬਕਾਇਦਾ ਤੌਰ ਤੇ ਟੈਂਟ ਸਿਟੀ ਦਾ ਪ੍ਰਬੰਧ ਕਰਕੇ ਬਾਇੱਜ਼ਤ ਲੋਕਾਂ ਦੇ ਰਹਿਣ ਦਾ ਪ੍ਰਬੰਧ ਕੀਤਾ। ਉਨ੍ਹਾਂ ਦੇ ਪ੍ਰਸ਼ਾਦੇ-ਪਾਣੀ ਦਾ ਪ੍ਰਬੰਧ ਕੀਤਾ ਔਰ ਜਿਹੜੇ ਸੰਤ ਮਹਾਂਪੁਰਸ਼ ਸੁਲਤਾਨਪੁਰ ਲੋਧੀ ਵਿਖੇ ਲੰਗਰ ਲਗਾਉਣਾ ਚਾਹੁੰਦੇ ਸਨ, ਉਨ੍ਹਾਂ ਦੇ ਲੰਗਰ ਵਾਸਤੇ ਜਗ੍ਹਾ ਦਾ ਪ੍ਰਬੰਧ ਕੀਤਾ ਔਰ ਉਨ੍ਹਾਂ ਵਾਸਤੇ ਟੈਂਟ ਲਗਵਾਉਣ ਦਾ ਪ੍ਰਬੰਧ ਕੀਤਾ। ਮੈਂ ਸਰਕਾਰ ਦਾ, ਕੈਪਟਨ ਅਮਰਿੰਦਰ ਸਿੰਘ ਜੀ ਦਾ ਬੜਾ ਧੰਨਵਾਦੀ ਹਾਂ ਕਿ ਉੱਥੇ ਜਿੰਨੇ ਚਿਰ ਵੀ ਸਮਾਗਮ ਚਲਦੇ ਰਹੇ ਹਨ, ਉਨ੍ਹਾਂ ਸਮਾਗਮਾਂ ਵਿਚ ਦੇਸ਼ ਜਾਂ ਵਿਦੇਸ਼ ਵਿਚੋਂ ਆਇਆ ਕੋਈ ਵੀ ਸ਼ਰਧਾਲੂ ਇਹ ਨਹੀਂ ਕਹਿ ਸਕਿਆ ਕਿ ਕਿਸੇ ਨੂੰ ਕੋਈ ਪਰੇਸ਼ਾਨੀ ਹੋਈ ਹੋਵੇ, ਉਥੇ ਕੋਈ ਅਣਸੁਖਾਵੀਂ ਘਟਨਾ ਵਾਪਰੀ ਹੋਵੇ।ਉੱਥੇ ਸਾਡੀ ਸਾਰੀ ਸਰਕਾਰ ਦੇ ਮੰਤਰੀ, ਸਾਡੀ ਸਰਕਾਰ ਦਾ ਪ੍ਰਸ਼ਾਸਨ ਅਤੇ ਪੁਲਿਸ ਦੇ ਅਧਿਕਾਰੀ ਦਿਨ-ਰਾਤ ਮਿਹਨਤ ਕਰਦੇ ਰਹੇ ਔਰ ਸਾਡੇ ਮਾਨਯੋਗ ਐਮ.ਐਲ.ਏ. ਸਾਹਿਬ ਲਗਾਤਾਰ ਸਾਰੀਆਂ ਤਿਆਰੀਆਂ ਦਾ ਪ੍ਰਬੰਧ ਕਰਦੇ ਰਹੇ, ਉਥੇ ਲੋਕਾਂ ਦੇ ਰੱਖ-ਰਖਾਵ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਦੇ ਰਹੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਰਕਾਰ ਨੇ ਪੰਡਾਲ ਲਗਾਇਆ ਸੀ, ਉਸ ਦੇ ਨਾਲ ਦਾ ਪ੍ਰਬੰਧ ਅੱਜ ਤੱਕ ਕਿਤੇ ਨਹੀਂ ਲੱਗਿਆ।(ਥੰਪਿੰਗ) ਇਹ ਜਿਹੜੇ ਭਾਊ ਅੱਜ ਨਾਅਰੇ ਮਾਰਦੇ ਫਿਰਦੇ ਹਨ, ਇਨ੍ਹਾਂ ਦਾ ਪੈਸੇ ਖਾਣ ਵੱਲ ਧਿਆਨ ਸੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਦੇਵ ਸਿੰਘ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਸਦਨ ਵਿਚ ਹਾਜ਼ਰ ਬਾਕੀ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

(ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੀ ਵੈੱਲ ਆਫ ਦਿ ਹਾਊਸ ਵਿਚ ਰਿਪੋਰਟਰਾਂ ਦੇ ਟੇਬਲ ਨਜ਼ਦੀਕ ਖੜ੍ਹੇ ਹੋ ਕੇ ਹੱਥਾਂ ਵਿਚ ਸਲੋਗਨਜ਼ ਵਾਲੇ ਬੈਨਰ ਫੜ ਕੇ ਲਹਿਰਾ ਰਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ। ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿਚ ਕਾਫੀ ਸ਼ੋਰ ਸੀ।)

** Not recorded as ordered by the Chair.

** Not recorded/Expunged as ordered by the Chair.

Under Print
Not for Legal/Official use

.

**ਸਰਦਾਰ ਹਰਮਿੰਦਰ ਸਿੰਘ ਗਿੱਲ:** ਇਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ ਤੇ ਲੱਗਿਆ ਸੀ ਕਿ ਸੁਲਤਾਨਪੁਰ ਲੋਧੀ ਦੇ ਨਾਮ ਤੇ ਪੈਸੇ ਕਿਵੇਂ ਖਾਣੇ ਹਨ। ਆਹ, ਜਿਹੜੇ ਲੰਮੇ-ਲੰਮੇ ਇਥੇ ਨਾਅਰੇ ਮਾਰਦੇ ਹਨ, ਇਨ੍ਹਾਂ ਨੂੰ ਪੁੱਛੋ ਸੁਲਤਾਨਪੁਰ ਲੋਧੀ ਦੇ ਨਾਮ ਤੇ ਇਨ੍ਹਾਂ ਦੇ ** ** ਨੇ 12 ਕਰੋੜ ਕਿਵੇਂ ਖਾ ਗਏ। ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 12 ਕਰੋੜ ਤਾਂ ਖਾਧਾ ਹੀ ਖਾਧਾ।

**ਮਾਨਯੋਗ ਸਪੀਕਰ:** ** ਐਕਸਪੰਜ ਕਰ ਦਿਓ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਜਿਹੜੀ ਸਟੇਜ ਸਰਕਾਰ ਵੱਲੋਂ ਲਗਾਈ ਗਈ ਸੀ, ਉਥੇ ਲਾਮਿਸਾਲ ਪ੍ਰਬੰਧ ਸੀ, ਕਿਸੇ ਥਾਂ ਤੇ ਕਿਸੇ ਪਾਰਟੀ ਦਾ ਨਾਮ ਨਹੀਂ ਸੀ। ਉਥੇ ਕਿਸੇ ਦਾ ਨਾਮ ਨਹੀਂ ਸੀ ਲਿਖਿਆ ਔਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਨੂੰ ਟੈਲੀਫੋਨ ਕਰਕੇ ਕਿਹਾ ਕਿ ਜਥੇਦਾਰ ਸਾਹਿਬ, ਮੈਂ ਇਕ ਪ੍ਰੋਗਰਾਮ ਕਰਨਾ ਚਾਹੁੰਦਾ ਹਾਂ ਤੇ ਮੈਂ ਨੰਗੇ ਪੈਰੀ ਉਥੇ ਚੱਲ ਕੇ ਆਵਾਂਗਾ, ਤੁਸੀਂ ਪ੍ਰਬੰਧ ਕਰੋ, ਜਿਥੇ ਤੁਸੀਂ ਕਹੋਗੇ, ਮੈਂ ਉਥੇ ਹੀ ਆਵਾਂਗਾ ਪਰ ਇਸ ਪਾਰਟੀ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਦੇ ਰਿਸ਼ਤੇਦਾਰਾਂ ਨੇ ਜ਼ਿੱਦ ਕੀਤੀ ਸੀ ਕਿ ਅਸੀਂ ਸਰਕਾਰ ਤੋਂ ਵੱਖਰਾ ਪ੍ਰੋਗਰਾਮ ਕਰਨਾ ਹੈ। ਮੈਂ ਪਹਿਲਾਂ ਵੀ ਕਿਹਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਤੱਕ ਜਿੰਨੇ ਵੀ ਪ੍ਰੋਗਰਾਮ ਹੋਏ ਹਨ, ਉਹ ਆਪਣੇ ਪ੍ਰੋਗਰਾਮਾਂ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੀਆਂ ਸਟੇਜਾਂ ਤੇ ਕਰਦੇ ਰਹੇ ਹਨ।ਸਰਕਾਰ ਦਾ ਫਰਜ਼ ਬਣਦਾ ਹੈ, ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸਰਕਾਰੀ ਫੰਕਸ਼ਨ ਦਾ ਪ੍ਰਬੰਧ ਕਰੇ ਪਰ ਇਨ੍ਹਾਂ ਦੀ ਉਸ ਸਮੇਂ ਦੌੜ ਲੱਗੀ ਸੀ ਕਿ ਅਸੀਂ ਪੈਸੇ ਕਿਵੇਂ ਖਾਣੇ ਹਨ।ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਫੇਕ ਕੰਪਨੀ ਦੇ ਨਾਮ ਤੇ ਟੈਂਡਰ ਲਿਆ ਗਿਆ ਔਰ ਸਾਢੇ 11 ਕਰੋੜ ਰੁਪਏ ਖਾ ਗਏ। ਇਹ ਸਾਰਾ ਕੁਝ ਇਨ੍ਹਾਂ ਦੇ ਪਰਿਵਾਰ ਦੀ ਦੇਣ ਹੈ। ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪੈਸੇ ਖਾਧੇ।ਇਸ ਦੇ ਨਾਲ-ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਉਥੇ ਇਕ ਲੇਜ਼ਰ ਸ਼ੋਅ ਕੀਤਾ ਗਿਆ। ਇਨ੍ਹਾਂ ਨੇ ਤਿੰਨ ਮਿੰਟ ਦੇ ਲੇਜ਼ਰ ਸ਼ੋਅ ਦੇ ਨਾਮ ਤੇ 1 ਕਰੋੜ 75 ਲੱਖ ਰੁਪਿਆ ਖਾਧਾ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 12 ਕਰੋੜ ਦੇ ਟੈਂਡਰ ਦੇ ਦਿੱਤੇ ਗਏ, ਅੱਧੇ ਪੈਸੇ ਐਡਵਾਂਸ ਦਿੱਤੇ ਗਏ। ਉਸ ਤੋਂ ਬਾਅਦ ਜਦੋਂ ਪ੍ਰੋਗਰਾਮ ਸਮਾਪਤ ਹੋ ਗਿਆ ਤਾਂ ਕੰਪਨੀ ਨੇ ਸ਼੍ਰੋਮਣੀ ਕਮੇਟੀ ਨੂੰ ਲਿਖ ਕੇ ਦਿੱਤਾ ਕਿ ਸਾਨੂੰ ਤਿੰਨ ਕਰੋੜ ਹੋਰ ਦਿਓ।** ** ਵਾਸਤੇ 10-12 ਕਰੋੜ ਦਾ ਕੋਈ ਮਤਲਬ ਨਹੀਂ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਜ਼ੋਰ ਲਾ ਕੇ ਉਹ ਤਿੰਨ ਕਰੋੜ ਰੁਪਿਆ ਕੈਂਸਲ ਕੀਤਾ।(ਵਿਘਨ)(ਸ਼ੋਰ)

Under Print
Not for Legal/Official use

.
**ਮਾਨਯੋਗ ਸਪੀਕਰ:** ਮੈਂ ਇਕ ਵਾਰ ਫਿਰ ਸਾਰੀ ਆਪੋਜੀਸ਼ਨ ਨੂੰ ਅਪੀਲ ਕਰਦਾ ਹਾਂ ਕਿ ਕੱਲ ਮੁੱਖ ਮੰਤਰੀ ਜੀ ਸਟੇਟਮੈਂਟ ਦੇ ਦੇਣਗੇ। ਤੁਸੀਂ ਆਪਣੀਆਂ ਸੀਟਾਂ ਤੇ ਚਲੇ ਜਾਓ ਔਰ ਗਵਰਨਰ ਐਡਰੈਸ ਉੱਤੇ ਹੋ ਰਹੀ ਡਿਸਕਸ਼ਨ ਦੇ ਵਿਚ ਹਿੱਸਾ ਲਓ।

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ:** ਮੈਨੂੰ ਇਹ ਸੂਚਿਤ ਕਰਨ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਡਾਕਟਰ ਅਮਰ ਸਿੰਘ, ਮਾਨਯੋਗ ਮੈਂਬਰ, ਲੋਕ ਸਭਾ ਹਾਊਸ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿਚ ਮੌਜੂਦ ਹਨ।ਉਨ੍ਹਾਂ ਦਾ ਨਿੱਘਾ ਸਵਾਗਤ ਹੈ।

## MOTION THANKS AND DISCUSSION ON GOVERNOR'S ADDRESS *(RESUMPTION)*

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ੍ਰੀ. ਕਰਤਾਰਪੁਰ ਸਾਹਿਬ ਦਾ ਜਦੋਂ ਕਾਰੀਡੋਰ ਖੁੱਲ੍ਹਿਆ, ਉਸ ਕਾਰੀਡੋਰ ਨੂੰ ਖੁਲ੍ਹਵਾਉਣ ਵਾਸਤੇ ਸਰਦਾਰ ਕੁਲਦੀਪ ਸਿੰਘ ਵਡਾਲਾ ਨੇ ਬਹੁਤ ਅਰਦਾਸਾਂ ਕੀਤੀਆਂ ਪਰ ਮੈਂ ਅੱਜ ਹਾਊਸ ਵਿਚ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਕੁਲਦੀਪ ਸਿੰਘ ਵਡਾਲਾ, ਜਿਹੜੇ ਉੱਥੇ ਲਗਾਤਾਰ ਕਈ ਸਾਲ ਅਰਦਾਸਾਂ ਕਰਦੇ ਰਹੇ, ਜਦੋਂ 2008 ਦੇ ਵਿਚ ਅਕਾਲੀ ਦਲ ਦੀ ਸਰਕਾਰ ਸੀ, ਉਸ ਵੇਲੇ ਸਾਡੇ ਹਿੰਦੁਸਤਾਨ ਦੇ ਡਿਫੈਂਸ ਮਨਿਸਟਰ ਡੇਰਾ ਬਾਬਾ ਨਾਨਕ ਆਏ ਤਾਂ ** ** ਇਹ ਵਡਾਲਾ ਸਾਹਿਬ ਨੇ ਆਪ ਦੱਸਿਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵਡਾਲਾ ਸਾਹਿਬ ਦੇ ਨਾਮ ਤੇ ਅਕਾਲੀ ਦਲ ਦੀ ਸਰਕਾਰ ਨੇ ਕੁਝ ਨਹੀਂ ਕੀਤਾ ਪਰ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਡੇਰਾ ਬਾਬਾ ਨਾਨਕ ਵਿਖੇ ਸਰਦਾਰ ਕੁਲਦੀਪ ਸਿੰਘ ਵਡਾਲਾ ਦੇ ਨਾਮ ਤੇ ਮਾਰਗ ਬਣਾਇਆ ਔਰ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਹਿਕਾਰਤਾ ਮੰਤਰੀ ਜੀ ਨੇ ਉਸ ਦਾ ਉਦਘਾਟਨ ਕੀਤਾ ਅਤੇ ਉਸ ਸਮੇਂ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਵੀ ਨਾਲ ਸਨ।ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੱਸਣ ਕਿ ਅੱਜ ਤੱਕ ਉਨ੍ਹਾਂ ਦੀ ਕੀ ਪ੍ਰਾਪਤੀ ਹੈ। ਇਹ ਜਿਹੜੀਆਂ ਗੱਲਾਂ ਕਰਦੇ ਹਨ, ਇਹ ਜ਼ਹਿਰ ਇਨ੍ਹਾਂ ਦੀ ਹੀ ਫੈਲਾਈ ਹੋਈ ਹੈ। ਜਿੰਨਾ ਪੰਜਾਬ ਦੇ ਵਿਚ ਨਸ਼ਾ ਹੈ, ਉਸ ਨਸ਼ੇ ਦਾ ਕਿੰਗ ਪਿੰਨ ** ** ਹੈ। ਨਸ਼ੇ ਦਾ ਵੱਡਾ ** ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿਓ।

---

** Expunged as ordered by the Chair.

Under Print
Not for Legal/Official use

.
**ਸਰਦਾਰ ਹਰਮਿੰਦਰ ਸਿਘ ਗਿੱਲ** : ਇਹ ਮੈਨੂੰ ਮਾੜਾ ਜਿਹਾ 5 ਮਿੰਟ ਬੋਲ ਲੈਣ ਦਿਓ, (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਤੁਹਾਡੇ ** ** ਦੇਖੋ ਮੈਂ ਕਿਵੇਂ ਤੁਹਾਡੇ ** ** ਫਰੋਲਦਾ ਹਾਂ। ਇਹ ਗੱਲਾਂ ਤੁਸੀਂ ਕਰਦੇ ਹੋ। ਇਹ ਤੁਸੀਂ ਸੱਚ ਸੁਣਨਾ ਨਹੀਂ ਚਾਹੁੰਦੇ । (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ** ** ਲਫਜ਼ ਕੱਟ ਦਿਓ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਤੁਸੀਂ ਵੀ ਦਿੱਲੀ ਦੇ ਸਿਰ ਤੇ ਬੜ੍ਹਕਾਂ ਨਾ ਮਾਰੋ। ਇਸ ਤਰ੍ਹਾਂ ਤੁਹਾਡੇ ਕੋਲ ਕੁਝ ਨਹੀਂ ਹੈ, ਤੁਸੀਂ ਐਵੇਂ ਏਵੈਂ ਤੁਰੀ ਫਿਰਦੇ ਹੋ, ਉਥੇ ਤੁਹਾਨੂੰ ਸਟੇਜ ਤੇ ਨਹੀਂ ਚੜ੍ਹਨ ਦਿੱਤਾ। ਤੁਸੀਂ ਗੱਲਾਂ ਕਰਦੇ ਹੋ? ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਦਿੱਲੀ ਦੇ ਸਿਰ ਤੇ ਕਹਿੰਦੇ ਹਨ ਕਿ ਸਾਡੀ ਸਰਕਾਰ ਬਣ ਜਾਣੀ ਹੈ। ਇਨ੍ਹਾਂ ਨੂੰ ਇਹ ਪੁੱਛੋ ਕਿ ਦਿੱਲੀ ਦੇ ਵਿੱਚ ਕੋਈ ਸਿੱਖ ਮੰਤਰੀ ਬਣਾਇਆ ਹੈ? ਪਿਛਲੀ ਵਾਰੀ ਸਿੱਖਾਂ ਨੂੰ 4 ਟਿਕਟਾਂ ਦਿੱਤੀਆਂ ਸਨ, ਐਤਕੀਂ ਦੋ ਨੂੰ ਟਿਕਟਾਂ ਦਿੱਤੀਆਂ ਸਨ। ਉਨ੍ਹਾਂ ਵਿੱਚੋਂ ਵੀ ਮੰਤਰੀ ਕੋਈ ਨਹੀਂ ਬਣਾਇਆ, ਐਵੇਂ ** ** ਦੀ ਜੁੱਤੀ ਚੁੱਕੀ ਫਿਰਦੇ ਹਨ, ਐਵੇਂ ਗੱਲਾਂ ਮਾਰੀ ਜਾਂਦੇ ਹਨ, ਤੁਹਾਡੇ ਪੱਲੇ ਕੁਝ ਨਹੀਂ ਹੈ।

**ਮਾਨਯੋਗ ਸਪੀਕਰ:** ** ** ਦਾ ਨਾਮ ਐਕਸਪੰਜ ਕਰ ਦਿਓ।

(ਇਸ ਸਮੇਂ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਦੇਵ ਸਿੰਘ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਬਾਕੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।

(ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਵੈੱਲ ਆਫ ਦਿ ਹਾਊਸ ਵਿੱਚ ਰਿਪੋਰਟਰਾਂ ਦੀ ਟੇਬਲ ਨਜ਼ਦੀਕ ਖੜ੍ਹੇ ਹੋ ਕੇ ਹੱਥਾਂ ਵਿੱਚ ਸਲੋਗਨਜ਼ ਵਾਲੇ ਬੈਨਰ ਫੜ ਕੇ ਲਹਿਰਾ ਰਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ। ** ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਹਰਮਿੰਦਰ ਸਿੰਘ ਗਿੱਲ:** ** ** ਕੁਝ, ** ** ਦੇ ਬੰਦੇ ਹਨ। ਪੰਜਾਬ ਦੇ ਵਿੱਚ ਸਿਰਫ ਤੇ ਸਿਰਫ ਸਾਡਾ ਮੁਸਲਮਾਨਾਂ ਦਾ ਕਸਬਾ ਮਲੇਰਕੋਟਲਾ ਹੈ। ਉਥੋਂ ਦਾ ਸਾਡੇ ਇੱਕ ਐਮ.ਐਲ.ਏ. ਬਣਦਾ ਹੈ। ਜਦੋਂ ਜਦੋਂ ਵੀ ਸਰਕਾਰ ਬਣੀ ਹੈ, ਉਸ ਦੇ ਵਿੱਚ ਮੁਸਲਮਾਨਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਮੰਤਰੀ ਬਣਦੇ ਹਨ। ਇਨ੍ਹਾਂ ਨੂੰ ਪੁੱਛੋ, ਇਹ ਸਰਦਾਰ ਹਰਪਾਲ ਸਿੰਘ ਚੀਮਾ, ਸਾਡੇ ਐਲ.ਓ.ਪੀ ਹਨ, ਇਨ੍ਹਾਂ ਨੂੰ ਉਨ੍ਹਾਂ ਨੇ ਸਹੁੰ ਚੁੱਕ ਸਮਾਗਮ ਵਿੱਚ ਹੀ ਵੜਨ ਨਹੀਂ ਦਿੱਤਾ। ਇਹ ਜਿਹੜੇ ਇਥੇ ਤੁਰੇ ਫਿਰਦੇ ਹਨ, ਇਹ ਕਹਿੰਦੇ ਹਨ ਕਿ **

---

** Expunged/Not recorded as ordered by the Chair/Hon'ble Speaker.

Under Print
Not for Legal/Official use

.
** ਨੇ ਬੜਾ ਕੁਝ ਕਰ ਦਿੱਤਾ ਹੈ। ਬਈ, ਤੁਹਾਨੂੰ ਤਾਂ ਉਹ ਪਛਾਣਦਾ ਵੀ ਨਹੀਂ ਹੈ। *** *** ਮੈਂ ਬੇਨਤੀ ਕਰਾਂਗਾ, ਏਥੇ ਆਮ ਆਦਮੀ ਪਾਰਟੀ ਦੇ 20 ਐਮ.ਐਲ.ਏ ਬਣੇ ਹਨ। ਇਨ੍ਹਾਂ ਨੂੰ ਪੁੱਛੋ ਕਿ ਤੁਸੀਂ ਤਿੰਨ ਸਾਲਾਂ ਦੇ ਵਿੱਚ ਹੁਣ ਤੱਕ ਕਿਸੇ ਆਪਣੇ ਪਿੰਡ ਵਿੱਚ ਇੱਕ ਵੀ ਸਰਪੰਚ ਬਣਾ ਸਕੇ ਹੋ? ਇਹ ਗੱਲਾਂ ਕਰਦੇ ਹਨ। ਜਿੰਨੀਆਂ ਵੀ ਇਲੈਕਸ਼ਨਾਂ ਆਈਆਂ, ਉਨ੍ਹਾਂ ਵਿੱਚ ਤੁਹਾਡੀਆਂ ਜ਼ਮਾਨਤਾਂ ਜ਼ਬਤ ਹੋਈਆਂ ਹਨ, ਅਗਾਂਹ ਵੀ ਹੋਣਗੀਆਂ। ਇਹ ਤੁਸੀਂ ਗੱਲਾਂ ਕਰਦੇ ਹੋ ਕਿ ਕੈਪਟਨ ਅਮਰਿੰਦਰ ਸਿੰਘ ਗੱਲ ਕਰਕੇ ਮੁੱਕਰ ਗਿਆ, ਸਹੁੰ ਖਾ ਕੇ ਮੁੱਕਰ ਗਿਆ, ਤੁਹਾਡਾ ਪ੍ਰਧਾਨ ਆਪਣੀ ਮਾਂ ਦੀ ਸਹੁੰ ਖਾ ਕੇ ਮੁੱਕਰ ਗਿਆ। ਉਹ ਕਹਿੰਦਾ ਸੀ ਮੈਂ ਸ਼ਰਾਬ ਨਹੀਂ ਪੀਵਾਂਗਾ। ਉਹ ਫਿਰ ਸ਼ਰਾਬ ਪੀ ਕੇ ਪਾਰਲੀਮੈਂਟ ਵਿੱਚ ਗਿਆ। ਤੁਸੀ ਉਸ ਪ੍ਰਧਾਨ ਦੀ ਗੱਲ ਕਰਦੇ ਹੋ? ** **। ਤੁਸੀਂ ਕਾਹਦੀ ਗੱਲ ਕਰਨੀ ਹੈ। ਤੁਸੀਂ ਗੱਲਾਂ ਕਰਦੇ ਹਨ। ਪਹਿਲਾਂ ** ** ਨੂੰ ਪੁੱਛੋ ਕਿ ਸ਼ਰਾਬ ਕਦੋਂ ਛੱਡਣੀ ਹੈ।

**ਮਾਨਯੋਗ ਸਪੀਕਰ:** ** ** ਨਾਮ ਐਕਸਪੰਜ ਕਰ ਦਿਓ।(ਵਿਘਨ)(ਸ਼ੋਰ)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਉਹ ਪਾਰਲੀਮੈਂਟ ਵਿੱਚ ਖਲ੍ਹੋ ਕੇ ਉਥੇ ਸ਼ਰਾਬ ਪੀ ਕੇ ਭਾਸ਼ਣ ਦਿੰਦਾ ਹੈ। ਉਸ ਦੇ ਨਾਲ ਬਹਿਣ ਵਾਲੀਆਂ ਕੁਰਸੀਆਂ ਵਾਲਿਆਂ ਨੇ ਕਿਹਾ ਹੈ *** ***। ਤੁਸੀਂ ਗੱਲਾਂ ਕਰਦੇ ਹੋ। ਇਹ ਐਲ.ਓ.ਪੀ ਜਿਹੜੇ ਸਾਡੇ ਬਣੇ ਹਨ, ਇਨ੍ਹਾਂ ਨੂੰ ਪੁੱਛੋ ਤੁਹਾਡੀ ਹਾਲਤ ਕੀ ਹੈ। ਤੁਸੀਂ ਐਵੇਂ ਹੀ ਗੱਲਾਂ ਕਰੀ ਜਾਂਦੇ ਹੋ। ਮੈਂ ਮਾਸਟਰ ਬਲਦੇਵ ਸਿੰਘ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚਾਰ ਦਿਨ ਉਹ ਖਹਿਰਾ ਸਾਹਿਬ ਨਾਲ ਰਹੇ, ਹੁਣ ਇਨ੍ਹਾਂ ਨੂੰ ਫਿਰ ਆਮ ਆਦਮੀ ਪਾਰਟੀ ਯਾਦ ਆ ਗਈ। ਸਪੀਕਰ ਸਾਹਿਬ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਾਸਟਰ ਬਲਦੇਵ ਸਿੰਘ ਥੋੜ੍ਹੇ ਦਿਨ ਪਹਿਲਾਂ ਬੋਲ ਰਹੇ ਸੀ ਕਿ ਸਰਕਾਰ ਜਿਹੜਾ ਸਮਾਰਟ ਸਕੂਲ ਬਣਾਉਂਦੀ ਹੈ,ਉਹ ਐਵੇਂ 25,000 ਰੁਪਿਆ ਲਗਾ ਕੇ ਸਮਾਰਟ ਸਕੂਲ ਬਣਾ ਦਿੰਦੀ ਹੈ। ਵਾਹ ਜੀ, ਵਾਹ। ਆਪ ਮਾਸਟਰ ਹੈ, ਜਿਨ੍ਹਾਂ ਨੇ ਮਾਸਟਰੀ ਕੀਤੀ ਹੈ, ਇਨ੍ਹਾਂ ਨੂੰ ਬਿਗਾਨੀ ਥਾਲੀ ਵਿੱਚ ਲੱਡੂ ਮੋਟਾ ਲੱਗਦਾ ਹੈ ਕਿ ਸ਼ਾਇਦ ** ** ਨੇ ਪਤਾ ਨਹੀਂ ਕਿਹੜੀ ਐਜੂਕੇਸ਼ਨ ਦੇ ਦੇਣੀ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ। ਤੁਸੀਂ ਗੱਲ ਤਾਂ ਸੁਣ ਲਓ।

**ਮਾਨਯੋਗ ਸਪੀਕਰ:** ** ** ਦਾ ਨਾਮ ਐਕਸਪੰਜ ਕਰ ਦਿਓ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਮਾੜਾ ਜਿਹਾ expel ਕਰੋ, ਫਿਰ ਮੇਰੀਆਂ ਗੱਲਾਂ ਸੁਣਿਓ। ਇਹ ਕਿਸ ਵਾਸਤੇ ਰੌਲਾ ਪਾਉਂਦੇ ਹਨ।

---

** Expunged as ordered by the Chair/ Hon'ble Speaker.

Under Print
Not for Legal/Official use

.
**ਮਾਨਯੋਗ ਸਪੀਕਰ:** ਇਨ੍ਹਾਂ ਨੂੰ ਰੌਲਾ ਪਾਈ ਜਾਣ ਦਿਓ, ਪਾਈ ਜਾਣ ਦਿਓ। ਇੱਕ ਸੈਕਿੰਡ ਗਿੱਲ ਸਾਹਿਬ, ਹਾਂ ਜੀ ਸਰਦਾਰ ਸੁਖਪਾਲ ਸਿੰਘ ਜੀ, ਤੁਸੀਂ ਦੱਸੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਜਿਹੜਾ ਅੱਜ ਦਾ ਮੇਨ burning issue ਹੈ ਕਿ ਬੀ.ਜੇ.ਪੀ ਨੇ ਸਮੂਹ ਸ਼ਰਧਾਲੂਆਂ ਤੇ, ਸਮੂਹ ਸਿੱਖ ਕੌਮ ਉੱਤੇ ਜੋ ਅੱਤਵਾਦੀ ਹੋਣ ਦਾ ਸ਼ੰਕਾ ਜ਼ਾਹਿਰ ਕੀਤਾ ਹੈ, ਉਸ ਦੇ ਉੱਤੇ ਸਰਕਾਰ ਨੂੰ ਕੁਝ ਤਾਂ ਬੋਲਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਮੈਂ ਕਹਿ ਰਿਹਾ ਹਾਂ ਕਿ ਕੱਲ੍ਹ ਸੀ.ਐਮ. ਸਾਹਿਬ ਆ ਰਹੇ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਦੇਵ ਸਿੰਘ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਬਾਕੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

(ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਵੈੱਲ ਆਫ ਦਿ ਹਾਊਸ ਵਿੱਚ ਰਿਪੋਰਟਰਾਂ ਦੀ ਟੇਬਲ ਨਜ਼ਦੀਕ ਖੜ੍ਹੇ ਹੋ ਕੇ ਹੱਥਾਂ ਵਿੱਚ ਸਲੋਗਨਜ਼ ਵਾਲੇ ਬੈਨਰ ਫੜ ਕੇ ਲਹਿਰਾ ਰਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ।** ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਕੋਈ ਮੰਤਰੀ, ਪਾਰਲੀਮੈਂਟ ਮਨਿਸਟਰ ਸਾਹਿਬ ਜਵਾਬ ਦੇ ਦੇਵੇ... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਨਹੀਂ, ਗ੍ਰਹਿ ਮੰਤਰਾਲਾ ਸੀ.ਐਮ. ਸਾਹਿਬ ਕੋਲ ਹੈ। (ਵਿਘਨ) (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ** ** (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਹੋਮ ਡਿਪਾਰਟਮੈਂਟ ਸੀ.ਐਮ. ਸਾਹਿਬ ਕੋਲ ਹੈ। This is a no point of order. ਹਾਂ ਜੀ, ਗਿੱਲ ਸਾਹਿਬ।

**ਸਰਦਾਰ ਹਰਮਿੰਦਰ ਸਿੰਘ ਗਿੱਲ** : ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਦਿਨੀਂ ਪੰਜਾਬ ਦੇ ਸਮਾਰਟ ਸਕੂਲਾਂ ਦਾ ਬੜਾ ਰੌਲਾ ਪਾਇਆ ਹੈ। ਆਹ, ਸਾਡੇ ਭਾਈਆਂ ਨੇ ਵੀ ਦਿੱਲੀ ਜਾ ਕੇ ਬੜੀਆਂ ਸਿਫਤਾਂ ਕੀਤੀਆਂ। (ਵਿਘਨ) (ਸ਼ੋਰ) ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਕਦੇ ਪੰਜਾਬ ਦੇ ਸਕੂਲ ਜਾ ਕੇ ਵੇਖੋ (ਕੁਝ ਫੋਟੋਆਂ ਲਹਿਰਾਉਂਦੇ ਹੋਏ) ਆਹ, ਸਾਡੇ ਸਮਾਰਟ ਸਕੂਲ ਹਨ, ਦੇਖੋ ** ** ਦੇ ਨਹੀਂ ਹਨ, ਇਹ ਪੰਜਾਬ ਦੇ ਸਕੂਲ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਦੇਖ ਲਉ, ਇਹ ਸਾਡੇ ਸਮਾਰਟ

---
** Expunged/Not recorded as ordered by the Chair.

.

ਸਕੂਲ ਹਨ। (ਵਿਘਨ) (ਸ਼ੋਰ) ਇਹ ** ** ਨੇ ਨਹੀਂ ਬਣਾਏ, ਇਹ ਅਸੀਂ ਬਣਾਏ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਮਾਰਟ ਸਕੂਲ ਹਨ, ਜਿਨ੍ਹਾਂ ਬਾਰੇ ਗੱਲਾਂ ਕਰਦੇ ਹਨ। ਤੁਸੀਂ ਕਦੇ ਸਕੂਲ ਗਏ ਹੋ, ਤੁਹਾਨੂੰ ਕੀ ਪਤਾ ਹੈ ਸਾਡੇ ਸਮਾਰਟ ਸਕੂਲਾਂ ਬਾਰੇ । (ਕੁਝ ਫੋਟੋਆਂ ਲਹਿਰਾਉਂਦੇ ਹੋਏ) ਆਹ ਦੇਖੋ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਕਿਹੜੀਆਂ ਗੱਲਾਂ ਕਰਦੇ ਹੋ। (ਵਿਘਨ) (ਸ਼ੋਰ)ਇਹ ਸਾਡੇ ਸਮਾਰਟ ਸਕੂਲ ਹਨ। ਥੋੜ੍ਹਾ ਬਹਿ ਕੇ ਸੁਣੋ, (ਆਮ ਆਦਮੀ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ) ਜੇ ਮਾੜੀ ਮੋਟੀ ਜੁਰਅਤ ਹੈ। ਇਹ ਸਮਾਰਟ ਸਕੂਲ ਹਨ। ਤੁਸੀਂ ਗੱਲਾਂ ਕਰੀ ਜਾਂਦੇ ਹੋ।ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਜਦੋਂ (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਇਨ੍ਹਾਂ ਦੀ ਸਰਕਾਰ ਸੀ, ਪੰਜਾਬ ਦੇ ਸਕੂਲ ਮੜ੍ਹੀਆਂ ਵਰਗੇ ਬਣ ਗਏ ਸਨ। (ਵਿਘਨ) (ਸ਼ੋਰ) ਸਕੂਲਾਂ ਨੂੰ ਪਛਾਣਿਆ ਨਹੀਂ ਸੀ ਜਾਂਦਾ ਕਿ ਸਕੂਲ ਚੱਲੇ ਹਾਂ ਕਿ ਮੜ੍ਹੀਆਂ ਚੱਲੇ ਹਨ। ਪਰ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਕਿ ਅੱਜ ਕਿਸੇ ਵੀ ਪਿੰਡ ਚਲੇ ਜਾਉ, ਸਕੂਲ ਲਿਸ਼ਕਾਂ ਮਾਰਦੇ ਹਨ ਅਤੇ ਬਾਹਰ ਦੇਖੋ, ਸਾਰੇ ਸਕੂਲ ਸਮਾਰਟ ਸਕੂਲ ਬਣਾ ਦਿੱਤੇ ਹਨ। ਇਹ ਕਹਿੰਦੇ ਸਨ ਕਿ ਪ੍ਰਾਈਵੇਟ ਸਕੂਲਾਂ ਵਿੱਚ ਸਾਰੇ ਬੱਚਿਆਂ ਨੂੰ ਐਡਮਿਸ਼ਨ ਨਹੀਂ ਮਿਲ ਸਕਦੀ ਹੈ। ਮੈਂ ਕੈਪਟਨ ਸਾਹਿਬ ਜੀ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਪ੍ਰੀ-ਪ੍ਰਾਇਮਰੀ ਕਲਾਸਾਂ ਲਗਾਈਆਂ ਹਨ। ਤਿੰਨ ਸਾਲ ਦੇ ਬੱਚਿਆਂ ਨੂੰ ਐਡਮਿਸ਼ਨਾਂ ਦਿੱਤੀਆਂ ਹਨ। ਉਹ ਬੱਚੇ ਅੰਗਰੇਜ਼ੀ ਪੜ੍ਹਦੇ ਹਨ। ਇਨ੍ਹਾਂ ਨੂੰ ਪੁੱਛੋ ਕਿ ਕੋਈ ਸਰਕਾਰੀ ਸਕੂਲ ਵਿੱਚ ਪੜ੍ਹਿਆ ਹੈ। ਇਹ ਸਿਰਫ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹੇ ਹਨ। (ਵਿਘਨ) (ਸ਼ੋਰ) ਪਰ ਮੈਨੂੰ ਆਪਣੇ ਸਰਕਾਰੀ ਸਕੂਲਾਂ ਦਾ ਮਾਣ ਹੈ। ਮਾਨਯੋਗ ਸਪੀਕਰ ਸਾਹਿਬ, ਸਾਡੇ ਸਰਕਾਰੀ ਸਕੂਲਾਂ ਵਿੱਚ ਕੋਈ ਐਡਮਿਸ਼ਨ ਫੀਸ ਨਹੀਂ ਹੈ, ਕੋਈ ਕਿਤਾਬਾਂ ਦੇ ਪੈਸੇ ਨਹੀਂ ਹਨ, ਕੋਈ ਯੂਨੀਫਾਰਮ ਦੇ ਪੈਸੇ ਨਹੀਂ ਹਨ। ਆਹ ਯੂਨੀਫਾਰਮਾਂ (ਫੋਟੋ ਲਹਿਰਾਉਂਦੇ ਹੋਏ) ** ** ਨੇ ਨਹੀਂ ਭੇਜੀਆਂ, ਕੈਪਟਨ ਅਮਰਿੰਦਰ ਸਿੰਘ ਨੇ ਭੇਜੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਸਮਾਰਟ ਸਕੂਲ ਬਣਾਏ ਹਨ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਹੈਰਾਨ ਰਹਿ ਗਿਆ ਕਿ ਮੇਰੇ ਹਲਕੇ ਦੇ ਜਿੰਨੇ ਵੀ ਸਕੂਲ ਹਨ, 100 ਤੋਂ ਵੱਧ ਐਲੀਮੈਂਟਰੀ ਸਕੂਲ ਹਨ, ਤਕਰੀਬਨ 80 ਦੇ ਲਗਭਗ ਮਿਡਲ ਸਕੂਲ ਹਨ ਜਾਂ ਦੂਸਰੇ ਸਕੂਲ ਹਨ। ਉਹ ਸਾਰੇ ਸਮਾਰਟ ਸਕੂਲ ਬਣ ਗਏ ਹਨ ਅਤੇ ਉੱਥੇ ਬੱਚੇ ਅੰਗਰੇਜ਼ੀ ਬੋਲਦੇ ਹਨ। ਇਹ ਜਿਹੜੇ ਐਲ.ਓ.ਪੀ. ਹਨ, ਇਹ ਇੰਨੀ ਅੰਗਰੇਜ਼ੀ ਨਹੀਂ ਬੋਲ ਸਕਦੇ, ਜਿੰਨੇ ਸਾਡੇ ਸਮਾਰਟ ਸਕੂਲਾਂ ਦੇ ਬੱਚੇ ਬੋਲਦੇ ਹਨ। ਐਲ.ਓ.ਪੀ. ਸਾਹਿਬ, ਮੈਂ ਤੁਹਾਨੂੰ ਚੈਲੰਜ ਕਰਦਾ ਹਾਂ ਕਿ ਤੁਸੀਂ ਸਾਡੇ ਸਮਾਰਟ ਸਕੂਲਾਂ ਦੇ ਤੀਸਰੀ ਜਾਂ ਪੰਜਵੀਂ ਦੇ ਬੱਚਿਆਂ ਨਾਲ ਗੱਲ ਕਰਕੇ ਦੇਖੋ। (ਵਿਘਨ) (ਸ਼ੋਰ)ਇਨ੍ਹਾਂ ਨੂੰ ਪਤਾ ਲੱਗੇਗਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਕੈਸੀ ਹੁੰਦੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ

---

** Expunged as ordered by the Chair.

Under Print
Not for Legal/Official use

.
ਦੀਆਂ ਕੈਪਟਨ ਅਮਰਿੰਦਰ ਸਿੰਘ ਨੇ ਪ੍ਰੀ-ਪ੍ਰਾਇਮਰੀ ਕਲਾਸਾਂ ਸ਼ੁਰੂ ਕੀਤੀਆਂ ਹਨ, 2,70,000 ਬੱਚਾ ਸਾਡੇ ਸਕੂਲਾਂ ਵਿੱਚ ਨਵਾਂ ਭਰਤੀ ਹੋਇਆ ਹੈ। ਲੋਕ ਜਿਹੜੇ ਪੁਰਾਣੇ ਪ੍ਰਾਈਵੇਟ ਸਕੂਲਾਂ ਵਾਲੇ ਹਨ, ਉਹ ਰੌਲਾ ਪਾਉਂਦੇ ਹਨ, ਉਹ ਕਹਿੰਦੇ ਹਨ ਕਿ ਤੁਸੀਂ ਇਹ ਸਕੀਮ ਕਿੱਥੋਂ ਲਿਆਂਦੀ, ਸਮਾਰਟ ਸਕੂਲ ਖੋਲ੍ਹ ਕੇ ਸਾਡੀਆਂ ਦੁਕਾਨਦਾਰੀਆਂ ਬੰਦ ਕਰ ਦਿੱਤੀਆਂ ਹਨ। ਸਰਕਾਰ ਕੋਲ ਐਜੂਕੇਟਿਡ ਟੀਚਰ ਹਨ, ਪੜ੍ਹੇ-ਲਿਖੇ ਸਿਆਣੇ ਟੀਚਰ ਹਨ, ਖੁੱਲ੍ਹੀਆਂ ਬਿਲਡਿੰਗਾਂ ਹਨ, ਅਤੇ ਸਰਕਾਰ ਅੱਜ ਬੜੀ ਕਾਮਯਾਬੀ ਨਾਲ ਚਲਦੀ ਹੈ। ਸਪੀਕਰ ਸਾਹਿਬ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਵੇਲੇ (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਸਾਡੇ ਪਿੰਡ ਨੌਸ਼ਹਿਰਾ ਪੰਨੂਆ ਵਿੱਚ ਇੱਕ ਆਦਰਸ਼ ਸਕੂਲ ਖੋਲ੍ਹਿਆ ਸੀ। (ਵਿਘਨ) (ਸ਼ੋਰ) ਸਾਡੀ ਪੰਚਾਇਤ ਦੀ 11 ਕਿੱਲੇ ਪੈਲੀ ਲਈ, ਉਦੋਂ 11 ਕਿੱਲੇ ਪੈਲੀ ਕਰੋੜ-ਕਰੋੜ ਰੁਪਏ ਦੀ ਪੈਲੀ ਸੀ।ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਦੇ ਲਾਗੇ ਇੱਕ ਸਰਕਾਰੀ ਸਕੂਲ ਸੀ, ਜਿੱਥੇ ਰੋਟੀ ਵੀ ਮਿਲਦੀ ਹੈ, ਫੀਸ ਵੀ ਕੋਈ ਨਹੀਂ ਸੀ, ਉਸ ਦੇ ਲਾਗੇ ਆਣ ਕੇ ਆਦਰਸ਼ ਸਕੂਲ ਖੋਲ੍ਹ ਦਿੱਤਾ। ਜਿਵੇਂ ਲੱਕੀ ਢਾਬੇ ਲਾਗੇ ਹਵੇਲੀ ਖੋਲ੍ਹ ਦਿੱਤੀ, ਉਸ ਤਰ੍ਹਾਂ ਦਾ ਸਾਡਾ ਹਾਲ ਕੀਤਾ। ਸਾਡੀ ਸਰਕਾਰ ਨੇ ਅੱਜ ਫਿਰ ਉਨ੍ਹਾਂ ਸਰਕਾਰੀ ਸਕੂਲਾਂ ਦਾ ਮੂੰਹ ਮੁਹਾਂਦਰਾ ਬਦਲਿਆ ਹੈ। ਮੈਨੂੰ ਮਾਣ ਹੈ ਕਿ ਜਿੰਨਾ ਮਰਜ਼ੀ ਭੁੜਕੀ ਜਾਣ, ਪਰ ਮੈਨੂੰ ਮਾਣ ਹੈ ਸਾਡੀ ਸਰਕਾਰ ਤੇ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਐਜੂਕੇਸ਼ਨ ਇੱਕ ਨੰਬਰ ਤੇ ਜਾਏਗੀ।

ਸਪੀਕਰ ਸਾਹਿਬ, ਇਸ ਦੇ ਨਾਲ-ਨਾਲ ਨਸ਼ਿਆਂ ਦੇ ਸਬੰਧ ਵਿੱਚ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਬਿਮਾਰੀ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਪੰਜਾਬ ਵਿੱਚ ਪਾ ਦਿੱਤੀ ਹੈ, ਜਿਸ ਕਰਕੇ ਅੱਜ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਐਸ.ਟੀ.ਐਫ. ਲਗਾਉਣੀ ਪਈ। ਪਿਛਲੇ ਦਿਨਾਂ ਵਿੱਚ ਬਹੁਤ ਵੱਡੇ ਪੱਧਰ ਤੇ ਜਿਹੜੇ ਲੋਕ ਨਸ਼ਾ ਵੇਚਦੇ ਸਨ ਉਨ੍ਹਾਂ ਨੂੰ ਫੜ ਕੇ ਗ੍ਰਿਫਤਾਰ ਕੀਤਾ ਗਿਆ। ਸਪੀਕਰ ਸਾਹਿਬ, ਇੱਕ ਇਨ੍ਹਾਂ ਦੇ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ) ਬੇਲੀ ਅਨਵਰ ਕੋਲ 200 ਕੁਇੰਟਲ ਹੈਰੋਇਨ ਫੜੀ ਗਈ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ 200 ਕੁਇੰਟਲ ਹੈਰੋਇਨ ਇਸ ਬੰਦੇ ਕੋਲੋਂ ਫੜੀ ਗਈ। ਉਸ ਨਾਲ ਇਨ੍ਹਾਂ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਦੀਆਂ ਫੋਟੋਆਂ ਹਨ। ਇਸ ਦਾ ਜਵਾਬ ਦਿਓ। ਜਦੋਂ ਸਾਡੀ ਐਸ.ਟੀ.ਐਫ, ਪੁਲੀਸ ਨੇ ਪੁੱਛਿਆ ਤਾਂ ਕਹਿੰਦਾ ਕਿ ਮੈਂ ਕੋਠੀ ਕਿਰਾਏ ਤੇ ਦਿੱਤੀ ਸੀ ਪਰ ਉਹ ਅੱਜ ਤੱਕ ਕੋਈ ਕਿਰਾਏਨਾਮਾ ਪੇਸ਼ ਨਹੀਂ ਕਰ ਸਕਿਆ ਹੈ। ਪਰ ਲੋਕਾਂ ਦੇ ਹੱਥਾਂ ਵਿੱਚ ਇਹ ਤੁਹਾਡੀਆਂ ਫੋਟੋਆਂ ਹਨ। ਇਹ ਇਨ੍ਹਾਂ ਦੀਆਂ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਫੋਟੋਆਂ ਹਨ ਅਤੇ ਜਿਸ ਨੂੰ ਸੱਜੇ-ਖੱਬੇ ਬਿਠਾਇਆ ਸੀ ਅਤੇ ਜਿਸ ਨੂੰ ਸਰਵਿਸ ਸਿਲੈਕਸ਼ਨ ਬੋਰਡ ਦਾ ਮੈਂਬਰ ਬਣਾਇਆ ਸੀ ਉਹ ਨਸ਼ੇ ਦੀ ਤਸਕਰੀ ਕਰਦਾ ਹੈ। ਜਿਸ ਦੀ ਇੱਕ ਪੁੜੀ ਨਾਲ, ਇੱਕ ਗ੍ਰਾਮ ਦੇ ਨਾਲ ਬੰਦਾ ਮਰ ਜਾਂਦਾ ਹੈ, ** ** ਦੱਸੋ ਅਸੀਂ ਕਿੱਥੇ ਜਾਵਾਂਗੇ? (

Under Print
Not for Legal/Official use

.
ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਨੂੰ ** ** ਆਉਣੀ ਚਾਹੀਦੀ ਹੈ। ਜਿਸ ਦੀ ਇੱਕ ਚੁਟਕੀ ਨਾਲ ਬੰਦਾ ਮਰ ਜਾਂਦਾ ਹੈ ਉਹ ਕੁਇੰਟਲਾਂ ਵਿੱਚ ਵੇਚਦੇ ਹਨ। ਇਨ੍ਹਾਂ ਦੇ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਲੀਡਰ ਵੇਚਦੇ ਹਨ। ਅੱਜ ਪੰਜਾਬ ਵਿੱਚ ਮੈਨੂੰ ਮਾਣ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ ਜਿੰਨੇ ਵੀ ਸਾਡੇ ਮੰਤਰੀ ਹਨ, ਕਿਸੇ ਦਾ ਵੀ ਨਸ਼ੇ ਨਾਲ ਕੋਈ ਸਬੰਧ ਨਹੀਂ ਹੈ। ਇਨ੍ਹਾਂ ਨੇ ਹੁਣ ਕਹਿ ਦਿੱਤਾ ਹੈ ਕਿ ਰੌਲਾ ਪਾਓ, ਮੇਰਾ ਨਾਂ ਚਲਦਾ ਹੈ ਕਿ ਕਿਤੇ ਮੇਰੀ ਕੋਈ ਗੱਲ ਨਾ ਚੱਲ ਪਏ। ਗੱਲ ਤਾਂ ਚਲੇਗੀ, ਮਜੀਠੀਆ ਸਾਹਿਬ। ** ** ਜਿੰਨੀਆਂ ਮਰਜ਼ੀ ਬਾਹਾਂ ਉੱਚੀਆਂ ਖੜ੍ਹੀਆਂ ਕਰ ਲਓ। ਇਸ ਨਾਲ ਕੁਝ ਨਹੀਂ ਬਣਨਾ ਹੈ। ਮੈਨੂੰ ਕੈਪਟਨ ਅਮਰਿੰਦਰ ਸਿੰਘ ਜੀ ਤੇ ਮਾਣ ਹੈ। ਹੁਣ ਤੱਕ ਪੰਜਾਬ ਵਿੱਚ 193 OOAT (ਓਟ) ਕਲੀਨਿਕ ਖੁੱਲੇ ਹਨ, ਡੀ-ਐਡਿਕਸ਼ਨ ਸੈਂਟਰ ਖੁੱਲ੍ਹੇ ਹਨ। ਜਿਨ੍ਹਾਂ ਨੂੰ ਟੀਕੇ ਲਾਉਣ ਦੀ ਆਦਤ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਪਾਈ ਸੀ ਉਨ੍ਹਾਂ ਨੂੰ ਨਸ਼ਾ ਛੁਡਾਉਣ ਵਾਸਤੇ ਅਸੀਂ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਲੈ ਕੇ ਗਏ ਅਤੇ ਅੱਜ ਹਜ਼ਾਰਾਂ ਲੋਕ ਨਸ਼ਾ ਛੁਡਾਊ ਕੇਂਦਰ, ਜਿੱਥੇ ਕੋਈ ਜਾਂਦਾ ਨਹੀਂ ਸੀ, ਉਨ੍ਹਾਂ ਨੂੰ ਲੈ ਕੇ ਗਏ। ਅੱਜ ਤਰਨਤਾਰਨ ਜ਼ਿਲ੍ਹੇ ਵਿੱਚ ਘੱਟੋ-ਘੱਟ 27,000 ਬੰਦਾ ਨਸ਼ਾ ਛੁਡਾਉਣ ਦੀਆਂ ਗੋਲੀਆਂ ਲੈ ਰਿਹਾ ਹੈ। ਜਦੋਂ ਅਸੀਂ ਕਿਸੇ ਨੂੰ ਪੁੱਛਦੇ ਹਾਂ ਕਿ ਭਾਈ ਤੈਨੂੰ ਬਿਮਾਰੀ ਕਿੱਥੋਂ ਲੱਗੀ ਹੈ ਤਾਂ ਉਹ ਕਹਿੰਦਾ ਹੈ ਕਿ ਮਜੀਠੀਓਂ ਲੱਗੀ ਹੈ। ਮੈਂ ਕਿੱਧਰ ਜਾਵਾਂ। ਜਿਹੜਾ ਵੀ ਕੋਈ ਨਾਂ ਲੈਂਦਾ ਹੈ ਉਹ ਇਨ੍ਹਾਂ ਦਾ ਨਾਂ ਲੈਂਦਾ ਹੈ। ਇਹ ਨੀਲੀਆਂ ਪੱਗਾਂ ਬੰਨ ਕੇ ਲੋਕਾਂ ਨੂੰ ਪੰਥ ਦੇ ਨਾਂ ਤੇ ਧੋਖਾ ਦਿੰਦੇ ਰਹੇ ਹਨ। ਸਪੀਕਰ ਸਾਹਿਬ, ਮੈਂ ਇੱਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਦਿਨੀਂ ** ** ਜਿਹੜੇ ਲਗਾਤਾਰ ਸ੍ਰੀ ਦਰਬਾਰ ਸਾਹਿਬ ਵਿੱਚ ਅਖੰਡ ਪਾਠ ਸਾਹਿਬ ਰਖਵਾਉਂਦੇ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਜਗਦੇਵ ਸਿੰਘ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਪਿਰਮਲ ਸਿੰਘ ਧੌਲਾ ਨੂੰ ਛੱਡ ਕੇ ਬਾਕੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

(ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਜ਼ ਰਿਪੋਰਟਰਜ਼ ਦੀ ਟੇਬਲ ਨੇੜੇ ਖੜ੍ਹੇ ਹੋ ਕੇ ਹੱਥਾਂ ਵਿੱਚ ਬੈਨਰ ਫੜ ਕੇ ਲਹਿਰਾ ਰਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

---

** Expunged as ordered by the Chair.
** Expunged as ordered by the Hon'ble Speaker.
** Expunged/Not recorded as ordered by the Chair.

.

**ਸਰਦਾਰ ਹਰਮਿੰਦਰ ਸਿੰਘ ਗਿੱਲ:** ਉਹ ਖਲੋ ਜਾਉ। ਤੁਹਾਨੂੰ ਡੀ.ਜੀ.ਪੀ. ਬਾਰੇ ਵੀ ਦੱਸਦੇ ਹਾਂ, ਕਿੰਨੀਆਂ ਬਾਹਾਂ ਉੱਚੀਆਂ ਹੁੰਦੀਆਂ ਹਨ। ਪਹਿਲਾਂ ਇਹ ਪੁੱਛੋ ਕਿ ** ** ਨੇ ਇਨ੍ਹਾਂ ਕੋਲੋਂ ਮਾਫੀ ਕਿਉਂ ਮੰਗੀ? ਪਹਿਲਾਂ ਦੱਸੋ ਕਿ ** ** ਨੇ ਮਾਫੀ ਕਿਉਂ ਮੰਗੀ? ਡੀ.ਜੀ.ਪੀ. ਚੇਤੇ ਆਉਂਦਾ ਹੈ। ** ** ** ਕਹੋ। ਗੱਲਾਂ ਮਾਰਦੇ ਹਨ। ਦੱਸੋ, ** ** ਨੇ ਮਾਫੀ ਕਿਉਂ ਮੰਗੀ? ਬੋਲੋ, ਜਵਾਬ ਦਿਓ, ਖਹਿਰਾ ਸਾਹਿਬ ਨੂੰ ਪੁੱਛੋ। ਤੁਸੀਂ ਗੱਲਾਂ ਕਰਦੇ ਹੋ।(ਆਮ ਆਦਮੀ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਰੇ ** ** ਹਨ, ** ** ਹਨ, ਇਨ੍ਹਾਂ ਨੂੰ ਕੋਈ ਗੱਲ ਨਹੀਂ ਆਉਂਦੀ।

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿਓ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਇਹ ਖਹਿਰਾ ਸਾਹਿਬ, ਪਿੱਛੇ ਬੈਠੇ ਹਨ, ਇਹ ਕੱਲ੍ਹ ਦੱਸ ਰਹੇ ਸੀ, ਇਹ ਕਹਿੰਦੇ ਕਿ ਮੈਨੂੰ ** ** ਤੇ ਗੁੱਸਾ ਹੈ ਕਿ ਉਨ੍ਹਾਂ ਨੇ ਜਾ ਕੇ ਮਜੀਠੀਆ ਤੋਂ ਮਾਫੀ ਮੰਗੀ, ਇਸ ਕਰਕੇ ਮੈਂ ਆਮ ਆਦਮੀ ਪਾਰਟੀ ਵਿੱਚ ਜਾਣਾ ਨਹੀਂ ਚਾਹੁੰਦਾ ਤੇ ਇਹ ਅਜੇ ਵੀ ** ** ਦੀ ਸਹੁੰ ਚੁੱਕੀ ਜਾਂਦੇ ਹਨ।

**ਮਾਨਯੋਗ ਸਪੀਕਰ:** ** ** ਦਾ ਨਾਂ ਵੀ ਐਕਸਪੰਜ ਕਰ ਦਿਓ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਮੈਂ ਸਪੀਕਰ ਸਾਹਿਬ, ਇੱਕ ਬੜਾ ਸਨਸਨੀਖੇਜ ਖੁਲਾਸਾ ਕਰਨਾ ਚਾਹੁੰਦਾ ਹਾਂ ਇਹ ਜਿਹੜੇ ਲੋਕ ਗੱਲਾਂ ਕਰਦੇ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਲੇ ਪਾਸੇ ਬਾਬਾ ਗੁਰਬਖਸ਼ ਸਿੰਘ ਜੀ ਦੀ ਜਗ੍ਹਾ ਹੈ, ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਚਾਉਣ ਵਾਸਤੇ, ਅਜ਼ਾਦ ਕਰਵਾਉਣ ਵਾਸਤੇ ਅਬਦਾਲੀ ਦੀ ਫੌਜ ਨਾਲ ਲੜਦਿਆਂ-ਲੜਦਿਆਂ 1 ਦਸੰਬਰ, 1764 ਨੂੰ ਸ਼ਹੀਦੀ ਦੇ ਦਿੱਤੀ, ਉਨ੍ਹਾਂ ਦੀ ਪਿੱਛੇ ਜਗ੍ਹਾ ਬਣੀ ਹੈ। ਇਨ੍ਹਾਂ ਨੂੰ ਪੁੱਛੋ, ਉਹ ਇਨ੍ਹਾਂ ਦੇ ਰਿਸ਼ਤੇਦਾਰ ਹਨ ਪਿਛਲੇ ਦਸਾਂ ਸਾਲਾਂ ਤੋਂ ਉਸ ਜਗ੍ਹਾ ਤੇ ਕਬਜ਼ਾ ਕੀਤਾ ਹੈ, ਉੱਥੇ ਲਗਾਤਾਰ ਪਾਠ ਚਲਦੇ ਹਨ। ਕਿਸੇ ਪ੍ਰੇਮੀ ਨੂੰ ਪਾਠ ਨਹੀਂ ਕਰਾਉਣ ਦਿੰਦੇ। ਇਨ੍ਹਾਂ ਦਾ ਕੀ ਹੱਕ ਬਣਦਾ ਹੈ? ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਦਾ ਸ੍ਰੀ ਦਰਬਾਰ ਸਾਹਿਬ ਕੋਈ ਸ਼ਹੀਦ ਹੋਇਆ ਹੈ? ਉਹ ਭਾਈ ਤੁਸੀਂ ਤਾਂ ਕਿਸੇ ਨੂੰ ਸ੍ਰੀ ਅਖੰਡ ਪਾਠ ਨਹੀਂ ਰਖਵਾਉਣ ਦਿੰਦੇ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਅਖੰਡ ਪਾਠਾਂ ਦਾ ਕੋਈ ਫਰਕ ਨਹੀਂ ਪੈਂਦਾ, ਜਦੋਂ ** ਸ੍ਰੀ ਅਖੰਡ ਪਾਠ ਦਾ ਭੋਗ ਪਵਾ ਕੇ ਇਨਫਰਮੇਸ਼ਨ ਦਫਤਰ ਵਿਚੋਂ ਬਾਹਰ ਆਏ, ਉੱਥੇ ਆ ਕੇ ਕਹਿੰਦੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰੱਖਣ ਵੇਲੇ ਕਿਸੇ ਅੰਮ੍ਰਿਤਧਾਰੀ ਤੋਂ ਨੀਂਹ ਨਹੀਂ ਰਖਵਾਈ, ਸਾਈ ਮੀਆਂ ਮੀਰ ਤੋਂ ਨੀਂਹ ਰਖਵਾਈ ਹੈ। ਉਹ ਸ਼ਰਮ ਕਰੋ, ਤੁਹਾਨੂੰ ਸ੍ਰੀ ਅਖੰਡ ਪਾਠ ਰੱਖਣ ਦਾ ਕੀ ਫਾਇਦਾ ਹੈ? (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਤੁਹਾਨੂੰ ਇਹ ਨਹੀਂ ਪਤਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਤਾਂ ਕਿਸੇ ਨੇ ਅੰਮ੍ਰਿਤ ਛਕਾਇਆ ਹੀ ਨਹੀਂ

---

** Expunged as ordered by the Chair.

Under Print
Not for Legal/Official use

.
ਸੀ। ਇਹ ਝੂਠ ਮਾਰਦੇ ਹਨ, ਇਨ੍ਹਾਂ ਅਕਾਲੀਆਂ ਨੂੰ ਪੁੱਛੋ ਕਿ ਇਨ੍ਹਾਂ ਦੀ ਕਿਰਪਾਨ ਕਿੱਥੇ ਹੈ? ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਦਾ ਪੰਥ ਕਿੱਥੇ ਹੈ? ਸਰ, ਇਨ੍ਹਾਂ ਨੂੰ ਕੋਈ ਨਹੀਂ ਪਤਾ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਸੋਨੇ ਦੇ ਪਤਰੇ ਚੜ੍ਹਾਏ, ਉੱਥੇ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਮੇਰੇ ਤੇ ਕਿਰਪਾ ਕੀਤੀ, ਗੁਰੂ ਸਾਹਿਬ ਨੇ ਕਿਰਪਾ ਕਰਕੇ ਆਪਣਾ ਨਿਮਾਣਾ ਸਿੱਖ ਜਾਣ ਕੇ ਉੱਥੇ ਸੋਨੇ ਦੀ ਸੇਵਾ ਲਈ ਪਰ ਜਦੋਂ ** ਨੇ ਉਹ ਹੈਰੀਟੇਜ ਗਲੀ ਬਣਾਈ ਤਾਂ ਉੱਥੇ ਲਿਖਿਆ ਹੈ ਕਿ ਇਹ ਪ੍ਰਾਜੈਕਟ ** ਨੇ ਉਲੀਕਿਆ ਤੇ ਸਿਰਜਿਆ ਹੈ। ਲੱਖ ਲਾਹਨਤ ਤੁਹਾਡੇ ਉੱਤੇ, ਇਹ ਸਿਰਜਣਹਾਰ ਕਦੋਂ ਤੋਂ ਬਣ ਗਏ? (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਨ੍ਹਾਂ ਨੂੰ ਪੁੱਛੋ ਕਿ ਇਹ ਸਿਰਜਣਹਾਰ ਕਦੋਂ ਬਣ ਗਏ? ਇਨ੍ਹਾਂ ਨੂੰ ਤਾਂ ਪਤਾ ਵੀ ਨਹੀਂ। ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ, ਪਿਛਲੇ ਦਿਨੀਂ ਕੈਪਟਨ ਅਮਰਿੰਦਰ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ.......

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਕੰਵਰ ਸੰਧੂ ਸਾਹਿਬ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਬਹੁਤ ਅਹਿਮ ਮਸਲੇ ਉੱਤੇ ਗਵਰਨਰ ਐਡਰੈਸ ਉੱਤੇ ਡਿਬੇਟ ਹੋ ਰਹੀ ਹੈ। ਇਸ ਵੇਲੇ ਕੁਝ ਸਮਝ ਨਹੀਂ ਆ ਰਿਹਾ ਕਿ ਕੀ ਕਿਹਾ ਜਾ ਰਿਹਾ ਹੈ। ਕਾਈਂਡਲੀ ਇਹ ਡੈੱਡਲੋਕ ਤੋੜਨ ਵਾਸਤੇ ਇੱਧਰੋਂ ਮਨਿਸਟਰ ਸਾਹਿਬ ਤੋਂ ਸਟੇਟਮੈਂਟ ਦਿਵਾ ਦਿਉ।ਤੁਸੀਂ ਡੈੱਡਲੋਕ ਤੋੜਨ ਵਾਸਤੇ ਮੰਤਰੀ ਸਾਹਿਬ ਤੋਂ ਸਟੇਟਮੈਂਟ ਦਿਵਾ ਦਿਉ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਮੰਤਰੀ ਜੀ ਜਵਾਬ ਦੇ ਸਕਦੇ ਹਨ। ਹਾਂ ਜੀ, ਗਿੱਲ ਸਾਹਿਬ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਇੰਨੇ-ਕੁ ਗਿਆਨੀ ਹਨ, ਪਿਛਲੇ ਦਿਨੀਂ ਇਨ੍ਹਾਂ ਦੇ ਬਹੁਤ ਵੱਡੇ ਲੀਡਰ ** ਬੋਲਦੇ-ਬੋਲਦੇ ਕਹਿੰਦੇ ਕਿ ** ਦੇ ਪੜਨਾਨੇ ਨੇ ਬੰਦੇ ਬਹਾਦਰ ਦਾ ਸਿਰ ਹੀ ਲਾਹ ਦਿੱਤਾ ਸੀ। ਦੱਸੋ, ਇਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ? (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ)

**ਮਾਨਯੋਗ ਸਪੀਕਰ:** ** ਐਕਸਪੰਜ ਕਰ ਦਿਉ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਉਹ ਕਹਿੰਦਾ ਇਤਿਹਾਸ ਪੜ੍ਹਿਆ ਕਰੋ। ਉਹ ਕਹਿੰਦਾ, ਉਹ ਸਟੇਜ ਤੋਂ ਬੋਲਦਿਆਂ ਦੋ ਵਾਰੀ ਕਹਿੰਦਾ ਕਿ ਇਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸਿਰ ਲਾਹਿਆ ਸੀ। ਦੱਸੋ, ਕਿਹੜੀ ਗੱਲ ਹੈ? ਇਹ ਇੰਨੇ *** ਬੰਦੇ ਹਨ। ਇਹ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸਿਰ ਲਾਹੁਣ ਵਾਲੇ

---

** Expunged as ordered by the Chair/Hon'ble Speaker.

Under Print
Not for Legal/Official use

.
ਬੰਦੇ, ਅੱਜ ਪੰਥ ਦੇ ਅਲੰਬਰਦਾਰ ਬਣੇ ਹਨ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਨੇ ਅੰਮ੍ਰਿਤਸਰ ਦੇ ਵਿੱਚ ਹੈਰੀਟੇਜ ਸਟਰੀਟ ਬਣਾਈ, ਉੱਥੇ ਸਰਕਾਰ ਦਾ ਪੈਸਾ ਲਗਾਇਆ। ਜਦੋਂ ਇਨ੍ਹਾਂ ਦੇ ਰਿਸ਼ਤੇਦਾਰ ਨੇ ਉਹ ਪ੍ਰਾਜੈਕਟ ਉਲੀਕਿਆ ਤੇ ਸਿਰਜਿਆ, ਉਸ ਦੇ ਵਿੱਚ ਕੁਝ ਭੰਗੜੇ ਵਾਲੇ ਬੁੱਤ ਲਗਾ ਦਿੱਤੇ। ਇਨ੍ਹਾਂ ਨੂੰ ਪਤਾ ਨਹੀਂ ਸੀ, ਉੱਥੇ ਐਲ.ਈ.ਡੀ. ਸਕ੍ਰੀਨਾਂ ਲੱਗੀਆਂ ਹਨ, ਜਿੱਥੇ 24 ਘੰਟੇ ਕੀਰਤਨ ਚੱਲਦਾ ਹੈ, ਜਿੱਥੇ ਕੀਰਤਨ ਚੱਲਦਾ ਹੈ, ਉਹ ਗੋਲਡਨ ਟੈਂਪਲ ਕੰਪਲੈਕਸ ਦਾ ਪਾਰਟ ਹੀ ਬਣ ਜਾਂਦਾ ਹੈ। ਉੱਥੇ ਭੰਗੜੇ ਵਾਲੇ, ਦੇਖੋ ਕਿਵੇਂ ਨੱਚਦੇ ਹਨ? ਇਵੇਂ ਨੱਚਦੇ ਸੀ। (ਆਮ ਆਦਮੀ ਪਾਰਟੀ ਦੇ ਮੈਂਬਰ ਵੱਲ ਇਸ਼ਾਰਾ) ਇਵੇਂ ਨੱਚਦੇ ਸੀ। ਇਨ੍ਹਾਂ ਦੇ ਬੁੱਤ ਲਗਾ ਦਿੱਤੇ, ਇਹ ਜਿਹੜੇ ਨੱਚਣ ਵਾਲੇ ਹਨ। ਉਹ ਵੇਖੋ ਕਿਵੇਂ ਨੱਚਦੇ ਹਨ, ਇਸ ਤਰ੍ਹਾਂ ਨੱਚਦੇ ਹਨ। ਮੇਰੇ ਕੋਲ ਤੁਹਾਡੇ ਬੁੱਤ ਹਨ, ਫਿਕਰ ਨਾ ਕਰੋ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਹਜੂਰੀ ਰਾਗੀ ਬਾਹਰ ਆਏ ਤਾਂ ਉਹ ਕਹਿੰਦੇ ਬੁੱਤ ਹਟਾਉਣੇ ਚਾਹੀਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਕਹਿੰਦੇ ਕਿ ਇਹ ਬੁੱਤ ਹਟਣੇ ਚਾਹੀਦੇ ਹਨ। ਉਦੋਂ ਕੈਪਟਨ ਅਮਰਿੰਦਰ ਸਿੰਘ ਜੀ ਨੇ ਇੱਕ ਦਿਨ ਵਿੱਚ ਬੁੱਤ ਹਟਵਾ ਦਿੱਤੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਹੁੰਦੀ ਤਾਂ ਭਾਵੇਂ 100 ਬੰਦਾ ਮਰ ਜਾਂਦਾ ਪਰ ਇਨ੍ਹਾਂ ਨੇ ਬੁੱਤ ਨਹੀਂ ਸੀ ਹਟਾਉਣੇ। ਇਹ ਪਿਉ ਦੇ ਪੁੱਤਾਂ ਨੇ ਬੁੱਤ ਨਹੀਂ ਸੀ ਹਟਾਉਣੇ ਪਰ ਜਿਸ ਦਿਨ ਇਹ ਬੁੱਤ ਚੁੱਕਿਆ ਜਾ ਰਿਹਾ ਸੀ, ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ਨਾਲ ਕਰੇਨ ਲਾ ਕੇ ਚੁੱਕਿਆ, ਮੈਂ ਉਦੋਂ ਸਮਝ ਗਿਆ ਕਿ ਇਹ ਬੁੱਤ ਨਹੀਂ ਚੁੱਕਿਆ। ਇਹ ਪੰਜਾਬ ਦੀ ਧਰਤੀ ਤੋਂ ** ਨੂੰ ਚੁੱਕ ਦਿੱਤਾ ਹੈ, ** ਹੀ ਚੁੱਕ ਦਿੱਤਾ ਹੈ।

**ਮਾਨਯੋਗ ਸਪੀਕਰ:** **ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਇਹ ਦੱਸਣ ਕਿ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਕਿੱਥੇ ਹੈ? ਇਨ੍ਹਾਂ ਨੂੰ ਪੁੱਛੋ ਕਿ ਤੁਹਾਡੀ ਪਾਰਟੀ ਦੇ ਲੀਡਰ ਢੀਂਡਸਾ ਜੀ ਕਿੱਥੇ ਹਨ? ਉਹ ਢੀਂਡਸਾ ਦੱਸੋ, ਉਹ ਤੁਹਾਨੂੰ ਤਾਂ ਕੱਲ੍ਹ ਪਾਰਟੀ ਵਿੱਚੋਂ ਕੱਢ ਦਿੱਤਾ ਹੈ।(ਵਿਘਨ) ਸਪੀਕਰ ਸਾਹਿਬ, ਕੱਲ੍ਹ ਇਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਹੈ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ)।ਇਹ ਵੱਡੇ ਲੀਡਰ ਬਣੇ ਫਿਰਦੇ ਹਨ। ਸੰਗਰੂਰ ਦੀ ਰੈਲੀ ਵਿੱਚ ਇਨ੍ਹਾਂ ਦਾ ਰਾਜ ਸਭਾ ਦਾ ਮੈਂਬਰ ਉਹ ਸਾਰੇ ਇਕੱਠੇ ਹੋ ਗਏ। ਹੁਣ ਦੱਸੋ, ਪੰਥ ਕਿਸ ਨੂੰ ਮੰਨੀਏ?(ਵਿਘਨ) ਇਨ੍ਹਾਂ ਨੂੰ ਪੰਥ ਮੰਨੀਏ? (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਨੂੰ ਪੁੱਛੋ, ਇਹ ਗੱਲਾਂ ਮਾਰੀ ਜਾਂਦੇ ਹਨ।(ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਪਿਰਮਲ ਸਿੰਘ ਧੌਲਾ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਸਦਨ ਵਿੱਚ ਬਾਕੀ ਹਾਜ਼ਰ ਮੈਂਬਰ ਵੈੱਲ

.
ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਰਿਪੋਰਟਰਜ਼ ਦੀ ਟੇਬਲ ਨਜ਼ਦੀਕ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।(ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਮੈਂ ਇੱਕ ਦਫਾ ਫਿਰ ਅਪੀਲ ਕਰਦਾ ਹਾਂ (ਵਿਘਨ) ਮੈਂ ਇੱਕ ਦਫਾ ਫਿਰ ਅਪੀਲ ਕਰਦਾ ਹਾਂ ਕਿ ਜੇ ਤੁਸੀਂ ਇਸ ਮੁੱਦੇ ਤੇ ਸੀਰੀਅਸ ਹੋ, ਇਸ ਇਸ਼ੂ ਉੱਤੇ ਸੀਰੀਅਸ ਹੋ, ਜਿਸ ਨੂੰ ਤੁਸੀਂ ਉਠਾ ਰਹੇ ਹੋ ਤਾਂ ਤੁਸੀਂ ਕੱਲ੍ਹ ਤੱਕ ਇੰਤਜ਼ਾਰ ਕਰੋ। (ਵਿਘਨ) ਕੱਲ੍ਹ ਨੂੰ ਮੁੱਖ ਮੰਤਰੀ ਜੀ ਸਟੇਟਮੈਂਟ ਦੇ ਦੇਣਗੇ। ਮੈਂ ਤੁਹਾਨੂੰ ਫਿਰ ਅਪੀਲ ਕਰਦਾ ਹਾਂ ਕਿ ਜੇ ਤੁਸੀਂ ਸੀਰੀਅਸ ਹੋ ਤਾਂ ਕੱਲ੍ਹ ਤੱਕ ਵੇਟ ਕਰੋ, ਜੇ ਸੀਰੀਅਸ ਨਹੀਂ ਤਾਂ ਫਿਰ ਤੁਹਾਡੀ ਮਰਜ਼ੀ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੇਰੇ ਕੋਲ ਕਿਸੇ ਅਧਿਕਾਰੀ ਨੂੰ ਸਸਪੈਂਡ ਕਰਨ ਦਾ ਅਧਿਕਾਰ ਨਹੀਂ ਹੈ। (ਵਿਘਨ) ਹਾਊਸ ਵੀ ਸਸਪੈਂਡ ਨਹੀਂ ਕਰ ਸਕਦਾ, ਹਾਊਸ ਵੀ ਨਹੀਂ ਕਰ ਸਕਦਾ। (ਵਿਘਨ) ਹਾਂ ਜੀ, ਸਰਦਾਰ ਹਰਮਿੰਦਰ ਸਿੰਘ ਗਿੱਲ ਜੀ, ਤੁਸੀਂ ਕਾਂਟੀਨਿਊ ਕਰੋ ਜੀ।।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਥੋੜ੍ਹੇ ਦਿਨ ਖੜ੍ਹ ਜਾਓ। ਇਨ੍ਹਾਂ ਨੂੰ ** ** ਦੀ ਆਵਾਜ਼ ਸੁਣੇਗੀ।ਇਹ ਥੋੜ੍ਹੇ ਦਿਨ ਖਲੋ ਜਾਣ, ਇਨ੍ਹਾਂ ਦੇ ਪੈਰ੍ਹਾਂ ਥੱਲੋਂ ਜ਼ਮੀਨ ਨਿਕਲ ਜਾਣੀ ਹੈ। (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਮੈਨੂੰ ਪਤਾ ਹੈ ਕਿ ਆਹ ਜਿਹੜੇ ਐਮ.ਐਲ.ਏ. ਖੜ੍ਹੇ ਹਨ, ਇਨ੍ਹਾਂ ਵਿੱਚੋਂ ਵੀ ਦੋ-ਤਿੰਨ ਭੱਜ ਜਾਣੇ ਹਨ।

**ਮਾਨਯੋਗ ਸਪੀਕਰ:** ** ਦਾ ਨਾਂ ਐਕਸਪੰਜ ਕਰ ਦਿਓ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ** ** ਕਿੱਥੇ ਹੈ? ਸਰਦਾਰ ਪਰਮਿੰਦਰ ਸਿੰਘ ਢੀਂਡਸਾ ਕਿੱਥੇ ਹੈ? ਜਿਹੜਾ ਇਨ੍ਹਾਂ ਦੀ ਪਾਰਟੀ ਦਾ ਲੀਡਰ ਸੀ, ਉਹ ਛੱਡ ਕੇ ਭੱਜ ਗਿਆ।(ਵਿਘਨ) ਉਨ੍ਹਾਂ ਨੇ ਪਾਰਟੀ ਵਿੱਚੋਂ ਕੱਢ ਦਿੱਤਾ, ਹੁਣ ਇਹ ** ** ਕਰਦੇ ਹਨ (ਵਿਘਨ) ਇਹ ਕਾਹਦੀ ** ** ਕਰਦੇ ਹਨ (ਵਿਘਨ) ਆਪਣੀ ** ** ਕਰੋ।** ** ਤੁਸੀਂ *** *** ਕਰ ਦਿੱਤਾ। ਉੱਚੀ-ਉੱਚੀ *** *** ਬੋਲੋ। ਉੱਚੀ ਬੋਲੋ, *** *** ।ਪਿਛਲੇ ਵਾਲੇ ਪਾਸੇ ਮੂੰਹ ਕਰਕੇ ਬੋਲੋ, *** *** ।

**ਮਾਨਯੋਗ ਸਪੀਕਰ:** ** ** ਸ਼ਬਦ ਐਕਸਪੰਜ ਕਰ ਦਿਓ।

---

** Not recorded/Expunged as ordered by the Chair.
** Expunged as ordered by the Chair/Hon'ble Speaker.

Under Print
Not for Legal/Official use

.
(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਪਿਰਮਲ ਸਿੰਘ ਧੌਲਾ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਬਾਕੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।ਇਸ ਸਮੇਂਸਦਨ ਵਿੱਚ ਕਾਫੀ ਸ਼ੋਰ ਸੀ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਰਿਪੋਰਟਰਜ਼ ਦੇ ਟੇਬਲ ਨਜ਼ਦੀਕ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਇਹ ਸਭ ਦੋਸ਼ੀ ਬੰਦੇ ਹਨ, ਇਨ੍ਹਾਂ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ। ਸਰ, ਮੈਂ ਇਨ੍ਹਾਂ ਦੇ *** *** ਦੱਸਣਾ ਚਾਹੁੰਦਾ ਹਾਂ । ਅੱਜ ਸਾਡੀ ਸਰਕਾਰ ਨੇ ਪੰਜਾਬ ਦੇ ਵਿੱਚ ਜਿਹੜੀ ਗਰੀਬ ਜਨਤਾ ਹੈ, ਉਸ ਨੂੰ ਦੋ ਰੁਪਏ ਕਿਲੋ ਕਣਕ ਵੰਡਣੀ ਸ਼ੁਰੂ ਕੀਤੀ ਹੈ।ਮੈਂ ਦੱਸਣਾ ਚਾਹੁੰਦਾ ਹਾਂ ਕਿ ਡਾਕਟਰ ਮਨਮੋਹਨ ਸਿੰਘ ਜੀ ਦੀ ਸਰਕਾਰ ਨੇ ਫੂਡ ਸਕਿਉਰਟੀ ਬਿਲ ਲਿਆਂਦਾ ਸੀ।ਉਸ ਤਹਿਤ ਦੋ ਰੁਪਏ ਕਿਲੋ ਕਣਕ ਦੇਣੀ ਸ਼ੁਰੂ ਕੀਤੀ ਸੀ। ਮੈਂ ਇਨ੍ਹਾਂ ਦੀ ਕਾਰਵਾਈ ਦੱਸਣਾ ਚਾਹੁੰਦਾ ਹਾਂ (ਵਿਘਨ) (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਇਹ ਜਿਹੜੇ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਨਾਅਰੇ ਲਗਾ ਰਹੇ ਹਨ, ਮੈਂ ਇਨ੍ਹਾਂ ਦੀ ਕਾਰਵਾਈ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਹਲਕੇ ਵਿੱਚ 99% ਕਣਕ ਮਿਲਦੀ ਸੀ ਜਦਕਿ ਅਟਾਰੀ ਵਾਲਿਆਂ ਨੂੰ 29% ਕਣਕ ਮਿਲਦੀ ਸੀ।ਸਪੀਕਰ ਸਾਹਿਬ, ਮਜੀਠੇ ਹਲਕੇ ਵਿੱਚ 99% ਲੋਕ ਕਣਕ ਲੈਂਦੇ ਸਨ। ਇਹ ਸਭ ਤੋਂ ਵੱਡੇ ਦੋਸ਼ੀ ਹਨ।ਇਹ ਗਰੀਬਾਂ ਦੀ ਕਣਕ ਖਾਣ ਵਾਲੇ ਹਨ ਪਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਉਸ ਸਾਰੇ ਸਿਸਟਮ ਨੂੰ ਚੁਸਤ-ਦਰੁੱਸਤ ਕਰਨ ਵਾਸਤੇ ਉਥੇ ਅਸੀਂ ਮਸ਼ੀਨਾਂ ਲਗਾਈਆਂ ਕਿ ਜਿਹੜਾ ਵੀ ਬੈਨੀਫਿਸ਼ਰੀ ਹੋਵੇਗਾ, ਉਹ ਆਪਣਾ ਅੰਗੂਠਾ ਲਗਾ ਕੇ ਕਣਕ ਲਵੇਗਾ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਦੇ 18 ਪਰਸੈਂਟ ਚੇਲੇ ਭੱਜ ਗਏ, ਜਿਹੜੇ ਜਾਅਲੀ ਬੋਰੀਆਂ ਲੈ ਕੇ ਘਰਾਂ ਨੂੰ ਨਿਕਲ ਜਾਂਦੇ ਸਨ, ਉਹ 18% ਭੱਜ ਗਏ।ਅੱਜ ਸਾਡੀ ਸਰਕਾਰ ਨੇ, ਕੈਪਟਨ ਅਮਰਿੰਦਰ ਸਿੰਘ ਜੀ ਨੇ ਏਨਾ ਫਾਇਦਾ ਕਰ ਦਿੱਤਾ।(ਵਿਘਨ) ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਨੇ ਆਪਣੀਆਂ ਫੋਟੋਆਂ ਲਗਾ ਕੇ, ਡਾਕਟਰ ਮਨਮੋਹਨ ਸਿੰਘ ਜੀ ਦੀ ਕਣਕ ਵਾਲੀਆਂ ਥੈਲੀਆਂ ਅਤੇ ਕਾਰਡਾਂ ਉੱਤੇ ਬਾਦਲ ਸਾਹਿਬ ਦੀਆਂ ਫੋਟੋਆਂ ਲਗਾ ਕੇ ਵੰਡੀ।ਇੱਕ ਮੇਰੇ ਹਲਕੇ ਦਾ ਮੰਤਰੀ ** ** ਜਿਸ ਨੇ ਬੜੀ ਕੁਰਬਾਨੀ ਕੀਤੀ ਹੈ ਕਿ ਉਹ ਜਾਂਦੇ-ਜਾਂਦੇ 31,000 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਸਿਰ ਤੇ ਚਾੜ੍ਹ ਗਏ।

Under Print
Not for Legal/Official use

.
**ਮਾਨਯੋਗ ਸਪੀਕਰ:** ** ** ਦਾ ਨਾਂ ਵੀ ਐਕਸਪੰਜ ਕਰ ਦਿਓ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਜਿਨ੍ਹਾਂ ਨੇ ਇੰਨਾ ਕਰਜ਼ਾ ਚੜ੍ਹਾਇਆ ਹੈ, ਉਨ੍ਹਾਂ ਦੀਆਂ ਕਾਰਡਾਂ ਤੇ ਫੋਟੋਆਂ ਲੱਗੀਆਂ ਸਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ equal distribution ਕਰਨ ਵਾਸਤੇ, ਸਾਰਿਆਂ ਹਲਕਿਆਂ ਦੇ ਵਿੱਚ ਜਿੱਥੇ ਘੱਟ ਵੰਡੀ ਜਾ ਰਹੀ ਸੀ ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਜਿੱਥੇ ਇਨ੍ਹਾਂ ਦੇ ਸੱਜਣ ਲੁੱਟ ਰਹੇ ਸਨ, ਉਨ੍ਹਾਂ ਹਲਕਿਆਂ ਵਿੱਚੋਂ ਕਟੌਤੀ ਕਰਕੇ ਨਵੇਂ ਕਾਰਡ ਬਣ ਰਹੇ ਹਨ ਔਰ ਇਸ ਦੇ ਨਾਲ-ਨਾਲ ਜਿਹੜੀ ਗਰੀਬ ਜਨਤਾ ਹੈ, ਮੈਂ ਉਸ ਦਿਨ ਵੇਖਿਆ ਹੈ, ਜਦੋਂ ਗਰੀਬ ਲੋਕ ਲਾਈਨਾਂ ਵਿੱਚ ਲੱਗੇ ਸਨ ਤਾਂ ਇਹ ਉਨ੍ਹਾਂ ਨੂੰ ਕਹਿੰਦੇ ਸਨ ਕਿ ਤੁਸੀਂ ਕਾਂਗਰਸ ਦੇ ਵੋਟਰ ਹੋ(ਵਿਘਨ)(ਸ਼ੋਰ) ਇਸ ਕਰਕੇ ਤੁਹਾਨੂੰ ਕਣਕ ਨਹੀਂ ਦੇਣੀ।(ਵਿਘਨ) ਉਨ੍ਹਾਂ ਲੋਕਾਂ ਨੂੰ ਕਣਕ ਤੋਂ ਵਾਂਝਾ ਕਰ ਦਿੱਤਾ ਜਾਂਦਾ ਸੀ ਲੇਕਿਨ ਅੱਜ ਮੈਂ ਇਨ੍ਹਾਂ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਵੀ ਕਣਕ ਦਿਆਂਗੇ, ਅਸੀਂ ਸਾਰਿਆਂ ਨੂੰ ਕਣਕ ਦੇਵਾਂਗੇ। ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਲੋਕਾਂ ਦੇ ਕਰਜ਼ੇ ਮੁਆਫ ਕੀਤੇ ਹਨ।ਇਹ ਆਪਣੇ ਆਪ ਦੇ ਵਿੱਚ ਨਾਅਰੇ ਮਾਰਦੇ ਹੋ। (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਇਹ *** *** ਹਨ। ਇਹ ** ** ਨੂੰ ਪੁੱਛੋ ਕਿ ** ਕੌਣ ਹੈ। ਇਹ ** ** ਨੂੰ ਪੁੱਛੋ ਕਿ ** ਕੌਣ ਹੈ? ਇਹ **** ਨੂੰ ਪੁੱਛੋ ਕਿ ਗੱਦਾਰ ਕੌਣ ਹੈ।ਇਹ ਤੁਹਾਨੂੰ ਸਾਰੇ ਦੱਸ ਦੇਣਗੇ। ** ** ਵੀ ਭੱਜ ਗਿਆ। ਤੁਸੀਂ ਬਾਕੀ ਬਚਾਉ। ਇਹ ਤਿੰਨ-ਚਾਰ ਹੋਰ ਭੱਜ ਜਾਣੇ ਹਨ।

**ਮਾਨਯੋਗ ਸਪੀਕਰ:** ਇਹ ਜਿੰਨੇ ਨਾਮ ਲਏ ਹਨ, ਸਾਰੇ ਐਕਸਪੰਜ ਕੀਤੇ ਜਾਣ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਇਹ ਬੋਲਣ ਨਹੀਂ ਦਿੰਦੇ। ਫਿਰ ਮੈਂ ਕੁਝ ਨਾ ਕੁਝ ਤਾਂ ਕਰਾਂਗਾ ਹੀ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ । ਇਹ ** ** ਨਹੀਂ ਭੱਜਣਾ, ਇਹ ** ** ਨਹੀਂ ਭੱਜਣੇ, ਇਹ ਰਹਿਣਗੇ, ਬਾਕੀ ਪੰਥਕ ਭੱਜ ਜਾਣਗੇ। ਉੱਥੇ ਪ੍ਰਧਾਨਗੀ ਦਾ ਰੌਲਾ ਹੈ। ਜਦੋਂ ਰੌਲਾ ਸੈੱਟ ਹੋ ਗਿਆ ਤਾਂ ਸਾਰੇ ਭੱਜ ਜਾਣਗੇ। (ਵਿਘਨ)(ਸ਼ੋਰ) ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮਾਫ ਕੀਤਾ ਹੈ, ਹੁਣ ਇੱਕ-ਇੱਕ ਪਿੰਡ ਦੇ ਵਿੱਚੋਂ 100-100 ਲੋਕਾਂ ਦਾ ਕਰਜ਼ਾ ਮਾਫ ਹੋਇਆ ਹੈ। ਮੇਰੇ ਪੱਟੀ ਵਰਗੇ ਹਲਕੇ ਦੇ ਵਿੱਚ 35 ਕਰੋੜ ਰੁਪਏ ਦਾ ਕਰਜ਼ਾ ਮਾਫ ਹੋਇਆ ਹੈ। ਜਦੋਂ ਕਰਜ਼ਾ ਮਾਫ ਹੋਇਆ, ਜਦੋਂ ਅਕਾਲੀਆਂ ਦਾ ਕਰਜ਼ਾ ਮਾਫ ਹੋਇਆ ਤਾਂ ਚੁੱਪ ਚੁਪੀਤੇ ਉਹ ਵੀ ਕਰਜ਼ੇ ਮਾਫ ਕਰਵਾ ਗਏ ਤੇ ** ** ਰੌਲਾ ਪਾਉਣ ਲੱਗ ਪਏ ਕਿ ਸਾਰੇ ਕਰਜ਼ੇ ਮਾਫ ਕਰੋ, ਸਾਰੇ ਕਰਜ਼ੇ ਮਾਫ ਕਰੋ। ਸਪੀਕਰ ਸਾਹਿਬ, ਸਾਰਾ ਕਰਜ਼ਾ ਤਾਂ ਇਨ੍ਹਾਂ ਨੇ ਚੜ੍ਹਾਇਆ ਹੈ। ਸਪੀਕਰ ਸਾਹਿਬ,

---

** Expunged as ordered by the Chair/Hon'ble Speaker.
** Expunged as ordered by the Chair/Hon'ble Speaker.

Under Print
Not for Legal/Official use

.
ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਾਲ 2007 ਵਿੱਚ ਕੈਪਟਨ ਅਮਰਿੰਦਰ ਸਿੰਘ ਜੀ ਨੇ ਸਰਕਾਰ ਛੱਡੀ ਸੀ ਉਦੋਂ ਪੰਜਾਬ ਦੇ ਸਿਰ ਸਿਰਫ 51,000 ਕਰੋੜ ਰੁਪਏ ਦਾ ਕਰਜ਼ਾ ਸੀ ਪਰ ਜਦੋਂ ਇਹ ਮਹਾਂਪੁਰਸ਼ ਗਏ ਤਾਂ 2,08,000 ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਦੇ ਵਿੱਚ ਪਹਿਲਾਂ ਵਰਕਰਾਂ ਦੀ ਕਦਰ ਹੁੰਦੀ ਸੀ, ਕੁਰਬਾਨੀ ਵਾਲੇ ਲੋਕਾਂ ਦੀ ਕਦਰ ਹੁੰਦੀ ਸੀ। ਹੁਣ ਜਾਂ ਤਾਂ ** ਰਹੇਗਾ ਜਾਂ ** ** ਰਹੇਗਾ ਬਾਕੀ ਕਿਸੇ ਦੀ ਕੋਈ ਕਦਰ ਨਹੀਂ। ਮੈਂ ਵੀ ** ** ਦਾ ਪੀੜਤ ਹਾਂ।ਇਨ੍ਹਾਂ ਦੇ ਰਿਸ਼ਤੇਦਾਰ ਦਾ ਪੀੜਤ ਹਾਂ।

**ਮਾਨਯੋਗ ਸਪੀਕਰ:** ** ** ਸ਼ਬਦ ਐਕਸਪੰਜ ਕੀਤੇ ਜਾਣ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਸਿਰ 51,000 ਕਰੋੜ ਦਾ ਕਰਜ਼ਾ ਸੀ ਪਰ ਜਦੋਂ ਹੁਣ ਸਾਡੀ ਸਰਕਾਰ ਬਣੀ ਹੈ ਤਾਂ ਉਸ ਵੇਲੇ 2,08,000 ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਸੀ। ਉਸ ਦੇ ਵਿੱਚੋਂ ਇਨ੍ਹਾਂ ਨੇ 29,996 ਕਰੋੜ ਰੁਪਏ ਦੀ ਸਭ ਤੋਂ ਵੱਡੀ ਠੱਗੀ ਮਾਰੀ ਹੈ। ਸਾਨੂੰ ਕੁਝ ਪਤਾ ਨਹੀਂ ਸੀ ਕਿਉਂਕਿ ਅਸੀਂ ਉਸ ਸਮੇਂ ਵੋਟਾਂ ਦੀ ਗਿਣਤੀ ਵਿੱਚ ਰੁਝ ਗਏ ਸੀ। ਜਦੋਂ 2017 ਵਿੱਚ 11 ਮਾਰਚ ਨੂੰ ਵੋਟਾਂ ਦੀ ਗਿਣਤੀ ਹੋਣੀ ਸੀ ਤਾਂ ਇਨ੍ਹਾਂ ਦਾ ਖੁਰਾਕ ਮੰਤਰੀ ** ** ਸੈਂਟਰ ਵਿੱਚ ਜਾ ਕੇ 29,996 ਕਰੋੜ ਰੁਪਏ ਨੂੰ 20 ਸਾਲਾਂ ਦੇ ਕਰਜ਼ੇ ਵਿੱਚ ਬਦਲ ਕੇ ਚਲਾ ਗਿਆ।

**ਮਾਨਯੋਗ ਸਪੀਕਰ:** ** ** ਸ਼ਬਦ ਐਕਸਪੰਜ ਕੀਤੇ ਜਾਣ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਨੋਟਬੰਦੀ ਲਾਗੂ ਸੀ ਤਾਂ ਉਦੋਂ ਘੱਟ ਵਿਆਜ ਤੇ ਕਰਜ਼ਾ ਮਿਲਦਾ ਸੀ ਪਰ ਇਨ੍ਹਾਂ ਨੇ ਰਲ ਕੇ 8.25% ਵਿਆਜ ਉੱਤੇ ਕਰਜ਼ਾ ਲਿਆ, ਉਸੇ ਰਕਮ ਦੀ ਅੱਜ ਪੰਜਾਬ ਸਰਕਾਰ 3240 ਕਰੋੜ ਰੁਪਏ ਦੀ ਸਲਾਨਾ ਕਿਸ਼ਤ ਦਿੰਦੀ ਹੈ, ਇਹ 20 ਸਾਲਾਂ ਵਿੱਚ 64,800 ਕਰੋੜ ਰੁਪਿਆ ਸਾਨੂੰ ਦੇਣਾ ਪੈਣਾ ਹੈ। ਫਿਰ ਇਹ ਕਹਿੰਦੇ ਹਨ ਕਿ ਸਾਰਾ ਕਿਸਾਨੀ ਕਰਜ਼ਾ ਮਾਫ ਕਰੋ, ਯਾਰੋ, ਗਰੀਬਾਂ ਦਾ ਕਰਜ਼ਾ ਮਾਫ ਹੋਣਾ ਹੈ। ਕਿਸੇ ਨੇ ਲਿਮਟ ਬਣਾਈ ਹੈ, ਕਿਸੇ ਨੇ ਇੱਕ ਕਰੋੜ ਰੁਪਏ ਦੀ ਲਿਮਟ ਬਣਾਈ ਹੈ ਤਾਂ ਉਹ ਮਾਫ ਨਹੀਂ ਹੋਣੀ, ਗਰੀਬਾਂ ਦਾ ਕਰਜ਼ਾ ਮਾਫ ਹੋਣਾ ਹੈ।ਸਪੀਕਰ ਸਾਹਿਬ, ਮੈਂ ਅੱਜ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਪੰਜਾਬ ਨੂੰ ਕਰਜ਼ੇ ਦੇ ਵਿੱਚ ਡੋਬਿਆ ਹੈ ਇਸ ਦਾ ਵੀ ਆਡਿਟ ਕਰਵਾਓ। ਇਨ੍ਹਾਂ ਚੋਰਾਂ ਨੂੰ ਫੜੋ ਜਿਨ੍ਹਾਂ ਨੇ ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਪਾਈ ਹੈ, ਉਨ੍ਹਾਂ ਉੱਤੇ ਪਰਚੇ ਦਰਜ ਕਰੋ। ਆਪਣੇ ਆਪ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋ ਜਾਵੇਗਾ। ਇਹ ਜਿਹੜੇ ਚਿੱਟੇ ਨਾਤੇ ਧੋਤੇ ਬਣੇ ਫਿਰਦੇ ਹਨ ਇਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਪੰਜਾਬ ਨੂੰ

Under Print
Not for Legal/Official use

.
ਕਿਸੇ ਨੇ ਡੋਬਿਆ ਹੈ। ਇਹ ਰੋਜ਼ੀ ਜੀ ਫਿਰਦੇ ਹਨ। ਮੈਂ ਰੋਜ਼ੀ ਤੇਰੀ ਵੀ ਗੱਲ ਕਰਦਾ ਹਾਂ। ਇਹ ਮਾਨਯੋਗ ਰੋਜ਼ੀ ਫਿਰਦੇ ਹਨ। ਇਹ ਸਾਡੇ ** ** ਨਾਲ ਰਲਿਆ ਸੀ। ** ** ਨਾਲ ਮਿਲ ਕੇ ਡੰਗਰਾਂ ਦਾ ਵਪਾਰ ਕਰਦੇ ਰਹੇ। ਇਹ ਪੰਜਾਬ ਦੀਆਂ ਗੱਲਾਂ ਕਰਦੇ ਹਨ। ਪੰਜਾਬ ਦਾ ਡੰਗਰ ਕੋਈ ਨਹੀਂ ਛੱਡਿਆ। ਪੰਜਾਬ ਦੀਆਂ ਮੰਡੀਆਂ ਵਿੱਚੋਂ ਇਹ ਡੰਗਰ ਇਕੱਠੇ ਕਰਕੇ ਲੈ ਕੇ ਜਾਂਦਾ ਸੀ। ** ** ਦਾ ਮੁੰਡਾ ਮੁਕਤਸਰ ਵਾਲਾ ਬਿੱਟੂ ਇਨ੍ਹਾਂ ਦਾ ਭਾਈਵਾਲ ਸੀ। ਇਨ੍ਹਾਂ ਨੂੰ ਪੁੱਛੋ ਕਿ ਇੰਨੇ ਪੈਸੇ ਕਿੱਥੋਂ ਆਏ, ਉਹ ਸੈਂਕੜੇ ਕਰੋੜ ਰੁਪਏ ਦਾ ਟੈਂਡਰ ਲੈ ਗਏ।** ** ਮੰਡੀਆਂ ਵਿੱਚ ਡੰਗਰ ਲੱਭਦਾ ਫਿਰਦਾ ਸੀ ਕਿ ਪੰਜਾਬ ਦੀਆਂ ਮੰਡੀਆਂ ਵਿੱਚੋਂ ਜਿੰਨੇ ਵੀ ਡੰਗਰ ਲੱਭਦੇ ਹਨ ਉਹ ਲੈ ਕੇ ਜਾਣੇ ਹਨ। ਇਹ ਰੋਜ਼ੀ ਬਰਕੰਦੀ ਨੂੰ ਪੁੱਛੋ ਕਿ ਅੱਜ ਅਕਾਲੀ ਦਲ ਇਹੋ ਹੀ ਰਹਿ ਗਿਆ ਕਿ ਕਦੇ ਕੋਈ ਬੰਟੀ ਆ ਗਿਆ, ਕਦੇ ਰੋਜ਼ੀ ਆ ਗਿਆ ਅਤੇ ਕਦੇ ਟੋਨੀ ਆ ਗਿਆ। ਇਸ ਤਰ੍ਹਾਂ ਗੱਲ ਨਹੀਂ ਬਣਨੀ। ਤੁਸੀਂ ਕੁਰਬਾਨੀ ਕਰਨ ਵਾਲੇ ਲੋਕਾਂ ਨਾਲ ਜਿਨ੍ਹਾਂ ਲੋਕਾਂ ਨੇ ਕਦੇ ਇਨ੍ਹਾਂ ਲੋਕਾਂ ਦੇ ਨਾਂ ਪ੍ਰਧਾਨਗੀ ਵਾਸਤੇ ਪਰਪੋਜ਼ ਕੀਤੇ, ਜਿਨ੍ਹਾਂ ਨੇ ਮੁੱਖ ਮੰਤਰੀ ਬਣਾਉਣ ਵਾਸਤੇ ਨਾਂ ਪੇਸ਼ ਕੀਤੇ, ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਇਹ ਉਨ੍ਹਾਂ ਨੂੰ ਕਹਿੰਦੇ ਕਿ ਅਸੀਂ ਉਨ੍ਹਾਂ ਦੀ ਅੰਤਿਮ ਅਰਦਾਸ ਕਰ ਦਿੱਤੀ। ਕੱਲ੍ਹ ਤੁਹਾਡੀ ਵੀ ਅੰਤਿਮ ਅਰਦਾਸ ਹੋਈ ਹੈ। (ਵਿਘਨ)(ਸ਼ੋਰ) ਇਹ ਦਾਸਤਾਨ ਬਹੁਤ ਲੰਬੀ ਹੈ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦਸ ਸਾਲਾਂ ਵਿੱਚ ਇਨ੍ਹਾਂ ਦੀ ਸਰਕਾਰ ਰਹੀ ਹੈ। ਇਸ ਸਮੇਂ ਦੌਰਾਨ ਪੰਜਾਬ ਦੀਆਂ ਜਿੰਨੀਆਂ ਵੀ ਲਿੰਕ ਰੋਡਜ਼ ਸਨ, ਉਨ੍ਹਾਂ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ। ਕੈਪਟਨ ਸਾਹਿਬ ਨੇ ਆਉਂਦਿਆਂ ਸਾਰ ਹੀ 15,000 ਕਿਲੋਮੀਟਰ ਸੜਕਾਂ ਦੀ ਰਿਪੇਅਰ ਕਰਵਾਈ ਹੈ। ਇਕੱਲੇ ਮੇਰੇ ਹਲਕੇ ਵਿੱਚ 290 ਕਿਲੋਮੀਟਰ ਸੜਕ ਦੀ ਰਿਪੇਅਰ ਹੋਈ ਹੈ। ਇਹ ਦੱਸਣ ਕਿ ਇਨ੍ਹਾਂ ਨੇ ਕਦੇ ਕਿਸੇ ਸੜਕ ਦੀ ਰਿਪੇਅਰ ਕਰਵਾਈ ਹੈ? ਇਸ ਦੇ ਨਾਲ-ਨਾਲ ਪੰਜਾਬ ਦੀਆਂ ਮੰਡੀਆਂ ਵਿੱਚ 785 ਕਰੋੜ ਰੁਪਿਆ ਲਗਾ ਕੇ ਰਿਪੇਅਰ ਕਰਵਾਈ ਹੈ। ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਇਨ੍ਹਾਂ ਨੇ ਪੈਸੇ ਕਿਵੇਂ ਇਕੱਠੇ ਕੀਤੇ ਹਨ, ਮੈਂ ਇਸ ਬਾਰੇ ਇਕੱਲੀ ਇਕੱਲੀ ਗੱਲ ਦੱਸ ਦਿਆਂਗਾ। ਇਹ ** ** ਕਿਵੇਂ ਅਮੀਰ ਹੋਇਆ ਹੈ, ਮੈਨੂੰ ਸਾਰੀਆਂ ਕਹਾਣੀਆਂ ਦਾ ਪਤਾ ਹੈ।

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਹਰਮਿੰਦਰ ਸਿੰਘ ਗਿੱਲ** : ਇਨ੍ਹਾਂ ਦੀ 600 ਬੱਸ ਕਿਵੇਂ ਬਣੀ ਹੈ, ਇਹ ਮੈਨੂੰ ਵੀ ਪਤਾ ਹੈ। ਸੰਧਵਾਂ ਸਾਹਿਬ, ਤੁਸੀਂ ਰੌਲਾ ਪਾਉਂਦੇ ਸੀ, ਤੁਸੀਂ ਵੀ ਸੁਣ ਲਓ। ਕੱਲ੍ਹ ਮੇਰੇ ਪਿੱਛੇ ਆਰਬਿਟ ਟਰਾਂਸਪੋਰਟ ਦੀ ਬੱਸ ਬੜੇ ਵੱਡੇ-ਵੱਡੇ ਹਾਰਨ ਮਾਰੇ, ਮੈਂ ਕਿਹਾ ਕਿ ਹੁਣ ਤਾਂ ਬਸ ਕਰ ਜਾਓ। ਇਹ ਕਾਂਗਰਸੀ ਐਮ.ਐਲ.ਏਜ਼ ਨੂੰ

---

** Expunged as ordered by the Chair.
** Expunged as per Ruling 13.3.2013 given by the Chair.
** Expunged as ordered by the Chair.

Under Print
Not for Legal/Official use

.
ਥੱਲੇ ਦਿੰਦੇ ਫਿਰਦੇ ਹਨ। ਇਨ੍ਹਾਂ ਦੀਆਂ ਬੱਸਾਂ ਕਿਵੇਂ ਬਣੀਆਂ ਹਨ, ਪੈਸੇ ਕਿਵੇਂ ਬਣੇ ਹਨ, ਇਹ ਸੁੱਖਵਿਲਾਸ ਕਿਵੇਂ ਬਣੇ ਹਨ ਅਤੇ 7 ਸਟਾਰ ਹੋਟਲ ਕਿਵੇਂ ਬਣੇ ਹਨ। ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਕਹਿੰਦੇ ਸੀ ਕਿ ਪੰਜਾਬ ਦਾ ਨੈਲਸਨ ਮੰਡੇਲਾ ਹੈ। ਮੈਂ ਜੇਲ੍ਹ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੱਸਿਆ ਜਾਵੇ ਕਿ ਨੈਲਸਨ ਮੰਡੇਲਾ ਦੀ ਪਰਿਭਾਸ਼ਾ ਕੀ ਹੈ? ਸਾਊਥ ਅਫਰੀਕਾ ਦਾ ਨੈਲਸਨ ਮੰਡੇਲਾ 27 ਸਾਲ ਜੇਲ੍ਹ ਵਿੱਚ ਰਿਹਾ। ਮੇਰਾ ਖਿਆਲ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਮੇਰੇ ਤੋਂ ਵੱਧ ਜੇਲ੍ਹ ਨਹੀਂ ਕੱਟੀ। ਮੈਂ 7 ਸਾਲ ਜੇਲ੍ਹ ਕੱਟੀ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ 5 ਸਾਲ ਜੇਲ੍ਹ ਕੱਟੀ ਹੈ। ਮੇਰੇ ਕੋਲ ਆ ਕੇ ਕਦੀ ਬਹਿਸ ਕਰਕੇ ਵੇਖ ਲਵੇ। ਇਸ ਸਬੰਧੀ ਮੈਂ ਸਵਾਲ ਵੀ ਲਗਾਇਆ ਸੀ ਅਤੇ ਰੰਧਾਵਾ ਸਾਹਿਬ ਨੂੰ ਪੁੱਛਿਆ ਸੀ। ਮੈਂ ਨਿੱਕਾ ਜਿਹਾ ਹੁੰਦਾ ਸੀ, ਮੈਂ ਇਨ੍ਹਾਂ ਦੇ ਮਗਰ ਲੱਗ-ਲੱਗ ਕੇ ਕਦੀ ਕਿਸੇ ਜੇਲ੍ਹ ਵਿੱਚ ਅਤੇ ਕਦੀ ਕਿਸੇ ਜੇਲ੍ਹ ਵਿੱਚ ਜਾਂਦਾ ਰਿਹਾ।ਜਦੋਂ ਮੈਂ ਇਨ੍ਹਾਂ ਕੋਲੋਂ ਟਿਕਟ ਮੰਗੀ ਤਾਂ ਕਹਿੰਦੇ ਹੁਣ ਕਾਕਾ ਜੀ ਆ ਗਏ, ਹੁਣ ਜਵਾਈ ਭਾਈ ਆ ਗਿਆ, ਤੈਨੂੰ ਟਿਕਟ ਨਹੀਂ ਮਿਲਣੀ। ਉਦੋਂ ਟਿਕਟਾਂ ਜਵਾਈਆਂ-ਭਾਈਆਂ ਨੂੰ ਦਿੱਤੀਆਂ ਅਤੇ ਉਹ ਪੰਜਾਬ ਨੂੰ ਲੁੱਟ ਕੇ ਖਾ ਗਏ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ (ਵਿਘਨ...ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ, ਸ਼੍ਰੀ ਕੰਵਰ ਸੰਧੂ, ਸਰਦਾਰ ਪਿਰਮਲ ਸਿੰਘ ਧੌਲਾ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਸਦਨ ਵਿੱਚ ਬਾਕੀ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਆਮ ਆਦਮੀ ਪਾਰਟੀ ਦੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਤਾੜੀਆਂ ਵੀ ਮਾਰ ਰਹੇ ਸਨ। ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਹਰਮਿੰਦਰ ਸਿੰਘ ਗਿੱਲ** : ਤੁਸੀਂ ਬੈਠ ਜਾਓ, ਤੁਹਾਡੇ ਬੁੱਤ ਨਹੀਂ ਲੱਗਣੇ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਤੁਸੀਂ *** *** ਅੱਗੇ ਰੌਲਾ ਪਾਓ। ਜਿਹੜਾ ਇਨ੍ਹਾਂ ਤੋਂ ਮੁਆਫੀ ਮੰਗ ਕੇ ਗਿਆ ਹੈ। ਸਾਡੇ L.O.P ਸਾਹਿਬ ਹਨ, ਇਨ੍ਹਾਂ ਨੂੰ ਸਹੁੰ ਚੁੱਕ ਸਮਾਗਮ ਵਿੱਚ ਨਹੀਂ ਜਾਣ ਦਿੱਤਾ ਗਿਆ। ਇਹ ਬੜੇ ਚੌੜੇ ਹੋ ਕੇ ਗਏ ਅਤੇ ** ** ਦਾ ਝਾੜੂ ਫੜੀਂ ਫਿਰਦੇ ਸੀ। ਉਨ੍ਹਾਂ ਨੇ ਇਨ੍ਹਾਂ ਨੂੰ ਦਿੱਲੀ ਸਮਾਗਮ ਵਿੱਚ ਨਹੀਂ ਜਾਣ ਦਿੱਤਾ। ਇਹ ਕਹਿੰਦੇ ਕਿ ਕਾਂਗਰਸ ਪਾਰਟੀ ਕਮਜ਼ੋਰ ਹੋ ਗਈ। ਅੱਜ ਕਾਂਗਰਸ ਪਾਰਟੀ ਕੋਲ 80 ਐਮ.ਐਲ.ਏ. ਹਨ। ਤੁਹਾਡੇ ਕੋਲ 15 ਸੀ, ਹੁਣ 12 ਰਹਿ ਗਏ ਹਨ। ਮੈਨੂੰ ਪਤਾ ਹੈ ਕਿ ਇਨ੍ਹਾਂ ਵਿੱਚੋਂ ਦੋ-ਤਿੰਨ ਨੇ ਟਕਸਾਲੀਆਂ ਨਾਲ ਭੱਜ ਜਾਣਾ ਹੈ। ਮੈਨੂੰ ਨਾਵਾਂ ਦਾ ਵੀ ਪਤਾ ਹੈ। ਇਹ ਅੰਦਰ ਖਾਤੇ ਜਿਹੜੀ ਗਿੱਟ-ਮਿੱਟ ਕਰਦੇ ਹਨ। ਮੈਨੂੰ ਇਨ੍ਹਾਂ ਦਾ ਵੀ ਪਤਾ ਹੈ। ਇਹ ਲੋਕਾਂ ਨੂੰ ਕਹਿੰਦੇ ਹਨ ਕਿ ਆਮ ਆਦਮੀ

** Not recorded as ordered by the Chair/Hon'ble Speaker.

.
ਪਾਰਟੀ ਵਿੱਚ ਆ ਜਾਓ, ਸਾਡੀ ਸਰਕਾਰ ਬਣ ਜਾਣੀ ਹੈ। ਜਿਨ੍ਹਾਂ ਨੂੰ ਤੁਸੀਂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕੀਤਾ ਸੀ, ਉਨ੍ਹਾਂ ਨੂੰ ਤਾਂ ਬੜੇ ਫੁੱਲ ਪਾਏ ਹਨ। ਤੁਸੀਂ ਦੱਸੋ ਕਿ ਛੋਟੇਪੁਰ ਜੀ ਕਿੱਥੇ ਹਨ? ਗੁਰਪ੍ਰੀਤ ਘੁੱਗੀ ਕਿੱਥੇ ਹੈ? ਸੁਖਪਾਲ ਸਿੰਘ ਖਹਿਰਾ ਕਿੱਥੇ ਹੈ? ਜਿਨ੍ਹਾਂ ਨੂੰ ਤੁਸੀਂ LOP ਬਣਾਇਆ ਸੀ, ਫੂਲਕਾ ਸਾਹਿਬ ਕਿੱਥੇ ਹਨ?, ਗਾਂਧੀ ਜੀ ਕਿੱਥੇ ਹਨ? ਖਾਲਸਾ ਜੀ ਕਿੱਥੇ ਹਨ? ਤੁਸੀਂ ਡੀ.ਜੀ.ਪੀ. ਦੀਆਂ ਗੱਲਾਂ ਕਰਦੇ ਹੋ। ਤੁਹਾਡੇ ਕੋਲ ਬੇਇੱਜ਼ਤੀ ਕਰਵਾਉਣ ਕਿਸੇ ਨੇ ਨਹੀਂ ਆਉਣਾ। ਤੁਸੀਂ ਐਵੇਂ ਹੀ ਭੁਲੇਖੇ ਵਿੱਚ ਨਾ ਤੁਰੇ ਫਿਰੋ। ਤੁਹਾਡੀਆਂ ਟੀਮਾਂ ਕਹਿੰਦੀਆਂ ਕਿ ਨਵਜੋਤ ਸਿੰਘ ਸਿੱਧੂ ਨੇ ਆ ਜਾਣਾ ਹੈ ਉਹ ਯਾਰ ਭੁਲੇਖਾ ਖਾਈ ਫਿਰਦੇ ਹੋ, ਉਹ ਤੁਹਾਨੂੰ ਦਰਖਾਸਤ ਕਿਸੇ ਨੇ ਕਦੋਂ ਦਿੱਤੀ ਹੈ? ਤੁਸੀਂ ਕਹਿੰਦੇ ਹੋ ਕਿ ਸਿੱਧੂ ਨੇ ਆ ਜਾਣਾ ਹੈ। ਜਦੋਂ ਅਖਬਾਰਾਂ ਵਿੱਚ ਖਬਰਾਂ ਲੱਗਦੀਆਂ ਹਨ ਤਾਂ ਤੁਹਾਡੇ ਐਲ.ਓ.ਪੀ.ਸਾਹਿਬ ਬਿਆਨ ਦਿੰਦੇ ਹਨ ਕਿ ਅਸੀਂ ਸਿੱਧੂ ਨੂੰ ਮੁੱਖ ਮੰਤਰੀ ਨਹੀਂ ਬਣਾਉਣਾ, ਉਹ ਤੁਹਾਡੇ ਭਗਵੰਤ ਮਾਨ ਜੀ ਬਿਆਨ ਦਿੰਦੇ ਹਨ, ਤੁਸੀਂ ਚੰਗੇ ਭਲੇ ਬੰਦੇ ਦੀ ਬੇਇੱਜ਼ਤੀ ਕਿਉਂ ਕਰਦੇ ਹੋ? ਉਹ ਕਿਸੇ ਨੂੰ ਰਹਿਣ ਦਿਆ ਕਰੋ। 'ਨਾ ਪੰਧ ਨਾ ਪਾਣੀ ਜੁਲਾਹੇ ਨਾਲ ਡਾਗੋਂ ਡਾਗੀਂ। ਤੁਹਾਡੇ ਕੋਲ ਨਾ ਕੋਈ ਗੱਲਬਾਤ ਹੈ, ਤੁਸੀਂ 20 ਆਏ ਸੀ, ਹੁਣ ਤੁਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਹੁਣ ਤੁਹਾਡੇ ਨਾਲ ਕਿੰਨੇ ਖੜ੍ਹੇ ਹਨ। ਹੁਣ ਤੁਸੀਂ ਐਵੇਂ ਗੱਲਾਂ ਮਾਰੀ ਜਾਂਦੇ ਹੋ। ਆਹ, ਹੁਣੇ ਹੁਣੇ ਬਾਇ ਇਲੈਕਸ਼ਨ ਹੋਈ ਹੈ, ਉਨ੍ਹਾਂ ਵਿੱਚ ਤੁਹਾਡੀਆਂ ਜ਼ਮਾਨਤਾਂ ਜ਼ਬਤ ਹੋਈਆਂ ਹਨ, ਤੁਸੀਂ ਇਥੇ ਆ ਕੇ ਰੌਲਾ ਪਾਉਂਦੇ ਹੋ, ਵੈੱਲ ਵਿੱਚ ਆ ਕੇ ਰੌਲਾ ਪਾਉਂਦੇ ਹੋ, ਤੁਸੀਂ ਪ੍ਰੈਸ ਵਾਲਿਆਂ ਦਾ ਫਾਇਦਾ ਉਠਾਉਂਦੇ ਹੋ। (ਆਮ ਆਦਮੀ ਪਾਰਟੀ ਦੇ ਵੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ)

**ਸਰਦਾਰ ਹਰਮਿੰਦਰ ਸਿੰਘ ਗਿੱਲ** : ਤੁਸੀਂ ਦੱਸੋ ਕਿ ਕਿਸੇ ਪਿੰਡ ਵਿੱਚ ਕੋਈ ਤੁਹਾਡਾ ਸਰਪੰਚ ਬਣਿਆ ਹੈ, ਕੋਈ ਸਰਪੰਚ ਨਹੀਂ ਬਣਿਆ। ਕੋਈ ਬਲਾਕ ਸੰਮਤੀ ਮੈਂਬਰ ਨਹੀਂ ਬਣਿਆ, ਕੋਈ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਨਹੀਂ ਬਣਿਆ। ਤੁਸੀਂ ਪ੍ਰਧਾਨ ਬਣੇ ਹੋ । ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਨਾਲ ਕੁਝ ਨਹੀਂ ਬਣਨਾ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਕੈਪਟਨ ਅਮਰਿੰਦਰ ਸਿੰਘ ਜੀ ਦੀ ਹੈ ਔਰ ਇਹ ਕਿਸੇ ਦੇ ਮਨ ਵਿਚ ਭੁਲੇਖਾ ਨਾ ਰਹੇ, ਇਹ ਪਹਿਲੀ ਵਾਰੀ ਹੈ ਕਿ ਸਰਕਾਰ ਕਾਂਗਰਸ ਦੀ ਹੋਵੇ ਤੇ ਅੱਠ ਮੈਂਬਰ ਪਾਰਲੀਮੈਂਟ ਵਿਚ ਕਾਂਗਰਸ ਪਾਰਟੀ ਦੇ ਜਿੱਤੇ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਰਿਪੋਰਟਰਜ਼ ਦੀ ਟੇਬਲ ਦੇ ਨਜ਼ਦੀਕ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਇਨ੍ਹਾਂ ਦੇ ਸਕੂਟਰ ਉਤੇ ਬਿਠਾਉਣ ਜੋਗੇ ਦੋ ਜਿੱਤੇ ਹਨ, ਜੋ ਜਿੱਤੇ ਹਨ ਉਹ ਵੀ ਇਸ ਪਰਿਵਾਰ ਦੇ ਜਿੱਤੇ ਹਨ। (ਵਿਘਨ)(ਸ਼ੋਰ) ਇਕੋ ਸਕੂਟਰ ਉਤੇ ਬਹਿ ਕੇ ਪਾਰਲੀਮੈਂਟ ਵਿਚ ਚਲੇ ਜਾਂਦੇ ਹਨ, ਬਾਕੀ ਕੋਈ ਨਹੀਂ ਜਿੱਤਿਆ, ਇਨ੍ਹਾਂ ਨੂੰ ਪੁੱਛੋ (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ

.
ਦੇ ਮੈਂਬਰਾਂ ਵੱਲ ਇਸ਼ਾਰਾ) ਕਿ ਇਨ੍ਹਾਂ ਦਾ ਕੀ ਹਾਲ ਹੈ, ਇਨ੍ਹਾਂ ਨੂੰ ਪੁੱਛੋ (ਆਮ ਆਦਮੀ ਪਾਰਟੀ ਦੇ ਵੈੱਲ ਆਫ ਵਿੱਚ ਹਾਊਸ ਵਿਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ) ਕਿ ਤੁਹਾਡਾ ਕੀ ਹਾਲ ਹੈ, ਤੁਸੀਂ ਜ਼ਮਾਨਤਾਂ ਜ਼ਬਤ ਕਰਵਾ ਕੇ ਬੈਠੇ ਹੋ, ਤੁਸੀਂ ਗੱਲਾਂ ਕਰੀ ਜਾਂਦੇ ਹੋ। ਉਹ ਛੱਡ ਦਿਉ, ਯਾਰ। (ਵਿਘਨ) ਇਹ ਗੱਲ ਸੁਣ ਲਵੋ। ਸਰ, ਮੈਂ ਬੇਨਤੀ ਕਰਦਾ ਹਾਂ, ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਜਿਸ ਤਰੀਕੇ ਨਾਲ ਸਰਕਾਰ ਚਲਦੀ ਹੈ, ਇਹ ਹਾਊਸ ਦੇ ਅਸੀਂ 80 ਆ ਗਏ ਹਨ, ਤੁਹਾਡੇ 12-13 ਬਣ ਗਏ ਹਨ, ਅਗਾਂਹ 12-13 ਵੀ ਨਹੀਂ ਆਉਣੇ, ਲੋਕਾਂ ਨੇ 12-13 ਵੀ ਨਹੀਂ ਦੇਣੇ। ਸਪੀਕਰ ਸਾਹਿਬ, ਮੈਂ ਇਕੋ ਹੀ ਬੇਨਤੀ ਕਰਨੀ ਹੈ, ਇੱਕ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਇਨ੍ਹਾਂ ਨੇ ਕਰਵਾਈ (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਸਰ, ਇਹ 2015 ਦੀ ਗੱਲ ਹੈ, ਇਨ੍ਹਾਂ ਨੇ ਜਸਟਿਸ ਜ਼ੋਰਾ ਸਿੰਘ ਮਾਨ ਦਾ ਕਮਿਸ਼ਨ ਬਿਠਾਇਆ, ਉਸ ਕਮਿਸ਼ਨ ਨੇ ਜਿਹੜੀ ਵੀ ਇਨਕੁਆਰੀ ਕੀਤੀ, ਉਹ ਇਨਕੁਆਰੀ ਸਿਰੇ ਨਹੀਂ ਲੱਗੀ, ਉਹ ਵਿਚਾਰੇ ਆਪਣੀ ਰਿਪੋਰਟ ਉਥੇ ਸੈਕਟਰੀਏਟ ਵਿੱਚ ਦੇ ਕੇ ਚਲੇ ਗਏ ਔਰ ਜਦੋਂ ਕਾਂਗਰਸ ਸਰਕਾਰ ਆਈ ਤਾਂ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਿਠਾਇਆ। (ਵਿਘਨ)(ਸ਼ੋਰ) ਸਰ, ਮੈਨੂੰ ਯਾਦ ਹੈ ਕਿ ਜਦੋਂ ਇਸ ਸਦਨ ਦੇ ਵਿੱਚ ਉਹ ਰਿਪੋਰਟ ਪੇਸ਼ ਕੀਤੀ ਗਈ ਤਾਂ ਇਨ੍ਹਾਂ ਨੇ ਉਸ ਰਿਪੋਰਟ ਨੂੰ ਲੀਰੋ-ਲੀਰ ਕਰਕੇ ਇੱਥੇ ਸੁੱਟਿਆ, (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਇਨ੍ਹਾਂ ਨੂੰ ਪੁੱਛੋ ਕਿ ਕੀ ਲੋੜ ਸੀ, ਉਹ ਦੋਸ਼ੀ ਤੁਸੀਂ ਹੋ। ਵੱਡੇ ਬਾਦਲ ਸਾਹਿਬ ਕਹਿੰਦੇ ਸੀ ਕਿ ਮੁੱਖ ਮੰਤਰੀ ਦੀ ਆਗਿਆ ਤੋਂ ਬਿਨਾਂ ਪੱਤਾ ਵੀ ਨਹੀਂ ਝੁਲਦਾ। ਸਰ ਵਾਕਿਆ ਹੀ ਗੱਲ ਠੀਕ ਹੈ, ਪੱਤਾ ਨਹੀਂ ਝੁਲਦਾ, ਪੱਤਾ ਝੁਲਿਆ, ਡਾਂਗਾਂ ਚੱਲੀਆਂ, ਗੋਲੀਆਂ ਚੱਲੀਆਂ, ਸਰ, ਉਹ ਇਨ੍ਹਾਂ ਦੀ ਆਗਿਆ ਨਾਲ ਚੱਲੀਆਂ (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਹਾਲੇ ਵੇਖੋ, ਆਉਣ ਵਾਲੇ ਦਿਨਾਂ ਵਿਚ ਤੁਹਾਡਾ ਹਾਲ ਕੀ ਹੁੰਦਾ ਹੈ, ਤੁਸੀਂ ਕਹਿੰਦੇ ਹੋ ਕਿ ਅਸੀਂ ਰੱਸੇ ਕਰੜੇ ਵੱਟ ਲਏ ਹਨ, ਤੁਸੀਂ ਚਿੰਤਾ ਨਾ ਕਰੋ, ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ।।

ਇਹ ਤੁਹਾਡੀ ਵਾਰੀ ਆ ਜਾਣੀ ਹੈ, ਤੁਸੀਂ ਅੰਦਰ ਜਾਣਾ ਹੈ, ਪੁਲਿਸ ਅਫਸਰ ਅੰਦਰ ਗਏ, ਹਾਲੇ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਕਿਤੇ ਸ਼ਹੀਦ ਨਾ ਬਣ ਜਾਵੋ, ਤੁਹਾਨੂੰ ਸ਼ਹੀਦ ਨਹੀਂ ਬਣਨ ਦੇਣਾ। ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਜਿਥੋਂ ਮਰਜ਼ੀ ਤੱਕ ਇਹ ਅੱਡੀਆਂ ਚੁੱਕੀ ਫਿਰਨ, ਭਾਵੇਂ ਜਿੰਨੀ ਮਰਜ਼ੀਆਂ ਜੁੱਤੀਆਂ ਸਾਫ ਕਰਨ, ਭਾਵੇਂ ਜਿੰਨੇ ਮਰਜ਼ੀ ਭਾਂਡੇ ਸਾਫ ਕਰਨ। ਆਹ, ਮਜੀਠੀਆ ਸਾਹਿਬ ਜਦੋਂ ਸ੍ਰੀ ਦਰਬਾਰ ਸਾਹਿਬ ਜੋੜੇ ਸਾਫ ਕਰਨ ਜਾਂਦੇ ਹਨ ਤਾਂ ਉਦੋਂ ਦਾਹੜੀ ਖੋਲ੍ਹ ਲੈਂਦੇ ਹਨ, ਹੁਣ ਦਾਹੜੀ ਬੰਨ ਲੈਂਦੇ ਹਨ, ਜਦੋਂ ਬਰਤਨ ਸਾਫ ਕਰਨ ਜਾਂਦੇ ਹਨ ਉਦੋਂ ਦਾਹੜੀ ਖੋਲ੍ਹ ਲੈਂਦੇ ਹਨ, ਉਦੋਂ ਬੀਬੇ ਬੱਚੇ ਬਣ ਜਾਂਦੇ ਹਨ। ਮੈਂ, ਸਪੀਕਰ ਸਾਹਿਬ, ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਅੰਮ੍ਰਿਤਪਾਨ

Under Print
Not for Legal/Official use

.
ਕਰਵਾਇਆ ਹੈ, ਇਹ ਉਸ ਦੀ ਤੌਹੀਨ ਬੜੀ ਕਰਦੇ ਹਨ, ਅਕਾਲੀ ਦਲ ਦਾ ਪ੍ਰਧਾਨ ਕਦੇ ਕਿਰਪਾਨ ਪਾ ਲੈਂਦਾ ਹੈ, ਕਦੇ ਲਾਹ ਦਿੰਦਾ ਹੈ, ਮੈਨੂੰ ਬਹੁਤ ਅਫਸੋਸ ਹੈ। ਇਹ ਕਿਰਪਾਨ ਜੇ ਇਕ ਵਾਰੀ ਪਾਈ ਹੈ ਤਾਂ ਉਸ ਦੀ ਘਰ ਵਾਲੀ ਨੂੰ ਵੀ ਅੰਮ੍ਰਿਤ ਛੱਕਣਾ ਪੈਂਦਾ ਹੈ, ਨਾ ਵੱਡੇ ਬਾਦਲ ਸਾਹਿਬ ਦੀ ਧਰਮ ਸੁਪਤਨੀ ਨੇ ਅੰਮ੍ਰਿਤ ਛਕਿਆ, ** ਨੇ ਅੰਮ੍ਰਿਤ ਛਕਿਆ ਅਤੇ ** ਦੀ ਕਦੇ ਕਿਰਪਾਨ ਡਿੱਗ ਪੈਂਦੀ ਹੈ। ਸਰ, ਜਿਸ ਦਿਨ ** ਨੇ ਅੰਮ੍ਰਿਤ ਛਕਿਆ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਰਪਾਨ ਸਿੱਧੇ ਪਾਸੇ ਪਾ ਲਈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਕਿਰਪਾਨ ਪੁੱਠੇ ਪਾਸੇ ਪਾਈਦੀ ਹੈ, ਇਹ ਸਿੱਧੇ ਪਾਸੇ ਕਿਰਪਾਨਾਂ ਪਾਉਣ ਵਾਲੇ ਹਨ।ਇਨ੍ਹਾਂ ਨੂੰ ਕੀ ਪਤਾ ਹੈ, ਇਨ੍ਹਾਂ ਦੇ ਭਾਣੇ ਕਿ ਗੁਰੂ ਅਰਜਨ ਦੇਵ ਜੀ ਨੇ ਬਾਟਾ ਤਿਆਰ ਕੀਤਾ ਸੀ, ਅੰਮ੍ਰਿਤ ਛਕਾਇਆ ਸੀ ** ਕਹਿੰਦੇ ਕਿ ਗੁਰੂ ਅਰਜਨ ਦੇਵ ਜੀ ਵੇਲੇ ਉਨ੍ਹਾਂ ਨੇ ਸਾਈ ਮੀਆਂ ਮੀਰ ਤੋਂ ਨੀਂਹ ਪੱਥਰ ਰਖਵਾਇਆ, ਕਿਸੇ ਅੰਮ੍ਰਿਤਧਾਰੀ ਤੋਂ ਨਹੀਂ ਰਖਵਾਇਆ। ਇਹ ** ਮਾਰਦੇ ਹਨ। ਮੈਂ ਦਾਅਵੇ ਨਾਲ ਕਹਿੰਦਾ ਹਾਂ ਜਿਨ੍ਹਾਂ ਲੋਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਦਅਬੀ ਕਰਵਾਈ ਹੈ

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ, ਸ਼੍ਰੀ ਕੰਵਰ ਸੰਧੂ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਪਿਰਮਲ ਸਿੰਘ ਧੌਲਾ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਅਤੇ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਬੈਨਰ ਲੈ ਕੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਹਰਮਿੰਦਰ ਸਿੰਘ ਗਿੱਲ (ਜਾਰੀ)** : ਇਹ ਜਿੰਨੀਆਂ ਮਰਜ਼ੀ ਅੱਡੀਆਂ ਚੁੱਕੀ ਫਿਰਨ, ਇਨ੍ਹਾਂ ਦੀ ਵਾਰੀ ਨਹੀਂ ਆਉਣੀ ਅਤੇ ਇਹ ਕਦੇ ਪੰਜਾਬ ਦੇ ਮੁੱਖ ਮੰਤਰੀ ਨਹੀਂ ਬਣ ਸਕਦੇ। (ਵਿਘਨ)(ਸ਼ੋਰ) ਤੁਹਾਡੀ ਕਦੀ ਸਰਕਾਰ ਨਹੀਂ ਬਣ ਸਕਦੀ। ਇਹ ਨਸ਼ੇ ਦੇ ਤਸਕਰ ਤਾਂ ਬਣ ਜਾਣਗੇ, ਇਹ ਆਪਣੀ ਡੁਗਡੁਗੀ ਤਾਂ ਵਜਾਉਣਗੇ, ਇਹ ਛੁਣਛੁਣੇ ਤਾਂ ਫੜ ਕੇ ਫਿਰਨਗੇ ਪਰ ਇਨ੍ਹਾਂ ਦੀ ਸਰਕਾਰ ਨਹੀਂ ਆਉਣੀ। ਸਰਕਾਰ ਦੁਬਾਰਾ ਕਾਂਗਰਸ ਦੀ ਆਉਣੀ ਹੈ। ਇਸ ਕਰਕੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸੱਚੀਆਂ ਗੱਲਾਂ ਸੁਣਨੀਆਂ ਨਹੀਂ ਚਾਹੁੰਦੇ। ਜੇ ਕਹਿਣਗੇ ਤਾਂ ਮੈਂ ਲਿਖ ਕੇ ਦੇ ਦੇਵਾਂਗਾ, ਇਨ੍ਹਾਂ ਦੇ ਘਰਾਂ ਨੂੰ ਭੇਜ ਦੇਵਾਂਗੇ ਕਿ ਇਨ੍ਹਾਂ ਦੇ ਪਰਿਵਾਰ ਦੀਆਂ ਕੀ ਕੁਰਬਾਨੀਆਂ ਹਨ। ਇਸ ਦੇ ਨਾਲ ਹੀ ਮੈਂ, ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦੀਆਂ ਇਕ ਸਾਲ ਦੀਆਂ ਕਾਰਗੁਜ਼ਾਰੀਆਂ ਸਬੰਧੀ ਵਿਧਾਨ ਸਭਾ ਵਿੱਚ ਗਵਰਨਰ ਸਾਹਿਬ ਵਲੋਂ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ, ਉਸ ਦੀ ਤਾਈਦ ਕਰਦਾ ਹਾਂ, ਉਸ ਦੀ ਪ੍ਰਸ਼ੰਸਾ ਕਰਦਾ ਹੋਇਆ ਖਿਮਾ ਦਾ ਜਾਚਕ ਹਾਂ। Thank you. (ਵਿਘਨ)(ਸ਼ੋਰ)

---

** Expunged as pertue ruiling dated by 13.3.2013 given by the Chair.
** Not recorded as ordered by the Chair.

Under Print
Not for Legal/Official use

.

| | |
|---|---|
| *4.15 ਵਜੇ ਬਾਅਦ ਦੁਪਹਿਰ) | (ਇਸ *ਸਮੇਂ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।) |

**ਸ਼੍ਰੀ ਸਭਾਪਤੀ:** ਹਾਂ ਜੀ, ਡਾਕਟਰ ਰਾਜ ਕੁਮਾਰ ਜੀ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.)** : ਮਾਨਯੋਗ ਸਭਾਪਤੀ ਸਾਹਿਬ, ਮੈਨੂੰ ਆਪ ਜੀ ਦੁਆਰਾ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ, ਜਿਹੜਾ ਕਿ ਸਰਦਾਰ ਹਰਮਿੰਦਰ ਸਿੰਘ ਗਿੱਲ ਜੀ ਦੁਆਰਾ ਪੇਸ਼ ਕੀਤਾ ਗਿਆ, ਉਸ ਤੇ ਬੋਲਣ ਦਾ ਮੌਕਾ ਦਿੱਤਾ ਗਿਆ ਹੈ। ਮੈਂ ਆਪ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। ਅੱਜ ਸਾਡੇ ਵਿਰੋਧੀ ਸ਼ੋਰ ਮਚਾ ਰਹੇ ਹਨ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਸਰਦਾਰ ਪਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਬਣੇ ਅਤੇ ਕੈਪਟਨ ਅਮਰਿੰਦਰ ਸਿੰਘ ਦੂਸਰੀ ਵਾਰ ਮੁੱਖ ਮੰਤਰੀ ਬਣੇ ਹਨ। ਮੈਂ ਸਭ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਭਾਰਤ ਦੀ ਸੰਸਦ ਦੁਆਰਾ ਜੋ ਆਦਰਸ਼ ਮੁੱਖ ਮੰਤਰੀ ਦਾ ਅਵਾਰਡ ਦਿੱਤਾ ਗਿਆ ਹੈ, ਮੈਂ ਉਸ ਲਈ ਉਨ੍ਹਾਂ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦਾ ਹਾਂ। ਦੋ ਲਾਈਨਾਂ ਕਹਾਂਗਾ –

तुंदी ऐ बादे मुखालिफ से न घबरा ऐ उकाब

तुंदी means ਤੇਜ਼, बादे means ਹਵਾਵਾਂ, उकाब means ਬਾਜ਼

ये तो चलती हैं तुझे ऊँचा उड़ाने के लिए।

ਸੋ, ਅੱਜ ਜਿੰਨਾ ਵੀ ਵਿਰੋਧ ਹੋ ਰਿਹਾ ਹੈ ਇਹ ਸਭ ਫੋਕੀ ਸ਼ੋਹਰਤ ਖੱਟਣ ਲਈ ਵਿਰੋਧ ਕੀਤਾ ਜਾ ਰਿਹਾ ਹੈ। ਸਭਾਪਤੀ ਜੀ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਜਿੱਥੇ ਇੰਨੀ ਵਾਰ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਇਆ ਹੈ, ਜਿੱਥੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਇੰਨੀ ਅਪਾਰ ਕਿਰਪਾ ਕੀਤੀ ਪਰ ਸਿੱਖੀ ਦਾ ਜੋ ਸਰਵਨਾਸ਼ ਸ਼੍ਰੋਮਣੀ ਅਕਾਲੀ ਦਲ ਨੇ ਕੀਤਾ ਹੈ, ਇਹ ਸ਼ਾਇਦ ਹੀ ਇਤਿਹਾਸ ਵਿੱਚ ਕਿਸੇ ਨੇ ਕੀਤਾ ਹੋਵੇ। ਮੈਂ ਇਨ੍ਹਾਂ ਦੀ ਵਿਰੋਧਤਾ ਕਰਦਾ ਹਾਂ। ਜੇ ਪੰਜਾਬ ਵਿੱਚ ਚਿੱਟੇ ਦਾ ਇਨਕਲਾਬ ਕਿਸੇ ਨੇ ਲਿਆਂਦਾ ਹੈ ਤਾਂ ਇਹ ** ** ਮੈਂਬਰ, ਸ਼੍ਰੋਮਣੀ ਅਕਾਲੀ ਦਲ ਚਿੱਟੇ ਦਾ ਇਨਕਲਾਬ ਲੈ ਕੇ ਆਏ ਹਨ। ਇਹ ਹੱਥ ਵਿੱਚ ਪੋਸਟਰ ਫੜ ਕੇ ਅੱਜ ਵਿਰੋਧ ਕਰ ਰਹੇ ਹਨ ਕਿ ** ** ਹਨ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪਿਛਲੇ 10 ਸਾਲ ਇਨ੍ਹਾਂ ਦੀ ਸਰਕਾਰ ਰਹੀ, ਆਸ਼ੂ ਜੀ ਪਹਿਲੀ ਵਾਰ ਐਮ.ਐਲ.ਏ ਬਣੇ ਅਤੇ ਉਸ ਤੋਂ ਬਾਅਦ ਫੇਰ ਐਮ.ਐਲ.ਏ ਬਣੇ, ਕਿਉਂ ਉਨ੍ਹਾਂ ਦੇ ਪੇਪਰ ਖਾਰਿਜ ਨਹੀਂ ਕਰਵਾਏ? ਇਹ ਇਸ ਲਈ ਕਿਉਂਕਿ ਆਸ਼ੂ ਜੀ ਬਿਲਕੁਲ ਬੇਕਸੂਰ ਹਨ। ਅਦਾਲਤ ਵਲੋਂ ਉਨ੍ਹਾਂ ਨੂੰ ਬੇਕਸੂਰ ਸਾਬਤ ਕਰ ਦਿੱਤਾ ਗਿਆ

** Expunged as ordered by the Hon'ble Speaker.
** Expunged as ordered by the Hon'ble Speaker dated 26.2.2020.

Under Print
Not for Legal/Official use

.
ਹੈ। ਸਭਾਪਤੀ ਜੀ, ਇੰਨਾ ਹੀ ਨਹੀਂ, ਇਨ੍ਹਾਂ ਦੀ ਪਿਛਲੀ ਸਰਕਾਰ ਵੇਲੇ ** ** ਨੇ ਆਪ ਉੱਠ ਕੇ ਆਪਣੇ ਆਪ ਨੂੰ ਸ਼ਰ੍ਹੇਆਮ ਉਗਰਵਾਦੀ ਕਿਹਾ ਸੀ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ** ** ਤੇ ਇਨ੍ਹਾਂ ਨੇ ਕੀ ਕਾਰਵਾਈ ਕੀਤੀ ਸੀ?(ਵਿਘਨ)(ਸ਼ੋਰ) ਮੈਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਵਲੋਂ ਬਹੁਤ ਅੱਛਾ ਫੈਸਲਾ ਆਇਆ ਹੈ ਕਿ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਦੀ ਇਨਵੈਸਟੀਗੇਸ਼ਨ ਵਾਪਸ ਪੰਜਾਬ ਨੂੰ ਸੌਂਪ ਦਿੱਤੀ ਹੈ। ਮੈਨੂੰ ਪੂਰੀ ਆਸ ਹੈ ਕਿ ਸਾਡੀ SIT ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਕੇ, ਜਿਹੜੇ ਵੀ ਬਹਿਬਲ ਕਲਾਂ ਅਤੇ ਬਰਗਾੜੀ ਕਾਂਡ ਦੇ ਦੋਸ਼ੀ ਹਨ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ, ਮੈਨੂੰ ਪੂਰੀ ਆਸ ਹੈ ਕਿ ਸਾਡੀ SIT ਇਨ੍ਹਾਂ ਨੂੰ ਬਹੁਤ ਜਲਦੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰੇਗੀ। ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਵਾਲਿਆਂ ਦੇ ਕੁਝ ਦਿਨ ਪਹਿਲਾਂ ਦਿੱਲੀ ਦੇ ਚੋਣ ਰਿਜ਼ਲਟ ਆਉਣ ਤੋਂ ਪਹਿਲਾਂ ਜਿੰਨੇ ਇਨ੍ਹਾਂ ਦੇ ਐਮ.ਐਲ.ਏ. ਸਨ, ਉਨੇ ਹੀ ਇਨ੍ਹਾਂ ਦੇ ਧੜੇ ਸਨ ਲੇਕਿਨ ਅੱਜ ਇਹ ਥੋੜ੍ਹੇ ਜਿਹੇ ਇਕੱਠੇ ਹੋਏ ਹਨ ਪਰ ਕੁਝ ਅਜੇ ਤੱਕ ਵੀ ਅਲੱਗ-ਅਲੱਗ ਹੀ ਹਨ, ਇਹ ਉਥੇ 63 ਸੀਟਾਂ ਆਉਣ ਤੋਂ ਬਾਅਦ ਸੋਚਦੇ ਹਨ ਕਿ ਸ਼ਾਇਦ ਸਾਡਾ ਪੰਜਾਬ ਵਿਚ ਕੋਈ ਭਵਿੱਖ ਹੋਵੇਗਾ। ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਜੇ 67 ਸੀਟਾਂ ਆਉਣ ਤੋਂ ਬਾਅਦ ਪੰਜਾਬ ਵਿਚ ਤੁਹਾਨੂੰ ਕੈਪਟਨ ਅਮਰਿੰਦਰ ਸਿੰਘ ਜੀ ਨੇ ਪ੍ਰਾਜਿਤ ਕੀਤਾ ਅਤੇ ਹਰਾਇਆ, ਝਾੜੂ ਦਾ ਤੀਲਾ ਤੀਲਾ ਕੀਤਾ ਤਾਂ ਹੁਣ 63 ਸੀਟਾਂ ਤੋਂ ਬਾਅਦ ਵੀ ਪੰਜਾਬ ਦੇ ਵਿਚ ਤੁਹਾਡਾ ਕੋਈ ਭਵਿੱਖ ਨਹੀਂ ਹੋਵੇਗਾ, ਤੁਹਾਡਾ ਕੁਝ ਨਹੀਂ ਬਣਨਾ। ** ** ਉਹ ਹੈ ਜਿਹੜਾ ਸਾਲ 2017 ਦੀਆਂ ਚੋਣਾਂ ਤੋਂ ਪਹਿਲਾਂ ਮੋਗੇ ਇੱਕ ਉਗਰਵਾਦੀ ਦੇ ਘਰ ਰਹਿ ਕੇ ਗਏ। ਇਹ ** ** ਦੀ ਸੋਚ ਹੈ, ਇਸ ਕਰਕੇ ਮੈਂ ਆਮ ਆਦਮੀ ਪਾਰਟੀ ਦੇ ਆਪਣੇ ਸਾਥੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇੰਨਾ ਖੁਸ਼ ਹੋਣ ਦੀ ਲੋੜ ਨਹੀਂ ਹੈ, ਇੰਨੇ ਜਸ਼ਨ ਮਨਾਉਣ ਦੀ ਲੋੜ ਨਹੀਂ ਹੈ...

**ਸ਼੍ਰੀ ਸਭਾਪਤੀ:** ** ** ਦਾ ਨਾਮ ਐਕਸਪੰਜ ਕਰ ਦਿੱਤਾ ਜਾਵੇ।

**ਡਾਕਟਰ ਰਾਜ ਕੁਮਾਰ:** ਜਦੋਂ ਤੱਕ ਕੈਪਟਨ ਅਮਰਿੰਦਰ ਸਿੰਘ ਸਦਨ ਵਿਚ ਮੌਜੂਦ ਹਨ, ਵਾਹਿਗੁਰੂ ਇਨ੍ਹਾਂ ਨੂੰ ਤੰਦਰੁਸਤੀ ਬਖ਼ਸ਼ੇ, ਵਾਹਿਗੁਰੂ ਇਨ੍ਹਾਂ ਨੂੰ ਲੰਬੀ ਉਮਰ ਬਖ਼ਸ਼ੇ, ਅਸੀਂ ਸਾਲ 2002 ਵਿਚ ਵੀ ਆਏ ਸੀ, 2017 ਵਿਚ ਵੀ ਅਸੀਂ ਹਾਂ ਅਤੇ ਸਾਲ 2022 ਵਿਚ ਵੀ ਅਸੀਂ ਬਹੁਤ ਸ਼ਾਨੋ-ਸ਼ੌਕਤ ਦੇ ਨਾਲ ਵਾਪਸ ਆਵਾਂਗੇ। ਸਭਾਪਤੀ ਸਾਹਿਬ, ਮਾਨਯੋਗ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਾਡੀ ਪੰਜਾਬ ਸਰਕਾਰ ਦੇ ਵੱਲੋਂ ਕਿਸ ਸ਼ਾਨੋ-ਸ਼ੌਕਤ ਅਤੇ ਸੇਵਾ ਭਾਵਨਾ ਦੇ ਨਾਲ ਮਨਾਇਆ ਗਿਆ ਹੈ। ਸਭਾਪਤੀ ਸਾਹਿਬ, ਜਿਸ ਤਰੀਕੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਸਰਕਾਰ ਵਲੋਂ ਮਨਾਇਆ ਗਿਆ ਹੈ, ਉਹ ਕਾਬਲ ਏ

** Expunged as ordered by the Chair.

Under Print
Not for Legal/Official use

.
ਤਾਰੀਫ ਹੈ। ਇੰਨਾ ਹੀ ਨਹੀਂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਕਿਰਪਾ ਸਦਕਾ ਜੋ ਇਹ ਸ਼ਤਾਬਦੀ ਸਮਾਗਮ ਹਨ, ਇਹ ਬਹੁਤ ਹੀ ਸੁਚਾਰੂ ਅਤੇ ਸਤਿਕਾਰਯੋਗ ਢੰਗ ਦੇ ਨਾਲ ਖਤਮ ਹੋਏ ਹਨ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੰਨੀ ਅਪਾਰ ਕਿਰਪਾ ਰਹੀ ਕਿ ਇੰਨੇ ਵੱਡੇ ਸਮਾਗਮ ਵਿਚ ਇੰਨੇ ਦਿਨਾਂ ਦੌਰਾਨ ਅਥਾਹ ਗਿਣਤੀ ਵਿਚ, ਵੱਡੀ ਗਿਣਤੀ ਵਿਚ ਉਥੇ ਸੰਗਤ ਆਈ ਪ੍ਰੰਤੂ ਇਸ ਦੇ ਬਾਵਜੂਦ ਕੋਈ ਵੱਡੀ ਘਟਨਾ ਵਾਪਰਨੀ ਤਾਂ ਬਹੁਤ ਦੂਰ ਦੀ ਗੱਲ ਹੈ, ਪਰ ਕਿਸੇ ਨੂੰ ਕੋਈ ਖਰੋਂਚ ਵੀ ਆਈ ਹੋਵੇ, ਇਹ ਆਪਣੇ ਆਪ ਵਿਚ ਪੰਜਾਬ ਸਰਕਾਰ ਦੇ ਪ੍ਰਬੰਧ, ਪੰਜਾਬ ਸਰਕਾਰ ਦੁਆਰਾ ਕੀਤੀ ਗਈ ਤਿਆਰੀ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਕਿਰਪਾ ਦੀ ਮਿਸਾਲ ਹੈ। ਸਭਾਪਤੀ ਸਾਹਿਬ, ਸਾਲ 1966 ਤੋਂ ਬਾਅਦ ਪੰਜਾਬ ਵਿਚ ਗੁਰੂ ਸਾਹਿਬਾਨਾਂ ਦੀਆਂ ਬਹੁਤ ਸਾਰੀਆਂ ਸ਼ਤਾਬਦੀਆਂ ਮਨਾਈਆਂ ਗਈਆਂ, ਬਹੁਤ ਸਾਰੇ ਸਮਾਗਮ ਮਨਾਏ, ਬਹੁਤ ਸਾਰੇ ਪ੍ਰਾਜੈਕਟ ਲਿਆਂਦੇ ਗਏ, ਬਹੁਤ ਸਾਰੀਆਂ ਸੰਸਥਾਵਾਂ ਆਈਆਂ ਪ੍ਰੰਤੂ ਇਸ ਵਾਰ ਕੈਪਟਨ ਅਮਰਿੰਦਰ ਸਿੰਘ ਜੀ ਦੀ ਸੋਚ ਅਤੇ ਉਨ੍ਹਾਂ ਦੀ ਸਰਕਾਰ ਦੀ ਸੋਚ ਸਦਕਾ ਇਹ ਪਹਿਲੀ ਵਾਰ ਹੋਇਆ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਜਿਨ੍ਹਾਂ ਪਿੰਡਾਂ ਵਿੱਚ ਗਏ, ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ, 70 ਪਿੰਡਾਂ ਵਿਚ ਲਗਭੱਗ 300 ਕਰੋੜ ਰੁਪਿਆ ਦਿੱਤਾ ਗਿਆ, ਇਹ ਆਪਣੇ ਆਪ ਵਿਚ ਇੱਕ ਪਹਿਲੀ ਵਾਰ ਅਜਿਹਾ ਹੋਇਆ ਹੈ। (ਥੰਪਿੰਗ) ਮੈਂ ਇਸ ਵਾਸਤੇ ਪੰਜਾਬ ਸਰਕਾਰ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸੇ ਤਰ੍ਹਾਂ ਸਾਲ 2021 ਵਿਚ ਹੋਰ ਸ਼ਤਾਬਦੀਆਂ ਵੀ ਆ ਰਹੀਆਂ ਹਨ। ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪ੍ਰਕਾਸ਼ ਸ਼ਤਾਬਦੀ ਬੜੀ ਧੂਮਧਾਮ ਦੇ ਨਾਲ ਮਨਾਈ ਜਾ ਰਹੀ ਹੈ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ ਕਿ ਜਿਥੇ ਸੁਲਤਾਨਪੁਰ ਲੋਧੀ ਅਤੇ ਸ੍ਰੀ ਡੇਰਾ ਬਾਬਾ ਨਾਨਕ ਦਾ ਅਥਾਹ ਵਿਕਾਸ ਹੋਇਆ, ਉਥੇ ਹੀ ਸਰਬੱਤ ਦਾ ਭਲਾ ਐਕਸਪ੍ਰੈਸ ਜੋ ਕਿ ਇੱਕ ਮਹਾਨ ਤੇ ਵੱਡੀ ਟਰੇਨ ਹੈ, ਉਹ ਚਲਾਈ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਪ੍ਰਕਾਸ਼ ਪੁਰਬ ਮਾਰਗ ਬਣਾਇਆ ਗਿਆ। ਸਭਾਪਤੀ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ, ਕੈਪਟਨ ਅਮਰਿੰਦਰ ਸਿੰਘ ਜੀ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪ੍ਰਕਾਸ਼ ਸ਼ਤਾਬਦੀ ਜਦੋਂ ਸਾਲ 2021 ਵਿਚ ਮਨਾਈ ਜਾਵੇ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਥੋਂ ਬਾਬਾ ਬਕਾਲਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਲਈ ਚੱਲੇ ਸੀ ਉਸ ਸਬੰਧੀ ਮੈਂ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਚਹੁੰ ਮਾਰਗੀ/ਫੋਰ ਲੇਨ ਮਾਰਗ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ਤੇ ਬਣਾਇਆ ਜਾਵੇ ਤਾਂ ਇਹ ਉਨ੍ਹਾਂ ਪ੍ਰਤੀ ਬਹੁਤ ਸੱਚੀ ਸ਼ਰਧਾਂਜ਼ਲੀ ਹੋਵੇਗੀ। ਸਭਾਪਤੀ ਸਾਹਿਬ, ਅਕਾਲੀ ਭਾਜਪਾ ਨੇ ਆਪਣੇ ਨਿਰੰਤਰ ਪੰਜ ਸਾਲਾਂ ਵਿਚ ਸਰਕਾਰੀ ਖਜ਼ਾਨੇ ਦੀ ਜੋ ਲੁੱਟ ਖਸੁੱਟ ਕੀਤੀ, ਜੋ ਬੇਤਰਤੀਬੀ ਵਰਤੋਂ ਕੀਤੀ, ਉਸ ਦੇ ਕਾਰਨ ਅੱਜ ਵੀ ਪੰਜਾਬ ਕਰੋੜਾਂ ਰੁਪਏ ਦੇ

Under Print
Not for Legal/Official use

.
ਕਰਜ਼ੇ ਥੱਲੇ ਦੱਬਿਆ ਹੋਇਆ ਹੈ, ਆਰਥਿਕ ਤੰਗੀ ਤੇ ਆਰਥਿਕ ਬੋਝ ਦੇ ਬਾਵਜੂਦ ਪੰਜਾਬ ਨੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਅਤੇ (ਵਿਘਨ)(ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ, ਸਰਦਾਰ ਪਿਰਮਲ ਸਿੰਘ ਧੌਲਾ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਬਾਕੀ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)

(ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੀ ਵੈੱਲ ਆਫ ਦਿ ਹਾਊਸ ਵਿਚ ਰਿਪੋਰਟਰਜ਼ ਦੀ ਟੇਬਲ ਦੇ ਨਜ਼ਦੀਕ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਨੇ ਆਪਣੇ ਹੱਥਾਂ ਵਿੱਚ ਸਰਕਾਰ ਵਿਰੋਧੀ ਲਿਖੇ ਹੋਏ ਬੈਨਰ ਫੜੇ ਹੋਏ ਸਨ। ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਡਾਕਟਰ ਰਾਜ ਕੁਮਾਰ:** ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਜੀ ਦੀ ਅਗਵਾਈ ਹੇਠ ਬਹੁਤ ਪ੍ਰਭਾਵੀ ਤਰੱਕੀ ਕੀਤੀ ਹੈ। ਮੈਂ ਆਪ ਜੀ ਦੁਆਰਾ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਸਾਲ 2017-18 ਨਾਲੋਂ 2018-19 ਦੌਰਾਨ ਟੋਟਲ ਰੈਵੀਨਿਊ ਰਿਸੀਟ ਕੁਲੈਕਸ਼ਨ ਵਿਚ 17.47 ਫੀਸਦੀ ਦਾ ਵਾਧਾ ਹੋਇਆ ਹੈ, ਜੋ ਕਿ ਕਾਬਲ-ਏ-ਤਾਰੀਫ ਹੈ। ਸਭਾਪਤੀ ਜੀ, ਵਿਰੋਧੀ ਕਹਿ ਰਹੇ ਹਨ ਕਿ ਤਿੰਨ ਸਾਲਾਂ ਵਿਚ ਕੋਈ ਵਿਕਾਸ ਨਹੀਂ ਹੋਇਆ, ਕੈਪਟਨ ਅਮਰਿੰਦਰ ਸਿੰਘ ਜੀ ਨੇ ਆਪਣੇ ਮੈਨੀਫੈਸਟੋ ਦਾ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਅਸੀਂ ਕੋਈ ਵਾਅਦਾ ਪੂਰਾ ਨਹੀਂ ਕੀਤਾ, ਕੋਈ ਕੰਮ ਨਹੀਂ ਕੀਤਾ ਤਾਂ ਅਸੀਂ ਜਿੰਨੇ ਵੀ ਇਲੈਕਸ਼ਨ ਹੋਏ ਹਨ, ਚਾਹੇ ਪੰਚਾਇਤਾਂ ਦੇ ਇਲੈਕਸ਼ਨ ਹੋਣ, ਚਾਹੇ ਜ਼ਿਲ੍ਹਾ ਪ੍ਰੀਸ਼ਦ ਦੇ ਹੋਣ, ਪਾਰਲੀਮੈਂਟ ਦੇ ਹੋਣ ਜਾਂ ਵਿਧਾਨ ਸਭਾ ਦੀਆਂ ਬਾਇ ਇਲੈਕਸ਼ਨਾਂ ਹੋਣ, ਇਨ੍ਹਾਂ ਸਾਰੀਆਂ ਇਲੈਕਸ਼ਨਾਂ ਵਿਚ ਕਾਂਗਰਸ ਪਾਰਟੀ ਨੇ ਕੈਪਟਨ ਸਾਹਿਬ ਦੀ ਅਗਵਾਈ ਹੇਠ ਹੂੰਝਾ ਫੇਰ ਜਿੱਤਾਂ ਕਿਉਂ ਦਰਜ ਕੀਤੀਆਂ ਹਨ? ਇਹ ਸਬੂਤ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਬਹੁਤ ਕੰਮ ਕੀਤਾ ਹੈ।ਜਿਥੋਂ ਤੱਕ ਖੇਤੀਬਾੜੀ ਦਾ ਸਵਾਲ ਹੈ ਤਾਂ ਅਕਾਲੀ ਪਾਰਟੀ ਆਪਣੇ ਆਪ ਨੂੰ ਕਿਸਾਨਾਂ ਦਾ ਮਸੀਹਾ ਅਖਵਾਉਂਦੀ ਹੈ। ਮੈਨੂੰ ਇਹ ਦੱਸਣ ਲਗਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪੂਰੇ ਹਿੰਦੁਸਤਾਨ ਦੇ ਇਤਿਹਾਸ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 5 ਲੱਖ 82 ਹਜ਼ਾਰ ਕਿਸਾਨਾਂ ਦਾ ਲਗਭਗ 4700 ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਹੈ। ਪੰਜਾਬ ਦੇ ਸਿਰ ਏਨਾ ਕਰਜ਼ਾ ਹੋਣ ਦੇ ਬਾਵਜੂਦ ਕਿਸਾਨਾਂ ਦੀ ਕਰਜ਼ ਮੁਆਫੀ ਕਰਨਾ ਬਹੁਤ ਵੱਡੀ ਗੱਲ ਹੈ। ਸਭਾਪਤੀ ਜੀ,

** Not recorded as ordered by the Chair.

Under Print
Not for Legal/Official use

.
ਟਕਸਾਲੀ ਅਕਾਲੀ ਦਲ ਤਾਂ ਢੀਂਡਸਾ ਸਾਹਿਬ ਦਾ ਹੈ, ਜੇਕਰ ਉਹ ਟਕਸਾਲੀ ਹਨ ਤਾਂ ਫਿਰ ਇਹ ਸ਼੍ਰੋਮਣੀ ਅਕਾਲੀ ਦਲ ਵਾਲੇ ਕੀ ਹਨ? ਮੈਨੂੰ ਲੱਗਦਾ ਹੈ ਕਿ ਇਹ ਜਾਅਲੀ ਅਕਾਲੀ ਦਲ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਇਹ ਕਿਸਾਨਾਂ ਦੇ ਐਨੇ ਹਮਦਰਦ ਹਨ ਤਾਂ ਇਨ੍ਹਾਂ ਨੇ ਆਪਣੀ ਸਰਕਾਰ ਸਮੇਂ ਕਿਸਾਨਾਂ ਦਾ ਇਕ ਰੁਪਿਆ ਕਰਜ਼ਾ ਵੀ ਕਿਉਂ ਮੁਆਫ ਨਹੀਂ ਕੀਤਾ? ਉਲਟਾ ਆਪਣੀ ਪਿਛਲੀ ਸਰਕਾਰ ਵਿਚ ਇਨ੍ਹਾਂ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ, ਇਕ ਕਿਸਾਨਾਂ ਦੇ ਨੇਤਾ ਨੂੰ, ਜਿਨ੍ਹਾਂ ਦਾ ਮੈਂ ਨਾਮ ਨਹੀਂ ਲੈਣਾ ਚਾਹੁੰਦਾ, ਉਨ੍ਹਾਂ ਨੂੰ ਮੰਡੀ ਬੋਰਡ ਦਾ ਚੇਅਰਮੈਨ ਲਗਾ ਦਿੱਤਾ ਤਾਂ ਕਿ ਉਹ ਕਿਸਾਨਾਂ ਦੇ ਹੱਕਾਂ ਦੀ ਗੱਲ ਹੀ ਨਾ ਕਰ ਸਕੇ। ਸਭਾਪਤੀ ਜੀ, ਭਾਵੇਂ ਕਿ ਐਫ.ਸੀ.ਆਈ. ਦੁਆਰਾ ਫਸਲਾਂ ਦੀ ਚੁਕਾਈ ਬਹੁਤ ਧੀਮੀ ਰਫਤਾਰ ਨਾਲ ਚੱਲ ਰਹੀ ਸੀ ਪਰ ਉਸ ਦੇ ਬਾਵਜੂਦ ਕੈਪਟਨ ਸਾਹਿਬ ਨੇ ਛੇ ਦੀਆਂ ਛੇ ਫਸਲਾਂ ਦੀ ਵਧੀਆ ਤਰੀਕੇ ਨਾਲ ਸਮੇਂ ਸਿਰ ਚੁਕਾਈ ਕਰਵਾ ਕੇ ਇਕ ਉਦਾਹਰਣ ਪੇਸ਼ ਕੀਤੀ ਹੈ। ਸਭਾਪਤੀ ਜੀ, ਸਾਡੀ ਸਰਕਾਰ ਨੇ ਖੇਤੀਬਾੜੀ ਵਿਚ ਫਸਲੀ ਵਿਭਿੰਨਤਾ ਤੇ ਜ਼ੋਰ ਦਿੱਤਾ ਹੈ। ਫਾਈਵ ਸੀਟਰਜ਼ ਸਟੇਟ ਜਿਹੜੇ ਹਨ, ਉਹ ਬਹੁਤ ਕਾਮਯਾਬੀ ਨਾਲ ਕੰਮ ਕਰ ਰਹੇ ਹਨ, ਜਿਥੇ ਵਿਸ਼ਵ ਪ੍ਰਸਿੱਧ ਸਹੂਲਤਾਂ ਦਿੱਤੀਆਂ ਇਕੋ ਰੂਫ ਥੱਲੇ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਚਾਰ ਹੋਰ ਮਿਲਖਾਂ, ਚਾਰ ਹੋਰ ਐਸਟੇਟਸ ਨਾਸ਼ਪਾਤੀ, ਲੀਚੀ, ਅਮਰੂਦ ਅਤੇ ਬਾਗਬਾਨੀ ਐਸਟੇਟਸ ਵੀ ਬਹੁਤ ਜਲਦੀ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਸਭਾਪਤੀ ਜੀ, ਮੈਂ ਆਪ ਜੀ ਦੁਆਰਾ ਮੁੱਖ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸਾਨਾਂ ਦੀ ਬਿਹਤਰੀ ਦੇ ਲਈ ਆਦਰਸ਼ ਮੁੱਖ ਮੰਤਰੀ ਕਿਸਾਨ ਵਿਕਾਸ ਯੋਜਨਾ ਬਣਾਈ ਜਾਵੇ, ਜਿਸ ਦੇ ਤਹਿਤ ਕਿਸਾਨਾਂ ਨੂੰ ਹਰ ਸਾਲ ਕੁਝ ਨਾ ਕੁਝ ਮਦਦ ਜ਼ਰੂਰ ਦਿੱਤੀ ਜਾਵੇ।ਪੰਜਾਬ ਦੇ ਵਿਚ ਜੋ ਦਲਿਤ ਪਾਪੂਲੇਸ਼ਨ ਹੈ, ਉਹ ਹਿੰਦੁਸਤਾਨ ਦੇ ਵਿਚ ਸਭ ਤੋਂ ਵੱਡੀ ਗਿਣਤੀ ਵਿਚ ਹੈ। ਸਭਾਪਤੀ ਜੀ, ਮੈਨੂੰ ਇਹ ਦੱਸਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਸ ਵਾਰ ਗਵਰਨਰ ਸਾਹਿਬ ਦਾ ਭਾਸ਼ਣ ਇਨ੍ਹਾਂ ਸੱਤਰਾਂ ਦੇ ਨਾਲ ਸ਼ੁਰੂ ਹੋਇਆ ਕਿ 126ਵੀਂ ਸੰਵਿਧਾਨਕ ਸੋਧ ਤਹਿਤ ਜਿੰਨੇ ਵੀ ਲੈਜਿਸਲੇਚਰਜ਼ ਹਨ, ਉਨ੍ਹਾਂ ਵੱਲੋਂ ਇਸ ਐਕਟ ਦੀ ਮਿਆਦ 10 ਸਾਲ ਹੋਰ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੈਂ ਗਵਰਨਰ ਸਾਹਿਬ ਦਾ ਇਸ ਭਾਸ਼ਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। ਸਭਾਪਤੀ ਜੀ, ਜੇਕਰ ਮੈਂ ਅੱਜ ਆਪ ਜੀ ਦੇ ਸਾਹਮਣੇ ਬੋਲ ਰਿਹਾ ਹਾਂ ਜਾਂ ਮੇਰੇ ਵਰਗੇ ਅਨੇਕਾਂ ਨੂੰ ਮੌਕਾ ਮਿਲਿਆ ਹੈ, ਹਿੰਦੁਸਤਾਨ ਵਿਚ ਮੇਰੇ ਵਰਗੇ ਅਨੇਕਾਂ ਲੋਕਾਂ ਨੂੰ ਐਮ.ਐਲ.ਏ. ਅਤੇ ਐਮ.ਪੀ. ਬਣਨ ਦਾ ਮੌਕਾ ਮਿਲਿਆ ਅਤੇ ਆਈ.ਏ.ਐਸ, ਆਈ.ਪੀ.ਐਸ. ਅਫਸਰ ਜਾਂ ਬੜੇ ਬੜੇ ਅਫਸਰ ਬਣਨ ਦਾ ਮੌਕਾ ਮਿਲਿਆ, ਇਹ ਸਭ ਕੁਝ ਤਾਂ ਹੀ ਮੁਮਕਿਨ ਹੋਇਆ ਕਿ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਦਕ ਨੇ ਸੰਵਿਧਾਨ ਦੀ ਰਚਨਾ ਕੀਤੀ ਫਿਰ ਉਨ੍ਹਾਂ ਦੀ ਬਦੌਲਤ ਪੰਡਿਤ ਜਵਾਹਰ ਲਾਲ ਨਹਿਰੂ ਕਾਂਗਰਸ ਸਰਕਾਰ ਦੇ ਅਤੇ ਅਜ਼ਾਦ ਹਿੰਦੁਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ ਅਤੇ ਇਹ ਉਨ੍ਹਾਂ ਦੀ ਕਿਰਪਾ ਸਦਕਾ ਅੱਜ ਇਹ ਸੰਭਵ ਹੋ ਸਕਿਆ ਹੈ। ਅੱਜ

Under Print
Not for Legal/Official use

.
ਅਨੇਕਾਂ ਦਲਿਤ ਅਤੇ ਪੱਛੜੀ ਜਾਤੀ ਦੇ ਜਿੰਨੇ ਵੀ ਨੁਮਾਇੰਦੇ ਹਨ ਜਾਂ ਜਿੰਨੇ ਵੀ ਅਫਸਰ ਬਣੇ ਹਨ, ਉਨ੍ਹਾਂ ਦੁਆਰਾ ਰਚੇ ਹੋਏ ਸੰਵਿਧਾਨ ਦੀ ਬਦੌਲਤ ਉਹ ਅੱਜ ਇਥੇ ਪਹੁੰਚੇ ਹਨ। ਸਭਾਪਤੀ ਜੀ, ਮੈਨੂੰ ਅੱਜ ਇਹ ਦੱਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੀ ਜਦੋਂ ਪਹਿਲੀ ਵਾਰ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਸੰਵਿਧਾਨ ਦੀ 85 ਵੀਂ ਸੋਧ...

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ, ਸਰਦਾਰ ਪਿਰਮਲ ਸਿੰਘ ਧੌਲਾ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਬਾਕੀ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।

(ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਰਿਪੋਰਟਰਜ਼ ਦੇ ਟੇਬਲ ਦੇ ਨਜ਼ਦੀਕ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਨੇ ਆਪਣੇ ਹੱਥਾਂ ਵਿੱਚ ** ** ਲਿਖੇ ਹੋਏ ਬੈਨਰ ਫੜ੍ਹੇ ਹੋਏ ਸਨ। ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

**ਸ਼੍ਰੀ ਸਭਾਪਤੀ:** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਡਾਕਟਰ ਰਾਜ ਕੁਮਾਰ:** 85ਵੀਂ ਸੋਧ ਬਾਰੇ ਜੇਕਰ ਹਿੰਦੁਸਤਾਨ ਦੇ ਵਿੱਚ ਸਭ ਤੋਂ ਪਹਿਲਾਂ ਗੱਲ ਹੋਈ, ਉਹ ਪੰਜਾਬ ਦੇ ਵਿੱਚ ਲਾਗੂ ਹੋਈ। ਇੰਨਾ ਹੀ ਨਹੀਂ The Scheduled Caste and Backward Classes Reservation and Services Act, 2005 ਦੇ ਵਿੱਚ ਸਭ ਤੋਂ ਪਹਿਲਾਂ Captain Amarinder Singh ਜੀ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਕਮਜ਼ੋਰ ਵਰਗਾਂ ਦੇ ਹਿਤੈਸ਼ੀ ਹਨ। ਇੰਨਾ ਹੀ ਨਹੀਂ ਸਾਲ 2006 ਦੇ ਵਿੱਚ ਦੁਬਾਰਾ ਫਿਰ ਜਦੋਂ ਸ਼੍ਰੀ ਐਮ.ਨਾਗਰਾਜ ਦੀ ਰਿਪੋਰਟ ਆਈ ਅਤੇ ਉਸ ਦੇ ਤਹਿਤ ਕੈਪਟਨ ਅਮਰਿੰਦਰ ਸਿੰਘ ਜੀ ਨੇ The Scheduled Caste and Backward Classes Reservation and Services Amendment Act ਪਾਸ ਕਰਕੇ ਇੱਕ ਵਾਰ ਫਿਰ ਦੱਸ ਦਿੱਤਾ ਕਿ ਕੈਪਟਨ ਅਮਰਿੰਦਰ ਸਿੰਘ ਹਰ ਵਰਗ ਦੇ ਮਸੀਹਾ ਹਨ ਅਤੇ ਹਰ ਵਰਗ ਦੇ ਨਾਲ ਹਨ। ਇਹ ਦੋਵੇਂ ਐਕਟ ਉਨ੍ਹਾਂ ਦੀ ਸਰਕਾਰ ਦੇ ਦੌਰਾਨ ਆਏ। ਮੈਂ ਉਨ੍ਹਾਂ ਦੀ ਦੂਰਅੰਦੇਸ਼ੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। ਸਭਾਪਤੀ ਜੀ, ਸੁਪਰੀਮ ਕੋਰਟ ਵੱਲੋਂ ਇੱਕ ਜੱਜਮੈਂਟ ਆਈ ਹੈ, ਜੋ ਮੰਦਭਾਗੀ ਜੱਜਮੈਂਟ ਆਈ ਹੈ ਮੈਂ ਉਸ ਬਾਰੇ ਵੀ ਆਪ ਜੀ ਦੁਆਰਾ, ਇਸ ਪਵਿੱਤਰ ਪਾਵਨ ਸਦਨ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਦਨ

---

** Not recorded/Expunged as ordered by the Chair.

Under Print
Not for Legal/Official use

.
ਦੁਆਰਾ ਇੱਕ ਪ੍ਰਸਤਾਵ ਪਾਸ ਕੀਤਾ ਜਾਵੇ ਜਿਸ ਦੇ ਤਹਿਤ ਲੋਕ ਸਭਾ ਨੂੰ ਇਹ ਬੇਨਤੀ ਕੀਤੀ ਜਾਵੇ ਕਿ ਜੋ ਵੀ ਜੱਜਮੈਂਟ ਆਈ ਹੈ, ਉਸ ਦੇ ਖਿਲਾਫ review petition, Supreme Court ਦੇ ਵਿੱਚ ਪਾਈ ਜਾਵੇ ਤਾਂ ਕਿ ਦਲਿਤਾਂ ਦੇ ਨਾਲ, ਗਰੀਬਾਂ ਦੇ ਨਾਲ, ਪਛੜਿਆਂ ਲੋਕਾਂ ਨਾਲ, ਔਰਤਾਂ ਦੇ ਨਾਲ ਅਤੇ ਐਸ.ਸੀਜ਼ ਲੋਕਾਂ ਦੇ ਨਾਲ ਕੋਈ ਧੱਕਾ ਨਾ ਹੋ ਸਕੇ। ਇੰਨਾ ਹੀ ਨਹੀਂ, ਅੱਜ ਪੰਜਾਬ ਵਿੱਚ Post Matric Scholarship Scheme ਜਿਹੜੀ ਕਿ ਡਾਕਟਰ ਮਨਮੋਹਨ ਸਿੰਘ ਜੀ ਦੇ ਟਾਈਮ ਯੂ.ਪੀ.ਏ ਦੀ ਸਰਕਾਰ ਦੇ ਵਿੱਚ ਸ਼ੁਰੂ ਕੀਤੀ ਗਈ ਸੀ, ਜਦੋਂ ਡਾਕਟਰ ਮਨਮੋਹਨ ਸਿੰਘ ਜੀ ਸਾਡੇ ਪ੍ਰਧਾਨ ਮੰਤਰੀ ਸਨ(ਵਿਘਨ)(ਸ਼ੋਰ) ਸਭਾਪਤੀ ਜੀ, ਉਸ ਸਮੇਂ ਜਿਹੜੀ ਜ਼ਿਆਦਾ 90% contribution ਸੀ, ਉਹ ਕੇਂਦਰ ਸਰਕਾਰ ਵੱਲੋਂ ਕੀਤੀ ਜਾਂਦੀ ਸੀ ਅਤੇ 10% contributiion ਸਟੇਟਸ ਵੱਲੋਂ ਕੀਤੀ ਜਾਂਦੀ ਸੀ ਪਰ ਜਦੋਂ ਦੀ ਕੇਂਦਰ ਵਿੱਚ ਸ਼੍ਰੀ ਮੋਦੀ ਜੀ ਦੀ ਸਰਕਾਰ ਆਈ ਹੈ, ਇਹ scholarship ਦੀ contribution ਸਾਲ 2017-18 ਵਿੱਚ 60% ਸਟੇਟਸ ਦੀ ਕਰ ਦਿੱਤੀ ਗਈ ਹੈ ਅਤੇ ਸਿਰਫ 40% ਸੈਂਟਰ ਦੀ ਰਹਿ ਗਈ ਹੈ ਜਿਹੜੀ ਕਿ ਰਾਜਾਂ ਦੇ ਉੱਤੇ ਬਹੁਤ ਵੱਡਾ ਵਿੱਤੀ ਬੋਝ ਬਣ ਗਿਆ ਹੈ। ਮੈਂ ਬੇਨਤੀ ਕਰਦਾ ਹਾਂ, ਮੈਨੂੰ ਲੱਗਦਾ ਹੈ ਕਿ ਜਿਹੜੀ ਕੇਂਦਰ ਸਰਕਾਰ ਹੈ, ਇਹ ਦਲਿਤ ਵਿਰੋਧੀ ਹੈ। ਕੇਂਦਰ ਸਰਕਾਰ ਕਮਜ਼ੋਰ ਵਰਗਾਂ ਦੇ ਵਿਰੁੱਧ ਹੈ। ਸਭਾਪਤੀ ਜੀ ਮੈਂ ਆਪ ਜੀ ਰਾਹੀਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨੇ ਵੀ ਸਾਡ ਬੱਚੇ ਪੜ੍ਹਦੇ ਹਨ, ਉਨ੍ਹਾਂ ਦੀਆਂ ਫੀਸਾਂ ਪੰਜਾਬ ਸਰਕਾਰ ਵੱਲੋਂ ਮੁਆਫ ਕਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਜਦੋਂ ਤੱਕ ਕੇਂਦਰ ਮੁਆਫ ਨਹੀਂ ਕਰਦਾ ਕਿਉਂਕਿ ਬੱਚਿਆਂ ਦਾ ਭਵਿੱਖ ਖਰਾਬ ਹੋ ਰਿਹਾ ਹੈ। ਅੱਜ ਸਾਡੇ ਬੱਚਿਆਂ ਨੂੰ ਡਿਗਰੀਆਂ ਨਹੀਂ ਮਿਲ ਰਹੀਆਂ ਹਨ। ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ, ਪੜਤਾਰਿਤ ਕੀਤਾ ਜਾ ਰਿਹਾ ਹੈ। ਸਭਾਪਤੀ ਜੀ, ਮੈਂ ਆਪ ਜੀ ਦੇ ਰਾਹੀਂ ਵਿੱਤ ਮੰਤਰੀ ਜੀ ਨੂੰ ਬਹੁਤ ਬਹੁਤ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ Scheduled Caste Sub plan ਤਹਿਤ ਜਿੰਨਾ ਵੀ ਸਾਡਾ ਤਜਵੀਜ਼ਤ ਬਜਟ ਹੁੰਦਾ ਹੈ, ਜਿੰਨਾ ਵੀ ਸਾਡਾ eligible portion of State Budget estimates ਹੁੰਦਾ ਹੈ, ਜਿਹੜਾ ਕਿ ਲਗਭਗ 17,777 ਕਰੋੜ ਰੁਪਏ ਹੈ....

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ, ਸਰਦਾਰ ਪਿਰਮਲ ਸਿੰਘ ਧੌਲਾ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਬਾਕੀ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

** Not recorded as ordered by the Chair.

.
(ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਵੈੱਲ ਆਫ ਦਿ ਹਾਊਸ ਵਿੱਚ ਰਿਪੋਰਟਰਜ਼ ਦੇ ਟੇਬਲ ਦੇ ਨਜ਼ਦੀਕ ਖੜ੍ਹੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ ਅਤੇ ਇਨ੍ਹਾਂ ਨੇ ਆਪਣੇ ਹੱਥਾਂ ਵਿੱਚ ** ** ਲਿਖੇ ਹੋਏ ਬੈਨਰ ਫੜ੍ਹੇ ਹੋਏ ਸਨ। ਸਦਨ ਵਿੱਚ ਬੇਹੱਦ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਸਭਾਪਤੀ:** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਡਾਕਟਰ ਰਾਜ ਕੁਮਾਰ:** ਉਸ ਦੇ ਤਹਿਤ ਜਿੰਨੀ ਵੀ ਦਲਿਤ ਵਰਗ ਦੀ ਪਾਪੂਲੇਸ਼ਨ ਹੁੰਦੀ ਹੈ, ਉਸ ਦਾ ਬਜਟ ਉੰਨਾ ਹੀ ਰੱਖਣਾ ਹੁੰਦਾ ਹੈ ਪਰੰਤੂ ਮੈਂ ਵਿੱਤ ਮੰਤਰੀ ਸਾਹਿਬ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ ਕਿ ਇਸ ਵਾਰ 31.9% ਨਹੀਂ ਬਲਕਿ ਉਨ੍ਹਾਂ ਨੇ ਐਸ.ਸੀ. ਸਬ-ਪਲਾਨ ਤਹਿਤ ਇੱਕ ਬਹੁਤ ਵੱਡਾ ਹਿੱਸਾ ਅਰਥਾਤ 35% ਬਜਟ ਜੋ ਕਿ 6,260 ਕਰੋੜ ਰੁਪਿਆ ਬਣਦਾ ਹੈ, ਉਹ ਐਸ.ਸੀ. ਸਬ-ਪਲਾਨ ਤਹਿਤ ਰੱਖਿਆ ਹੈ। ਸਭਾਪਤੀ ਜੀ, ਇਸ ਬਾਰੇ ਮੈਂ ਆਪ ਜੀ ਰਾਹੀਂ ਵਿੱਤ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। (ਵਿਘਨ) (ਸ਼ੋਰ) ਸਾਡੀ ਸਰਕਾਰ ਵੱਲੋਂ 5-5 ਮਰਲੇ ਦੇ ਪਲਾਟ ਗਰੀਬਾਂ ਨੂੰ ਦਿੱਤੇ ਜਾ ਰਹੇ ਹਨ, ਇੰਨਾ ਹੀ ਨਹੀਂ ਇਨ੍ਹਾਂ ਪਲਾਟਾਂ ਅਤੇ ਮਕਾਨਾਂ ਦੀ ਜਿਹੜੀ ਅਲਾਟਮੈਂਟ ਹੈ, ਉਸ ਦੇ ਵਿੱਚ 15% ਤੋਂ ਵਧਾ ਕੇ 30% ਰਿਜ਼ਰਵੇਸ਼ਨ ਕੀਤੀ ਗਈ ਹੈ, ਮੈਂ ਇਸ ਲਈ ਵੀ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਅੱਜ ਪਿੰਡਾਂ ਵਿੱਚ ਮਕਾਨਾਂ ਦੇ ਜਿਹੜੇ ਹਾਲਾਤ ਹਨ, ਉਹ ਮਕਾਨ ਕਾਫੀ ਕੱਚੇ ਹਨ, ਕਾਫੀ ਮਕਾਨ ਕੱਚੇ ਹਨ, ਜਿਹੜੇ ਲੋਕ ਹਨ, ਉਹ ਉਨ੍ਹਾਂ ਮਕਾਨਾਂ ਵਿੱਚ ਬਹੁਤ ਬੁਰੀ ਹਾਲਤ ਵਿੱਚ ਰਹਿ ਰਹੇ ਹਨ। ਮੈਂ ਆਪਣੀ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਸਭਨਾਂ ਨੂੰ ਮਕਾਨ ਸਕੀਮ ਤਹਿਤ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ, ਪ੍ਰਧਾਨ ਮੰਤਰੀ ਸ਼ਹਿਰੀ ਆਵਾਸ ਯੋਜਨਾ ਤਹਿਤ ਘੱਟ ਤੋਂ ਘੱਟ 28,000 ਮਕਾਨ ਸਰਕਾਰ ਬਹੁਤ ਜਲਦੀ ਬਣਾ ਕੇ ਦੇਣ ਦਾ ਪ੍ਰਾਵਧਾਨ ਰੱਖਦੀ ਹੈ। (ਵਿਘਨ) (ਸ਼ੋਰ) ਮੈਂ ਸਰਕਾਰ ਦਾ ਬਹੁਤ ਧੰਨਵਾਦ ਕਰਦਾ ਹਾਂ। ਇੰਨਾ ਹੀ ਨਹੀਂ 11990 ਦੇ ਕਰੀਬ ਲਾਭ ਪਾਤਰੀਆਂ ਨੂੰ ਘਰ ਬਣਾਉਣ ਲਈ ਕਰਜ਼ੇ ਦਿੱਤੇ ਗਏ ਹਨ, ਇਸ ਲਈ ਵੀ ਉਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ। (ਵਿਘਨ) (ਸ਼ੋਰ)

ਮੈਂ ਆਪ ਜੀ ਰਾਹੀਂ ਆਪਣੀ ਸਰਕਾਰ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਆਦਮਪੁਰ ਦੇ ਏਅਰਪੋਰਟ ਦਾ ਨਾਂ ਸਾਡੇ ਸਮੁੱਚੇ ਸਦਨ ਵੱਲੋਂ ਸਰਬ ਸੰਮਤੀ ਨਾਲ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ ਦੇ ਨਾਲ ਰੱਖਣ ਦੀ ਜੋ ਤਜਵੀਜ਼ ਕੇਂਦਰ ਸਰਕਾਰ ਨੂੰ ਬਹੁਤ ਦੇਰ ਤੋਂ ਭੇਜੀ ਗਈ ਹੈ, ਲਗਭਗ ਦੋ ਸਾਲ ਹੋ ਗਏ ਹਨ, ਮੈਂ ਆਪ ਜੀ ਰਾਹੀਂ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਤੋਂ ਇਸ ਦੀ ਕਲੀਅਰੈਂਸ ਜਲਦੀ ਤੋਂ ਜਲਦੀ ਕਰਵਾਈ ਜਾਵੇ। ਕੇਂਦਰ ਸਰਕਾਰ ਵੱਲੋਂ ਜੇਕਰ ਆਦਮਪੁਰ ਏਅਰਪੋਰਟ ਦਾ ਨਾਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ ਤੇ ਨਾ

.
ਰੱਖਿਆ ਗਿਆ ਤਾਂ ਇਸ ਦੇ ਵਿਰੋਧ ਵਿੱਚ ਬਹੁਤ ਵੱਡਾ ਪ੍ਰੋਟੈਸਟ ਕੀਤਾ ਜਾਵੇਗਾ ਪਰ ਜੇਕਰ ਕੇਂਦਰ ਸਰਕਾਰ ਵੱਲੋਂ ਆਦਮਪੁਰ ਏਅਰਪੋਰਟ ਦਾ ਨਾਂ ਰਵਿਦਾਸ ਮਹਾਰਾਜ ਜੀ ਦੇ ਨਾਂ ਤੇ ਰੱਖਿਆ ਗਿਆ ਤਾਂ ਮੈਂ ਭਰੋਸਾ ਦਿਵਾਉਂਦਾ ਹਾਂ ਕਿ ਇਸ ਏਅਰਪੋਰਟ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। (ਵਿਘਨ) (ਸ਼ੋਰ)

ਇੰਨਾ ਹੀ ਨਹੀਂ, ਮਹਾਨ ਤਪ ਅਸਥਾਨ ਖੁਰਾਲਗੜ੍ਹ, ਜਿਹੜਾ ਕਾਫੀ ਦੇਰ ਤੋਂ ਉਸਾਰੀ ਅਧੀਨ ਹੈ, ਜਿਸ ਲਈ ਲਗਭਗ 43 ਕਰੋੜ ਰੁਪਏ ਜੇਕਰ ਵਿੱਤ ਮੰਤਰੀ ਸਾਹਿਬ ਜਾਰੀ ਕਰ ਦੇਣ ਤਾਂ ਸਾਡਾ ਜਿਹੜਾ ਤਪ ਅਸਥਾਨ ਖੁਰਾਲਗੜ੍ਹ ਹੈ, ਇਹ ਵੀ ਬਹੁਤ ਜਲਦੀ ਕੰਪਲੀਟ ਹੋ ਜਾਵੇਗਾ। ਮੈਂ ਆਪ ਜੀ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਵੀ ਇਸ ਸਬੰਧ ਵਿੱਚ ਬਜਟ ਭਾਸ਼ਣ ਵਿੱਚ ਜ਼ਰੂਰ ਬਿਆਨ ਦੇਣ ਤਾਂ ਕਿ ਇਹ ਰਾਸ਼ੀ ਜਲਦੀ ਤੋਂ ਜਲਦੀ ਰਿਲੀਜ਼ ਕੀਤੀ ਜਾ ਸਕੇ।(ਵਿਘਨ) (ਸ਼ੋਰ)

ਜਿੱਥੇ ਕਿਸਾਨਾਂ ਦੇ ਕਰਜ਼ੇ ਮੁਆਫ ਹੋਏ ਹਨ, ਉੱਥੇ ਮੈਂ ਆਪ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਗਰੀਬ ਅਤੇ ਜਿੰਨੇ ਵੀ ਬੇਜ਼ਮੀਨੇ ਕਿਸਾਨ ਹਨ, ਜਿਨ੍ਹਾਂ ਵਿੱਚ ਖਾਸ ਤੌਰ ਤੇ ਦਲਿਤ ਪਰਿਵਾਰ ਆਉਂਦੇ ਹਨ, ਉਨ੍ਹਾਂ ਦਾ ਕਰਜ਼ਾ, ਕੈਪਟਨ ਸਾਹਿਬ ਦੀ ਸਰਕਾਰ ਵੱਲੋਂ, ਸਾਡੀ ਸਰਕਾਰ ਵੱਲੋਂ ਮੁਆਫ ਕੀਤਾ ਜਾਣਾ ਹੈ, ਉਸ ਦੀਆਂ ਲਗਭਗ ਸਾਰੀਆਂ ਫਾਰਮੈਲਿਟੀਆਂ ਪੂਰੀਆਂ ਕੀਤੀਆਂ ਜਾ ਚੁੱਕੀਆਂ ਹਨ। ਮੈਂ ਆਪ ਜੀ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਤਾਂ ਜਿਹੜੀਆਂ ਕੋਆਪਰੇਟਿਵ ਸੁਸਾਇਟੀਜ਼ ਹਨ, ਉਨ੍ਹਾਂ ਵੱਲੋਂ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਪਰੇਸ਼ਾਨ ਨਾ ਕੀਤਾ ਜਾਵੇ, ਉਨ੍ਹਾਂ ਦਾ ਕਰਜ਼ਾ ਜਲਦੀ ਤੋਂ ਜਲਦੀ ਮੁਆਫ ਕੀਤਾ ਜਾਵੇ। (ਵਿਘਨ) (ਸ਼ੋਰ)

ਆਮ ਆਦਮੀ ਪਾਰਟੀ ਵੱਲੋਂ ਇਸ ਸਦਨ ਵਿੱਚ ਵੀ ਅਤੇ ਦਿੱਲੀ ਵਿੱਚ ਵੀ ਬਹੁਤ ਦੁਹਾਈ ਪਾਈ ਜਾ ਰਹੀ ਹੈ ਕਿ ਅਸੀਂ ਬਹੁਤ ਵਰਲਡ ਕਲਾਸ ਸਕੂਲ ਬਣਾਏ ਹਨ।ਮੈਂ ਸਭਾਪਤੀ ਸਾਹਿਬ, ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਾਕਟਰ ਬੀ.ਆਰ. ਅੰਬੇਦਕਰ ਜੀ ਨੇ ਕਿਹਾ ਸੀ ਕਿ ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ। ਪੜ੍ਹਾਈ ਨੂੰ ਬਹੁਤ ਅਹਿਮੀਅਤ ਦਿੱਤੀ ਗਈ ਹੈ। ਜ਼ਰੂਰੀ ਨਹੀਂ ਕਿ ਰੌਸ਼ਨੀ ਚਿਰਾਗਾਂ ਨਾਲ ਹੀ ਹੋਵੇ, ਸਿੱਖਿਆ ਨਾਲ ਵੀ ਰੌਸ਼ਨੀ ਹੋ ਸਕਦੀ ਹੈ। ਸੋ, ਕੈਪਟਨ ਅਮਰਿੰਦਰ ਸਿੰਘ ਜੀ ਨੇ, ਸਾਡੀ ਸਰਕਾਰ ਨੇ ਐਜੂਕੇਸ਼ਨਲ ਰਿਫਾਰਮਜ਼ ਸਦਕਾ ਸਰਕਾਰੀ ਸਕੂਲਾਂ ਦਾ ਸਿੱਖਿਆ ਪੱਧਰ ਇੰਨਾ ਵਧੀਆ ਬਣਾਇਆ ਹੈ ਕਿ ਜਿੱਥੇ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ, ਉੱਥੇ ਰਿਜ਼ਲਟ ਵੀ ਸਭਾਪਤੀ ਜੀ ਬਹੁਤ ਬਿਹਤਰ ਹੋਏ ਹਨ। ਸੋ, ਮੈਂ ਆਪਣਾ ਪੜ੍ਹਾਈ ਤੇ, ਐਜੂਕੇਸ਼ਨ ਤੇ ਸਾਡੇ ਪੰਜਾਬ ਦੀ ਅਤੇ ਦਿੱਲੀ ਦੀ ਤੁਲਨਾ ਕਰਨੀ ਚਾਹੁੰਦਾ ਹਾਂ। ਅੱਜ ਮੈਂ ਇਸ ਦੀ ਤੁਲਨਾ ਰਿਜ਼ਲਟ ਤੋਂ ਸ਼ੁਰੂ ਕਰਨੀ ਚਾਹੁੰਦਾ ਹਾਂ। ਜੇਕਰ ਪਿਛਲੇ ਸਾਲ ਦਾ ਦਸਵੀਂ ਦਾ ਰਿਜ਼ਲਟ ਦੇਖ ਲਿਆ ਜਾਵੇ ਤਾਂ ਪੰਜਾਬ ਦਾ ਰਿਜ਼ਲਟ 88.15% ਰਿਜ਼ਲਟ ਹੈ ਅਤੇ ਦਿੱਲੀ ਦਾ 71.58%

.
ਰਿਜ਼ਲਟ ਹੈ। ਜਿਨ੍ਹਾਂ ਸਕੂਲਾਂ ਦੀ ਇੰਨੀ ਤਾਰੀਫ ਕੀਤੀ ਜਾ ਰਹੀ ਹੈ। ਸਭਾਪਤੀ ਜੀ, ਜੇਕਰ ਇਨ੍ਹਾਂ ਸਕੂਲਾਂ ਦੀ ਗੱਲ ਕਰੀਏ ਤਾਂ ਜਦੋਂ ਦਿੱਲੀ ਵਿੱਚ ਸ੍ਰੀਮਤੀ ਸ਼ੀਲਾ ਦੀਕਸ਼ਤ ਦੀ ਸਾਡੀ ਪਾਰਟੀ ਦੀ ਸਰਕਾਰ ਸੀ, ਉਦੋਂ ਇਨ੍ਹਾਂ ਸਕੂਲਾਂ ਦਾ ਰਿਜ਼ਲਟ 99% ਸੀ ਅਤੇ ਅੱਜ ਇਨ੍ਹਾਂ ਸਕੂਲਾਂ ਦੇ ਰਿਜ਼ਲਟ ਦੇ ਹਾਲਾਤ ਜੋ ਹਨ, ਇਹ 71.5% ਤੇ ਆ ਕੇ ਰਹਿ ਗਈ ਹੈ (ਵਿਘਨ)(ਸ਼ੋਰ) ਸਭਾਪਤੀ ਜੀ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ-ਭਾਜਪਾ ਵਾਲੇ ਮੈਂਬਰ ਜਿਹੜੇ ਰੌਲਾ ਪਾ ਰਹੇ ਹਨ, ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਸਾਡਾ ਰਿਜ਼ਲਟ 50% ਸੀ ਅਤੇ ਜਿਹੜਾ ਅੱਜ ਸਾਡਾ ਰਿਜ਼ਲਟ ਹੈ ਉਹ 88.15% ਹੈ ਅਤੇ ਇਸ ਵਿੱਚ ਲਗਭਗ 30% ਦਾ ਸਾਡਾ ਇਜਾਫਾ ਹੋਇਆ ਹੈ, ਇਹ ਸਾਡੇ ਲਈ ਮਾਣ ਤੇ ਸਤਿਕਾਰ ਵਾਲੀ ਗੱਲ ਹੈ। ਇੰਨਾ ਹੀ ਨਹੀਂ ਜੇਕਰ ਉਨ੍ਹਾਂ ਸਕੂਲਾਂ ਦੀ ਗੱਲ ਕੀਤੀ ਜਾਵੇ ਜਿੱਥੇ ਨਤੀਜਾ 100% ਰਿਹਾ ਹੈ, ਜਿੱਥੇ ਇਹ ਕਹਿੰਦੇ ਹਨ ਕਿ ਸਾਡੇ ਸਕੂਲ ਬਹੁਤ ਵਧੀਆ ਹਨ, ਦਿੱਲੀ ਵਿੱਚ ਇਨ੍ਹਾਂ ਦੇ 995 ਸਕੂਲ ਹਨ ਤੇ ਸਾਡੇ 3600 ਸਕੂਲਾਂ ਵਿੱਚੋਂ 942 ਸਕੂਲਾਂ ਦਾ ਨਤੀਜਾ ਜਿਨ੍ਹਾਂ ਦੀ ਗਿਣਤੀ ਲਗਭਗ 26% ਬਣਦੀ ਹੈ, ਉਨ੍ਹਾਂ ਦਾ ਨਤੀਜਾ 100% ਰਿਹਾ ਹੈ। ਇਨ੍ਹਾਂ ਦੇ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਹਾਲਾਤ ਸੁਣ ਲਓ ਕਿ ਇਨ੍ਹਾਂ ਦੇ ਦਿੱਲੀ ਵਿੱਚ 995 ਸਕੂਲ ਹਨ, ਉੱਥੇ ਸਿਰਫ 60 ਸਕੂਲਾਂ ਦਾ ਨਤੀਜਾ 100% ਰਿਹਾ ਹੈ ਜਿਹੜਾ ਕਿ ਸਿਰਫ 6% ਬਣਦਾ ਹੈ। ਮੈਂ ਅੱਜ ਇਹ ਸ਼ਰਤ ਨਾਲ ਕਹਿੰਦਾ ਹਾਂ ਕਿ ਜਿਹੜਾ ਸੀ.ਬੀ.ਐਸ.ਈ. ਦਾ ਪਾਸ ਹੋਣ ਦਾ ਕ੍ਰਾਈਟੇਰੀਆ ਹੈ, ਜੇਕਰ ਉਹੀ ਕ੍ਰਾਈਟੇਰੀਆ ਅਸੀਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਿੱਚ ਵੀ ਲਾਗੂ ਕਰ ਦੇਈਏ ਤਾਂ ਮੈਂ ਯਕੀਨ ਦਿਵਾਉਂਦਾ ਹਾਂ ਕਿ ਪੰਜਾਬ ਦੇ ਸਕੂਲਾਂ ਦਾ ਨਤੀਜਾ 100% ਰਹੇਗਾ।ਇੰਨਾ ਹੀ ਨਹੀਂ ਜੋ ਸਾਡੇ ਵੱਲੋਂ ਇੱਕ ਬਹੁਤ ਇੰਪਾਰਟੈਂਟ ਮਿਸ਼ਨ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਚਲਾਇਆ ਜਾ ਰਿਹਾ ਹੈ ਜਿਸ ਦੇ ਤਹਿਤ ਪੰਜਾਬ ਦੇ ਵਿੱਚ ਸਕੂਲਾਂ ਦੀ ਬਿਹਤਰੀ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ, ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਦਾ ਜਿਹੜਾ ਕੰਸੈਪਟ ਹੈ ਤੇ ਜਿਹੜੀ ਆਮ ਆਦਮੀ ਪਾਰਟੀ ਆਪਣੇ ਆਪ ਨੂੰ ਬਹੁਤ ਵਧੀਆ ਕਹਿ ਰਹੀ ਹੈ ਅਤੇ ਡੀਂਗਾਂ ਮਾਰ ਰਹੀ ਹੈ ਕਿ ਅਸੀਂ ਸਕੂਲਾਂ ਵਿੱਚ ਬਹੁਤ ਵਧੀਆ ਕੰਮ ਕੀਤਾ ਹੈ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਡਾ ਕੰਸੈਪਟ ਚੋਰੀ ਕਰਕੇ ਉੱਥੇ ਚਲਾ ਰਹੇ ਹਨ। ਇੰਨਾ ਹੀ ਨਹੀਂ ਕੈਪਟਨ ਅਮਰਿੰਦਰ ਸਿੰਘ ਜੀ ਤੇ ਜਿਹੜੇ ਸਾਡੇ ਪਹਿਲਾਂ ਮਾਨਯੋਗ ਸਿੱਖਿਆ ਮੰਤਰੀ ਹੁੰਦੇ ਸਨ, ਮੈਡਮ ਸ੍ਰੀਮਤੀ ਅਰੁਣਾ ਚੌਧਰੀ ਜੀ ਇਨ੍ਹਾਂ ਦੁਆਰਾ ਪ੍ਰੀ-ਪ੍ਰਾਇਮਰੀ ਕਲਾਸਿਜ਼ ਸ਼ੁਰੂ ਕੀਤੀਆਂ ਗਈਆਂ ਹਨ, ਉਸ ਦੇ ਲਈ ਮੈਂ ਬਹੁਤ-ਬਹੁਤ ਵਧਾਈ ਦੇਣੀ ਚਾਹੁੰਦਾ ਹਾਂ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਨੈਸ਼ਨਲ ਐਜੂਕੇਸ਼ਨ ਦਾ ਜੋ ਸਿਸਟਮ ਹੈ ਉਸ ਵਿੱਚ ਵੀ ਪ੍ਰੀ-ਪ੍ਰਾਇਮਰੀ ਕਲਾਸਿਜ਼ ਦਾ ਜੋ ਸਿਸਟਮ ਹੈ ਉਸ ਨੂੰ ਅਪਣਾਇਆ ਜਾ ਰਿਹਾ ਹੈ। ਇੰਨਾ ਹੀ ਨਹੀਂ ਪੰਜਾਬ ਸਰਕਾਰ ਦੇ ਸਮੇਂ ਜੋ ਨਵੀਆਂ ਭਰਤੀਆਂ ਹੋਈਆਂ ਹਨ, ਮੈਨੂੰ ਨਹੀਂ ਲੱਗਦਾ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਸ਼ਾਇਦ ਇੱਕ ਵੀ ਭਰਤੀ ਕੀਤੀ ਹੋਵੇਗੀ, ਜੇ ਕੀਤੀ ਹੈ ਤਾਂ ਇਹ ਦੱਸ ਦੇਣ। ਅਸੀਂ 14064

.
ਟੀਚਰ ਐਸ.ਐਸ.ਏ., ਰਮਸਾ ਦੇ ਤੇ ਦੂਸਰੇ ਟੀਚਰਾਂ ਦੀ ਭਰਤੀ ਕਰ ਚੁੱਕੇ ਹਾਂ।ਸਭਾਪਤੀ ਸਾਹਿਬ, ਇੰਨਾ ਹੀ ਨਹੀਂ ਅਸੀਂ 10,000 ਟੀਚਰ ਨਵੇਂ ਭਰਤੀ ਕੀਤੇ ਹਨ, ਨੌਜਵਾਨ ਬੱਚੇ ਭਰਤੀ ਕੀਤੇ ਹਨ ਔਰ ਹੋਰ ਵੀ ਟੀਚਰਜ਼ ਨੂੰ ਰੈਗੂਲਰ ਕਰਨ ਦਾ ਅਤੇ ਭਰਤੀ ਕਰਨ ਦਾ ਸਾਡਾ ਪ੍ਰਾਵਧਾਨ ਹੈ। ਹੁਣ ਮੈਂ ਬੱਚਿਆਂ ਦੇ ਡਰਾਪ ਆਊਟ ਰੇਟ ਦੀ ਗੱਲ ਕਰਨੀ ਚਾਹਾਂਗਾ। ਇਹ ਕਹਿੰਦੇ ਹਨ ਕਿ ਸਾਡੇ ਦਿੱਲੀ ਵਿੱਚ ਸਕੂਲ ਬਹੁਤ ਵਧੀਆ ਹਨ, ਇਹ ਕਹਿੰਦੇ ਹਨ ਕਿ ਸਾਡੇ ਸਕੂਲ ਸਟੇਟ ਆਫ ਦਿ ਆਰਟ ਹਨ, ਇਹ ਕਹਿੰਦੇ ਹਨ ਕਿ ਸਾਡੇ ਸਕੂਲ ਦੇਖਣ ਆਓ ਪਰ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਡੇ ਸਕੂਲ ਦੇਖਣ ਆਉਣ। ਜੇਕਰ ਦਿੱਲੀ ਵਿੱਚ ਡਰਾਪ ਆਊਟ ਰੇਟ 8% ਹੈ, ਸਭਾਪਤੀ ਸਾਹਿਬ, ਸਾਡੀ ਐਨਰੋਲਮੈਂਟ ਵਿੱਚ ਪਿਛਲੇ ਤਿੰਨ ਸਾਲ ਵਿੱਚ 4.75% ਦੇ ਕਰੀਬ ਵਾਧਾ ਹੋਇਆ ਹੈ। ਇਹ ਬਜਟ ਦੀ ਗੱਲ ਕਰਦੇ ਹਨ ਤਾਂ ਬਜਟ ਭਾਵੇਂ ਸਾਡਾ 10% ਹੈ ਪਰ ਬਜਟ ਵਿੱਚ ਜੋ ਸਾਡੀ ਗ੍ਰੋਥ ਹੈ, ਸਾਡੀ ਜੋ ਐਜੂਕੇਸ਼ਨ ਵਿੱਚ ਤਰੱਕੀ ਹੈ, ਉਹ ਇਨ੍ਹਾਂ ਨਾਲੋਂ ਜ਼ਿਆਦਾ ਹੈ ਪਰੰਤੂ ਸਭਾਪਤੀ ਸਾਹਿਬ ਮੈਨੂੰ ਅਫਸੋਸ ਹੈ, ਮੈਂ ਇਹ ਗੱਲ ਕਹਿਣੀ ਨਹੀਂ ਚਾਹੁੰਦਾ ਪਰ ਮੈਂ ਇਹ ਗੱਲ ਕਹਿਣ ਤੇ ਮਜਬੂਰ ਹਾਂ ਕਿ ** ** ਨੂੰ ਕੰਘਾ ਕਿਸ ਤਰ੍ਹਾਂ ਵੇਚਣਾ ਹੈ, ਇਹ ਆਮ ਆਦਮੀ ਪਾਰਟੀ ਤੇ ਬੀ.ਜੇ.ਪੀ. ਨਾਲੋਂ ਵਧੀਆ ਕੋਈ ਨਹੀਂ ਜਾਣਦਾ।

**ਸ਼੍ਰੀ ਸਭਾਪਤੀ:** ** ** ਸ਼ਬਦ ਕੱਟਿਆ ਜਾਵੇ।

**ਡਾਕਟਰ ਰਾਜ ਕੁਮਾਰ:** ਸਾਡਾ ਵਿਟਾਮਿਨ ਏ ਜਿਹੜਾ ਸਾਡਾ ਐਡਵਰਟਾਈਜ਼ਮੈਂਟ ਬਜਟ ਹੈ, ਉਹ ਸਾਡਾ 22 ਕਰੋੜ ਹੈ ਤੇ ਇਨ੍ਹਾਂ ਦਾ (ਆਮ ਆਦਮੀ ਪਾਰਟੀ) 650 ਕਰੋੜ ਹੈ। ਸਭਾਪਤੀ ਜੀ। ਮੈਂ ਆਪ ਜੀ ਦੇ ਰਾਹੀਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡਾ ਜਿਹੜਾ ਐਵਡਰਟਾਈਜ਼ਮੈਂਟ ਬਜਟ ਹੈ, ਜਿਹੜਾ ਵਿਟਾਮਿਨ ਏ ਹੈ, ਉਸ ਨੂੰ ਵਧਾਇਆ ਜਾਵੇ ਤਾਂ ਕਿ ਅਸੀਂ ਆਪਣੇ ਸਕੂਲਾਂ ਦੀਆਂ ਪ੍ਰਾਪਤੀਆਂ, ਸਰਕਾਰ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾ ਸਕੀਏ। ਇੰਨਾ ਹੀ ਨਹੀਂ ਜੇ ਅਸੀਂ ਪੜ੍ਹਾਈ ਦੇ ਖੇਤਰ ਵਿੱਚ ਵਧੀਆ ਕੰਮ ਕੀਤਾ ਹੈ ਤਾਂ ਅਸੀਂ ਸਿਹਤ ਦੇ ਖੇਤਰ ਵਿੱਚ ਵੀ ਵਧੀਆ ਕੰਮ ਕੀਤਾ ਹੈ। ਸਰਬੱਤ ਸਿਹਤ ਬੀਮਾ ਯੋਜਨਾ ਸਾਡੀ ਸਰਕਾਰ ਵੱਲੋਂ ਬਹੁਤ ਕਾਮਯਾਬੀ ਨਾਲ ਚਲਾਈ ਜਾ ਰਹੀ ਹੈ। ਸਭਾਪਤੀ ਜੀ, ਮੈਂ ਆਪ ਜੀ ਰਾਹੀਂ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਤੇ ਸਾਡੇ ਹੈਲਥ ਮਨਿਸਟਰ ਸਿੱਧੂ ਸਾਹਿਬ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ ਕਿ ਸਰਬੱਤ ਸਿਹਤ ਬੀਮਾ ਯੋਜਨਾ ਬਹੁਤ ਕਾਮਯਾਬੀ ਨਾਲ ਚਲਾਈ ਜਾ ਰਹੀ ਹੈ ਔਰ ਪੰਜ ਲੱਖ ਰੁਪਏ ਤੱਕ ਦਾ ਇਲਾਜ ਮੁਫਤ ਹੋ ਰਿਹਾ ਹੈ ਔਰ 1,11,685 ਮਰੀਜ਼ ਹਨ, ਹੋ ਸਕਦਾ ਹੈ ਕਿ ਇਸ ਤੋਂ ਵੀ ਜ਼ਿਆਦਾ ਹੋਣ, ਜਿਸ ਦੀ ਕੀਮਤ 127 ਕਰੋੜ ਬਣਦੀ ਹੈ, ਉਹ ਇਸ ਸਕੀਮ ਦਾ ਲਾਭ ਲੈ ਚੁੱਕੇ ਹਨ। ਪਰੰਤੂ ਸਭਾਪਤੀ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਸੁਝਾਅ

** Not recorded/Expunged as ordered by the Chair.

.
ਦੇਣਾ ਚਾਹੁੰਦਾ ਹਾਂ ਕਿ ਸਰਬੱਤ ਸਿਹਤ ਬੀਮਾ ਯੋਜਨਾ ਵਿੱਚ ਸਾਡੀ ਸਰਕਾਰ 333 ਕਰੋੜ ਰੁਪਿਆ ਖਰਚ ਰਹੀ ਹੈ, ਜਦ ਕਿ ਕੇਂਦਰ ਸਰਕਾਰ ਸਿਰਫ 58 ਕਰੋੜ ਰੁਪਿਆ ਖਰਚ ਰਹੀ ਹੈ, ਜਿਹੜਾ ਕਿ ਲਗਭਗ 15% ਬਣਦਾ ਹੈ, ਇਸ ਕਰਕੇ ਸਰਬੱਤ ਸਿਹਤ ਬੀਮਾ ਯੋਜਨਾ, ਕੈਪਟਨ ਅਮਰਿੰਦਰ ਸਿੰਘ ਜੀ ਦੇ ਨਾਮ ਤੇ ਕੈਪਟਨ ਹੈਲਥ ਕੇਅਰ ਦੇ ਨਾਂ ਤੇ ਚਲਾਈ ਜਾਵੇ ਤਾਂ ਕਿ ਲੋਕਾਂ ਨੂੰ ਪਤਾ ਚੱਲ ਸਕੇ ਕਿ ਇਹ ਸਰਬੱਤ ਸਿਹਤ ਬੀਮਾ ਯੋਜਨਾ ਕੈਪਟਨ ਸਰਕਾਰ ਚਲਾ ਰਹੀ ਹੈ। ਇੰਨਾ ਹੀ ਨਹੀਂ, ਇਹ ਮੁਹੱਲਾ ਕਲੀਨਿਕਾਂ ਦੀ ਗੱਲ ਕਰਦੇ ਹਨ। ਅਸੀਂ ਲਗਭਗ 1372 ਹੈਲਥ ਐਂਡ ਵੈੱਲਨੈੱਸ ਕਲੀਨਿਕਸ ਬਣਾ ਚੁੱਕੇ ਹਨ, ਜਿਹੜੇ ਕਿ ਅਲੱਗ-ਅਲੱਗ ਸਬ-ਸੈਂਟਰਾਂ ਵਿੱਚ ਚਲ ਰਹੇ ਹਨ, ਪੀ.ਐਸ.ਸੀਜ਼. ਦੇ ਵਿੱਚ ਚੱਲ ਰਹੇ ਹਨ, ਅਰਬਨ ਹੈਲਥ ਸੈਂਟਰਾਂ ਵਿੱਚ ਚੱਲ ਰਹੇ ਹਨ। ਇੰਨਾ ਹੀ ਨਹੀਂ, ਮੈਂ ਆਪ ਜੀ ਦੇ ਰਾਹੀ ਸ੍ਰੀ ਵਿਜੈ ਇੰਦਰ ਸਿੰਗਲਾ ਜੀ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਯੂ.ਪੀ.ਏ. ਸਰਕਾਰ ਵਿੱਚ, ਉਨ੍ਹਾਂ ਦੇ ਇਨੀਸ਼ੀਏਟਿਵ ਸਦਕਾ ਸਟੇਟ ਆਫ ਦਾ ਹਾਰਟ ਕੈਂਸਰ ਹਸਪਤਾਲ, ਸੰਗਰੂਰ ਵਿਖੇ ਬਹੁਤ ਕਾਮਯਾਬੀ ਦੇ ਨਾਲ ਚਲਾਇਆ ਜਾ ਰਿਹਾ ਹੈ। ਇੰਨਾ ਹੀ ਨਹੀਂ, ਏਮਜ਼ ਬਠਿੰਡਾ ਹਸਪਤਾਲ ਦੀ ਵੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ। ਜਿੱਥੇ ਸਿਹਤ ਦੇ ਖੇਤਰ ਵਿਚ ਸਰਕਾਰ ਨੇ ਬਹੁਤ ਤਰੱਕੀ ਕੀਤੀ ਹੈ, ਉੱਥੇ ਹੀ ਮੈਡੀਕਲ ਦੇ ਖੇਤਰ ਵਿੱਚ ਸਾਡੀ ਸਰਕਾਰ ਨੇ ਬਹੁਤ ਤਰੱਕੀ ਕੀਤੀ ਹੈ। ਨਵਾਂ ਮੈਡੀਕਲ ਕਾਲਜ ਮੋਹਾਲੀ ਵਿਖੇ ਕਲਾਸਾਂ ਬਹੁਤ ਜਲਦੀ ਸ਼ੁਰੂ ਹੋ ਰਹੀਆਂ ਹਨ। ਇਸ ਦੇ ਨਾਲ-ਨਾਲ ਮੈਂ ਆਪ ਜੀ ਦੇ ਰਾਹੀਂ ਰਾਣਾ ਗੁਰਜੀਤ ਸਿੰਘ ਜੀ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਹਲਕੇ ਵਿੱਚ ਨਵਾਂ ਮੈਡੀਕਲ ਕਾਲਜ ਅਪਰੂਵ ਹੋ ਚੁੱਕਿਆ ਹੈ ਜਿਹੜਾ ਕਿ ਬਹੁਤ ਜਲਦੀ ਸ਼ੁਰੂ ਹੋ ਰਿਹਾ ਹੈ। ਇਸ ਦੇ ਨਾਲ ਹੀ ਮੈਂ ਸਾਡੇ ਸ਼ਹਿਰ ਦੇ ਮੰਤਰੀ ਸਾਹਿਬ ਸ੍ਰੀ ਸੁੰਦਰ ਸ਼ਾਮ ਅਰੋੜਾ ਜੀ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਦੇ ਲਈ ਇੱਕ ਮੈਡੀਕਲ ਕਾਲਜ ਅਪਰੂਵ ਹੋ ਚੁੱਕਿਆ ਹੈ। ਜਿੱਥੇ ਸਿਹਤ ਦੇ ਵਿੱਚ ਅਸੀਂ ਬਹੁਤ ਅੱਛਾ ਕੀਤਾ ਹੈ ਉੱਥੇ ਵਾਤਾਵਰਣ ਦੇ ਵਿੱਚ ਵੀ ਸਾਡੀ ਸਰਕਾਰ ਨੇ ਬਹੁਤ ਵਧੀਆ ਕਦਮ ਉਠਾਏ ਹਨ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।**

ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਰਾਹੀਂ ਗੁਰਬਾਣੀ ਵਿੱਚ ਦਰਜ ਲਾਈਨਾਂ ਦੇ ਰਾਹੀਂ ਉਨ੍ਹਾਂ ਨੇ ਪਾਣੀ ਨੂੰ, ਧਰਤੀ ਨੂੰ ਬਹੁਤ ਅਹਿਮੀਅਤ ਦਿੱਤੀ ਹੈ। ਸਾਡੀ ਸਰਕਾਰ ਦੁਆਰਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਤੇ ਲਗਭਗ 76 ਲੱਖ ਪੌਦੇ ਲਗਾਏ ਗਏ ਹਨ। ਮੈਂ ਆਪ ਜੀ ਦੇ ਰਾਹੀਂ ਇਸ ਉਪਰਾਲੇ ਲਈ ਸਰਦਾਰ ਸਾਧੂ ਸਿੰਘ ਧਰਮਸੋਤ ਜੀ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ, ਇਸ ਦਾ ਜੋ ਪੰਜਾਬ ਨੂੰ ਫਾਇਦਾ ਹੋਇਆ ਹੈ, ਪੰਜਾਬ ਦਾ 11000 ਹੈਕਟੇਅਰ ਤੋਂ ਵੱਧ ਖੇਤਰ ਹਰਿਆਲੀ ਹੇਠ ਵਧਿਆ ਹੈ, ਜੋ ਕਿ ਮੈਨੂੰ ਪੂਰੀ

.
ਆਸ ਹੈ ਕਿ ਪੰਜਾਬ ਦੀ ਸਿਹਤ ਦੇ ਲਈ ਅਤੇ ਪੰਜਾਬ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਮੈਨੂੰ ਪੰਜਾਬ ਦੇ ਮਸ਼ਹੂਰ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀਆਂ ਕੁਝ ਪੰਕਤੀਆਂ ਯਾਦ ਆ ਰਹੀਆਂ ਹਨ ਕਿ:-

**ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ**

**ਕੁਝ ਰੁੱਖ ਲੱਗਦੇ ਮਾਵਾਂ**

**ਕੁਝ ਰੁੱਖ ਨੂੰਹਾਂ, ਧੀਆਂ ਲੱਗਦੇ**

**ਕੁਝ ਰੁੱਖ ਵਾਂਗ ਭਰਾਵਾਂ**

ਸੋ, ਸਾਡੀ ਸਰਕਾਰ ਦੀ ਇਸ ਮੁਹਿੰਮ ਦੇ ਲਈ ਮੈਂ ਬਹੁਤ-ਬਹੁਤ ਵਧਾਈ ਦਿੰਦਾ ਹਾਂ। ਇੰਨਾ ਹੀ ਨਹੀਂ, ਪਾਣੀ ਇੱਕ ਬਹੁਤ ਵੱਡਮੁੱਲੀ ਦਾਤ ਹੈ। ਕੈਪਟਨ ਅਮਰਿੰਦਰ ਸਿੰਘ ਜੀ ਨੇ ਆਪਣੀ ਪਿਛਲੀ ਸਰਕਾਰ ਦੇ ਵਿੱਚ ਸਾਲ 2004 ਵਿੱਚ ਪੰਜਾਬ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟ ਐਕਟ, 2004 ਲਿਆ ਕੇ ਇਹ ਸਾਬਤ ਕਰ ਦਿੱਤਾ ਕਿ ਪੰਜਾਬ ਸਰਕਾਰ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਵਾਤਾਵਰਣ ਪ੍ਰਤੀ ਕਿੰਨੇ ਸੁਹਿਰਦ ਹਨ, ਉਨ੍ਹਾਂ ਦੀ ਵਾਤਾਵਰਣ ਪ੍ਰਤੀ ਕਿੰਨੀ ਵੱਡੀ ਸੋਚ ਹੈ। ਅੱਜ ਕੇਂਦਰ ਸਰਕਾਰ 5 ਟਰੀਲਿਅਨ ਇਕਾਨਮੀ ਦੀ ਗੱਲ ਕਰ ਰਹੀ ਹੈ। ਮੈਨੂੰ ਲੱਗਦਾ ਹੈ ਕਿ ਕੈਪਟਨ ਸਾਹਿਬ ਨੇ ਜੋ ਇਹ ਪਾਣੀ ਉੱਤੇ ਕਾਨੂੰਨ ਲਿਆਂਦਾ ਸੀ ਉਸ ਪੰਜਾਬ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟ ਐਕਟ ਨਾਲ 5 ਟਰੀਲਿਅਨ ਹੈਕਟੇਅਰ ਫੀਟ ਪਾਣੀ ਜ਼ਰੂਰ ਬਚਿਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ਉਹ ਵਾਚ ਐਂਡ ਵਾਰਡ ਅਧਿਕਾਰੀਆਂ ਨਾਲ ਧੱਕਾ-ਮੁੱਕੀ ਕਰ ਰਹੇ ਸਨ।)

**ਡਾਕਟਰ ਰਾਜ ਕੁਮਾਰ:** ਇੰਨਾ ਹੀ ਨਹੀਂ, ਕੈਪਟਨ ਅਮਰਿੰਦਰ ਸਿੰਘ ਜੀ ਅਤੇ ਸਾਡੀ ਸਰਕਾਰ ਨੇ ਸਾਰੀਆਂ ਪਾਰਟੀਆਂ ਦੀ ਇੱਕ ਸਾਂਝੀ ਮੀਟਿੰਗ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਬਿਹਤਰੀ ਲਈ ਕੈਪਟਨ ਅਮਰਿੰਦਰ ਸਿੰਘ ਜੀ ਸਾਰੀਆਂ ਪਾਰਟੀਆਂ ਨੂੰ ਨਾਲ ਲੈ ਕੇ ਚੱਲਣਾ ਚਾਹੁੰਦੇ ਹਨ। ਇੰਨਾ ਹੀ ਨਹੀਂ, ਪਾਣੀ ਦੇ ਘੱਟਦੇ ਲੈਵਲ ਦੀ ਸਮੱਸਿਆ ਨਾਲ ਨਜਿੱਠਣ ਲਈ ਇਜ਼ਰਾਈਲ ਦੀ ਨੈਸ਼ਨਲ ਕੰਪਨੀ ਮੈਕਰੋਟ ਨਾਲ ਸਮਝੌਤਾ ਕੀਤਾ ਗਿਆ ਹੈ, ਜਿਸ ਦੇ ਤਹਿਤ ਇੱਕ ਮਾਸਟਰ ਪਲਾਨ ਬਣਾ ਕੇ ਤਿਆਰ ਕੀਤਾ ਜਾ ਰਿਹਾ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਪਿਰਮਲ ਸਿੰਘ ਧੌਲਾ, ਸ਼੍ਰੀ ਕੰਵਰ ਸੰਧੂ ਅਤੇ ਸਰਦਾਰ ਜਗਦੇਵ ਸਿੰਘ ਨੂੰ ਛੱਡ ਕੇ ਬਾਕੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ

.
ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ।)

**ਡਾਕਟਰ ਰਾਜ ਕੁ**ਮਾਰ: ਸਭਾਪਤੀ ਜੀ, ਇੰਨਾ ਹੀ ਨਹੀਂ ਜੋ ਵਾਟਰ ਰਿਸੋਰਸਿਜ ਮੈਨੇਜਮੈਂਟ ਐਂਡ ਰੈਗੂਲੇਸ਼ਨ ਐਕਟ ਹੈ, ਉਹ ਪਾਸ ਕੀਤਾ ਗਿਆ, ਉਸ ਦੇ ਤਹਿਤ ਬਹੁਤ ਹੀ ਜਲਦ ਸਟੇਟ ਵਾਟਰ ਕੌਂਸਲ ਬਣਾਈ ਜਾ ਰਹੀ ਹੈ ਜਿਸ ਦੇ ਤਹਿਤ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਰਿਸੋਰਸਿਜ ਨੂੰ ਕੰਜ਼ਰਵ ਕਰਨ ਲਈ ਬਹੁਤ ਵੱਡਾ ਫਾਇਦਾ ਹੋਵੇਗਾ। ਇੰਨਾ ਹੀ ਨਹੀਂ, ਮੋਗਾ ਜ਼ਿਲ੍ਹੇ ਦੇ 85 ਪਿੰਡਾਂ ਦੇ ਪਾਣੀ ਵਿੱਚ ਜੋ ਹੈਵੀ ਮੈਟਲਜ਼ ਹਨ, ਪਾਣੀ ਦਾ ਜੋ ਗਲਤ ਪ੍ਰਭਾਵ ਹੈਵੀ ਮੈਟਲਜ਼ ਕਰਕੇ ਪੈ ਰਿਹਾ ਹੈ, ਉਸ ਤੋਂ ਬਚਾਉਣ ਲਈ 225 ਕਰੋੜ ਰੁਪਏ ਦੇ ਜਿਹੜਾ ਪ੍ਰਾਜੈਕਟ ਹੈ, ਉਹ ਮੋਗਾ ਨੂੰ ਦਿੱਤਾ ਗਿਆ ਹੈ। ਇਸ ਲਈ ਮੈਂ ਉਨ੍ਹਾਂ ਨੂੰ ਬਹੁਤ-ਬਹੁਤ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ।ਇਸ ਤੋਂ ਇਲਾਵਾ ਵਾਯੂ ਪ੍ਰਦੂਸ਼ਣ ਘਟਾਉਣ ਦੇ ਲਈ ਪਰਾਲੀ ਦੇ ਯੰਤਰਾਂ ਤੇ ਵੱਧ ਤੋਂ ਵੱਧ ਸਬਸਿਡੀ ਦਿੱਤੀ ਗਈ ਔਰ ਇੰਨਾ ਹੀ ਨਹੀਂ, ਪਰਾਲੀ ਤੋਂ ਬਿਜਲੀ ਬਣਾਉਣ ਦੇ ਲਈ ਯੋਜਨਾਵਾਂ ਬਣਾਈਆਂ, ਜਿਸ ਦੇ ਤਹਿਤ 36 ਮੈਗਾਵਾਟ ਦੇ ਦੋ ਪਲਾਂਟ ਪੰਜਾਬ ਵਿੱਚ ਚਲਾਏ ਜਾ ਰਹੇ ਹਨ। ਸਾਡੀ ਪੰਜਾਬ ਦੀ ਧਰਤੀ ਦੀ ਗੁਣਵੱਤਾ ਨੂੰ ਵਧਾਉਣ ਦੇ ਲਈ ਪੈਸਟੀਸਾਈਸਡਜ਼ ਅਤੇ ਫਰਟੀਲਾਈਜ਼ਰਜ਼ ਨੂੰ ਘੱਟ ਤੋਂ ਘੱਟ ਯੂਜ਼ ਕਰਨ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਮੈਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਡੀ ਸਰਕਾਰ ਨੇ ਕੈਪਟਨ ਸਾਹਿਬ ਦੇ ਮਾਰਗ ਦਰਸ਼ਨ ਵਿੱਚ ਕੰਮ ਕਰਦੇ ਹੋਏ, ਸਵੱਛ ਭਾਰਤ ਮਿਸ਼ਨ ਵਿੱਚ, ਨਾਰਥ ਇੰਡੀਆ ਵਿੱਚ ਪੰਜਾਬ ਨੇ ਪਹਿਲਾ ਸਥਾਨ ਹਾਸਿਲ ਕੀਤਾ ਹੈ ਔਰ ਪੂਰੇ ਹਿੰਦੁਸਤਾਨ ਦੇ ਵਿੱਚ ਪੰਜਾਬ ਨੇ ਲਗਭਗ ਸੱਤਵਾਂ ਸਥਾਨ ਹਾਸਲ ਕੀਤਾ ਹੈ। (ਵਿਘਨ) ਇਸ ਤੋਂ ਇਲਾਵਾ ਅਟੱਲ ਮਿਸ਼ਨ ਫਾਰ ਰਿਜੂਵੇਸ਼ਨ ਐਂਡ ਅਰਬਨ ਟਰਾਂਸਫਰਮੇਸ਼ਨ (Atal Mission for Rejuvention and Urban Transformation) ਦੇ ਤਹਿਤ ਪੰਜਾਬ ਦੇ ਇੱਕ ਲੱਖ ਤੋਂ ਵੱਧ ਅਬਾਦੀ ਵਾਲੇ 16 ਕਸਬਿਆਂ ਵਿੱਚ 27,000 ਕਰੋੜ ਰੁਪਏ ਦੀ ਇੱਕ ਵਿਸ਼ਾਲ ਯੋਜਨਾ ਤਿਆਰ ਕੀਤੀ ਜਾ ਰਹੀ ਹੈ । ਜੇਕਰ ਵਿਕਾਸ ਦੀ ਗੱਲ ਕਰਨੀ ਹੋਵੇ ਤਾਂ ਜਿੱਥੇ ਮੈਡੀਕਲ ਅਤੇ ਐਜੂਕੇਸ਼ਨ ਵਿੱਚ ਅਤੇ ਹੋਰ ਕਿਸਾਨੀ ਵਿੱਚ ਵੀ ਬਹੁਤ ਵਿਕਾਸ ਹੋਇਆ ਹੈ, ਉਥੇ ਜੇਕਰ ਸਾਡੇ ਰੋਡਜ਼ ਦੀ ਗੱਲ ਕੀਤੀ ਜਾਵੇ, ਪੇਂਡੂ ਸੜਕਾਂ ਦੀ ਗੱਲ ਕੀਤੇ ਜਾਵੇ ਤਾਂ ਮੈਂ ਆਪ ਜੀ ਰਾਹੀਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਅਤੇ ਕੰਸਰਨਡ ਕੈਬਨਿਟ ਮਨਿਸਟਰ, ਸ੍ਰੀ

** Not recorded as ordered by the Chair.

Under Print
Not for Legal/Official use

.
ਵਿਜੈ ਇੰਦਰ ਸਿੰਗਲਾ ਜੀ ਨੂੰ ਬਹੁਤ-ਬਹੁਤ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਜਿਨ੍ਹਾਂ ਦੀ ਰਹਿਨੁਮਾਈ ਦੇ ਹੇਠ ਲਗਭਗ 28,000 ਕਿਲੋਮੀਟਰ ਸੜਕਾਂ ਮਨਜ਼ੂਰ ਹੋ ਚੁੱਕੀਆਂ ਹਨ ਔਰ ਉਸ ਦੇ ਵਿੱਚੋਂ 15,000 ਕਿਲੋਮੀਟਰ ਜਿਹੜੀਆਂ ਸੜਕਾਂ ਹਨ, ਉਹ ਪਹਿਲੇ ਫੇਜ਼ ਦੇ ਵਿੱਚ ਬਣ ਕੇ ਪੂਰੀਆਂ ਹੋ ਚੁੱਕੀਆਂ ਹਨ, ਇੰਨਾ ਹੀ ਨਹੀਂ, ਸਰਕਾਰ ਵੱਲੋਂ ਤੀਸਰੇ ਫੇਜ਼ ਦੀ ਵੀ ਰਸਮੀ ਪ੍ਰਵਾਨਗੀ ਜਿਹੜੀ ਕਿ 24,265 ਕਿਲੋਮੀਟਰ ਬਣਦੀ ਹੈ, ਉਸ ਦੀ ਰਸਮੀ ਪ੍ਰਵਾਨਗੀ ਵੀ ਦਿੱਤੀ ਗਈ ਹੈ। ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸਾਲ 2021 ਤੱਕ ਪੰਜਾਬ ਦੀਆਂ ਲਗਭਗ 99.9% ਜਿਹੜੀਆਂ ਸੜਕਾਂ ਹਨ, ਉਹ ਬਹੁਤ ਜਲਦੀ ਬਣ ਕੇ ਪੂਰੀਆਂ ਹੋ ਜਾਣਗੀਆਂ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਕੁਝ ਮੈਂਬਰਾਂ ਵੱਲੋਂ ਰਿਪੋਰਟਰਜ਼ ਟੇਬਲ ਤੇ ਲੱਗੇ ਸਪੀਕਰਾਂ ਨਾਲ ਛੇੜਛਾੜ ਕੀਤੀ ਗਈ, ਜਿਸ ਕਾਰਨ ਸਪੀਕਰਾਂ ਦੀ ਆਵਾਜ਼ ਆਉਣੀ ਬੰਦ ਹੋ ਗਈ ਔਰ ਇਸ ਕਰਕੇ ਹਾਊਸ ਕਾਰਵਾਈ ਰਿਕਾਰਡ ਕਰਨ ਵਿੱਚ ਰਿਪੋਰਟਰਜ਼ ਨੂੰ ਬੜੀ ਕਠਿਨਾਈ ਦਾ ਸਾਹਮਣਾ ਕਰਨਾ ਪਿਆ।)

**ਡਾਕਟਰ ਰਾਜ ਕੁਮਾਰ:** ਇੰਨਾ ਹੀ ਨਹੀਂ, ਮੈਂ ਜਿੱਥੇ ਪੀ.ਡਬਲਿਯੂ.ਡੀ. ਮਨਿਸਟਰ ਸਿੰਗਲਾ ਜੀ ਦਾ ਧੰਨਵਾਦ ਕਰਦਾ ਹਾਂ ਉਥੇ ਮੈਂ ਆਪ ਜੀ ਦੇ ਰਾਹੀਂ ਉਨ੍ਹਾਂ ਨੂੰ ਸੁਝਾਅ ਵੀ ਦੇਣਾ ਚਾਹਾਂਗਾ ਕਿ ਜਿੱਥੇ ਲਿੰਕ ਸੜਕਾਂ ਬਹੁਤ ਜ਼ਿਆਦਾ ਬਣ ਰਹੀਆਂ ਹਨ ਅਤੇ ਉਨ੍ਹਾਂ ਉੱਪਰ ਹਜ਼ਾਰਾਂ ਕਰੋੜ ਰੁਪਏ ਖਰਚ ਆ ਰਹੇ ਹਨ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਸੜਕਾਂ ਦੇ ਬਾਹਰ ਬਰਮਾਂ ਕੱਚੀਆਂ ਹੋਣ ਕਰਕੇ ਇਹ ਸੜਕਾਂ ਜ਼ਿਆਦਾ ਦੇਰ ਤੱਕ ਨਹੀਂ ਚਲਦੀਆਂ। ਇਸ ਲਈ ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਬਰਮਾਂ ਨੂੰ ਪੱਕਾ ਕਰਨ ਦੀ ਤਜਵੀਜ਼ ਲਿਆਂਦੀ ਜਾਵੇ ਤਾਂ ਜੋ ਸੜਕਾਂ ਦੀ ਮਿਆਦ ਵਧਾਈ ਜਾ ਸਕੇ ਅਤੇ ਜਿਹੜਾ ਇਹ ਹਜ਼ਾਰ ਕਰੋੜ ਰੁਪਿਆ ਹੈ, ਉਸ ਨੂੰ ਬਚਾਇਆ ਜਾ ਸਕੇ।ਇੰਨਾ ਹੀ ਨਹੀਂ, ਰਾਜ ਦੇ ਸਮੂਹ ਮੰਡੀਆਂ ਦੇ ਢਾਂਚੇ ਨੂੰ ਬਿਹਤਰ ਕਰਨ ਦੇ ਲਈ 675 ਕਰੋੜ ਰੁਪਿਆ ਜਾਰੀ ਹੋ ਚੁੱਕਿਆ ਹੈ ਤਾਂ ਜੋ ਕਿਸਾਨਾਂ ਦੀ ਜਿਹੜੀ ਮਾਰਕੀਟਿੰਗ ਫੈਸਿਲਟੀ ਹੈ, ਉਹ ਵਧੀਆ ਕੀਤੀ ਜਾਵੇ। ਮੈਂ ਕਨਕਲੂਡ ਕਰਨਾ ਲੱਗਾ ਹਾਂ ।(ਵਿਘਨ) ਮਾਨਯੋਗ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਅਲੱਗ-ਅਲੱਗ ਅਦਾਰਿਆਂ ਦੀ ਪ੍ਰਾਪਤੀ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਤੋਂ ਸਰਕਾਰ ਦੀ ਨੀਤੀ ਅਤੇ ਨੀਅਤ ਜਿਹੜੀ ਹੈ, ਉਹ ਭਲੀ ਭਾਂਤੀ ਵਧੀਆ ਜ਼ਾਹਿਰ ਹੁੰਦੀ ਹੈ। ਸੋ, ਜਿਹੜੇ ਅੱਜ ਹਾਊਸ ਦੇ ਵਿੱਚ ਵਿਰੋਧ ਕਰ ਰਹੇ ਹਨ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਆਪਣੇ ਗਲਾਂ ਦੇ ਵਿੱਚ ਬੁੱਝੇ ਹੋਏ ਲਾਟੂ ਜਲਾ ਕੇ ਘੁੰਮਦੇ ਹਨ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਬਿਜਲੀ ਦੇ ਜਿੰਨੇ ਵੀ ਸਮਝੌਤੇ ਹੋਏ, ਉਹ ਸਾਰੇ ਪਿਛਲੀ ਸਰਕਾਰ ਦੇ ਸਮੇਂ ਹੋਏ ਅਤੇ ਜਦੋਂ ਇਹ ਸਮਝੌਤੇ ਹੋਏ ਸਨ ਤਾਂ ਉਸ ਵੇਲੇ ਇਹ ਕਿੱਥੇ ਸਨ? (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਅੱਜ ਜੇਕਰ ਪੰਜਾਬ ਦੇ ਵਿੱਚ ਰੋਸ਼ਨੀ ਦੇਣ ਦਾ ਕੰਮ ਕੀਤਾ ਹੈ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਜੀ ਨੇ ਕੀਤਾ ਹੈ। ਮੈਨੂੰ ਇਹ ਪੂਰਾ

Under Print
Not for Legal/Official use

.
ਭਰੋਸਾ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਇਹ ਐਲਾਨ ਵੀ ਕਰ ਚੁੱਕੇ ਹਨ ਕਿ ਜਿਹੜੇ ਇਹ ਪੀ.ਪੀ.ਏਜ਼ ਹਨ, ਉਨ੍ਹਾਂ ਨੂੰ ਰਿਵਿਊ ਕਰਕੇ, ਜਿੰਨਾ ਵੀ ਜਨਤਾ ਤੇ ਬੋਝ ਹੈ, ਉਸ ਨੂੰ ਜਲਦੀ ਤੋਂ ਜਲਦੀ ਘਟਾਇਆ ਜਾਵੇਗਾ। ਸੋ, ਸ਼੍ਰੀ ਸਭਾਪਤੀ ਜੀ, ਅੰਤ ਦੇ ਵਿੱਚ ਮੈਂ ਮਾਨਯੋਗ ਗਵਰਨਰ ਸਾਹਿਬ ਦੇ ਭਾਸ਼ਣ ਦੀ ਭਰਪੂਰ ਸ਼ਲਾਘਾ ਕਰਦਾ ਹਾਂ ਅਤੇ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਆਪੋਜ਼ੀਸ਼ਨ ਵਾਲਿਆਂ ਨੂੰ ਕਹਾਂਗਾ ਕਿ ਇਨ੍ਹਾਂ ਦਾ ਹਾਲ ਤਾਂ ਇਹ ਹੈ ਕਿ:

ਆਪਿ ਨ ਦੇਹਿ ਚੁਰੂ ਭਰਿ ਪਾਨੀ॥
ਤਿਹ ਨਿੰਦਹਿ ਜਿਹ ਗੰਗਾ ਆਨੀ॥ ॥

ਸੋ, ਜਿਹੜੇ ਇਨ੍ਹਾਂ ਦੇ ਹਾਲਤ ਜਿਹੜੇ ਹਨ, ਉਹ ਬਹੁਤ ਖਰਾਬ ਹਨ। ਪੰਜਾਬ ਅੱਜ ਜਿਨ੍ਹਾਂ ਹਾਲਾਤਾਂ ਦੇ ਵਿੱਚ ਪਹੁੰਚਿਆ ਹੈ।(ਵਿਘਨ) ਇਹ ਬਹੁਤ ਰੌਲਾ ਪਾਉਂਦੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਕੈਪਟਨ 2002 ਵਾਲੇ ਸਨ, ਸਾਲ 2002 ਵਿੱਚ ਵੀ ਇਹੀ ਕੈਪਟਨ ਸਨ, ਜਿਨ੍ਹਾਂ ਨੇ 2017 ਦੇ ਵਿੱਚ ਸਰਕਾਰ ਬਣਾਈ ਸੀ ਔਰ 2022 ਵਿੱਚ ਵੀ ਇਹੋ ਹੀ ਕੈਪਟਨ ਹੋਣਗੇ। ਬਹੁਤ-ਬਹੁਤ ਧੰਨਵਾਦ। ਜੈ ਹਿੰਦ।

**ਸ਼੍ਰੀ ਸਭਾਪਤੀ :** ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਪਲੀਜ਼ ਸਾਰੇ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਓ। (ਵਿਘਨ)(ਸ਼ੋਰ)

*4.55 ਵਜੇ ਬਾਅਦ ਦੁਪਹਿਰ) ( ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਸਾਹਿਬ। ਹਾਂ ਜੀ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਜੀ, ਤੁਸੀਂ ਗਵਰਨਰ ਐਡਰੈੱਸ ਤੇ ਬੋਲਣਾ ਚਾਹੁੰਦੇ ਹੋ? ਸਰਦਾਰ ਮਨਪ੍ਰੀਤ ਸਿੰਘ ਇਯਾਲੀ ਜੀ, ਤੁਹਾਡੇ ਵਿੱਚੋਂ ਕਿਸੇ ਨੇ ਗਵਰਨਰ ਐਡਰੈੱਸ ਤੇ ਬੋਲਣਾ ਹੈ? ਹਾਂ ਜੀ, ਸ਼੍ਰੀ ਕੰਵਰ ਸੰਧੂ ਜੀ, ਚਲੋ ਤੁਸੀਂ ਬੋਲੋ ਜੀ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ। ਗਵਰਨਰ ਜੀ ਦੇ ਭਾਸ਼ਣ ਉੱਤੇ ਅੱਜ ਇਹ ਚੌਥਾ ਗਵਰਨਰ ਐਡਰੈੱਸ ਹੈ। ਅੱਜ ਇੰਝ ਲੱਗ ਰਿਹਾ ਹੈ ਕਿ ਜਿਵੇਂ ਪਿਛਲੇ ਦਸ ਸਾਲ ਲੰਘ ਗਏ, ਉਵੇਂ ਹੀ ਇਹ ਤਿੰਨ ਸਾਲ ਵੀ ਲੰਘ ਗਏ ਹਨ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਪਹਿਲੇ 4-5 ਪੇਜ਼ਾਂ ਤੇ ਦਿਵਾਉਣਾ ਚਾਹੁੰਦਾ ਹਾਂ। ਇੱਥੇ ਜ਼ਿਕਰ ਹੈ ਕਿ ਸਰਕਾਰ ਨੇ ਸ਼੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਔਰ ਨਾਲ ਹੀ ਇੱਥੇ ਇਹ ਵੀ ਜ਼ਿਕਰ ਹੈ ਕਿ ਕਿਸ ਤਰੀਕੇ ਨਾਲ ਸ਼੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਗਿਆ। ਇੱਥੇ ਬੜੇ ਹੀ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਉਸੇ ਹੀ ਰਾਜਪਾਲ ਦੇ ਭਾਸ਼ਣ ਤੇ ਜਿਸ ਵਿੱਚ ਸ਼੍ਰੀ

Under Print
Not for Legal/Official use

.

ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਜ਼ਿਕਰ ਹੈ, ਉਨ੍ਹਾਂ ਹੀ ਦਿਨਾਂ ਦੇ ਵਿੱਚ ਇੱਕ ਸੀਨੀਅਰ ਅਧਿਕਾਰੀ ਵੱਲੋਂ ਇਸ ਲਾਂਘੇ ਬਾਰੇ ਬਹੁਤ ਹੀ ਬੇਬੁਨਿਆਦ ਗੱਲਾਂ ਕੀਤੀਆਂ ਗਈਆਂ ਹਨ ਜਿਸ ਕਰਕੇ ਇਹ ਸਾਰਾ ਬਵਾਲ ਖੜ੍ਹਾ ਹੋਇਆ ਹੈ।(ਵਿਘਨ)(ਸ਼ੋਰ) ਸਪੀਕਰ ਸਾਹਿਬ, ਇਹ ਮੰਦਭਾਗੀ ਗੱਲ ਉਨ੍ਹਾਂ ਦਿਨਾਂ ਵਿੱਚ ਹੀ ਹੋਈ ਹੈ, ਜਿਨ੍ਹਾਂ ਦਿਨਾਂ ਵਿੱਚ ਇਹ ਮੰਗ ਉੱਠ ਰਹੀ ਸੀ ਕਿ ਸ਼੍ਰੀ ਕਰਤਾਰਪੁਰ ਸਾਹਿਬ ਜਾਣ ਵਾਸਤੇ ਜਿਹੜੀ ਪਾਸਪੋਰਟ ਦੀ ਸ਼ਰਤ ਹੈ, ਉਹ ਹਟਾਈ ਜਾਣੀ ਚਾਹੀਦੀ ਹੈ ਪਰ ਇਹ ਪਾਸਪੋਰਟ ਦੀ ਸ਼ਰਤ ਹਟਾਏ ਜਾਣ ਦੀ ਬਜਾਏ ਇੰਝ ਲੱਗ ਰਿਹਾ ਹੈ ਕਿ ਕਰਤਾਰਪੁਰ ਲਾਂਘੇ ਦੇ ਵਾਸਤੇ ਜਿਸ ਦੇ ਲਈ ਇੰਨੀਆਂ ਅਰਦਾਸਾਂ ਹੋਈਆਂ, ਉਸ ਲਾਂਘੇ ਨੂੰ ਬੰਦ ਕਰਨ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈੱਸ ਦੇ ਪੁਆਇੰਟ ਨੰਬਰ 10 ਦੇ ਉੱਤੇ ਇਹ ਲਿਖਿਆ ਹੋਇਆ ਹੈ ਕਿ ਕਿਵੇਂ ਸਰਕਾਰ ਨੇ ਪਿਛਲੇ ਤਿੰਨਾਂ ਸਾਲਾਂ ਵਿੱਚ ਆਪਣੇ ਕੀਤੇ ਹੋਏ ਵਾਅਦੇ ਪੂਰੇ ਕੀਤੇ ਹਨ। ਵਾਅਦਿਆਂ ਦਾ ਮਤਲਬ ਹੈ ਕਿ ਜਿਹੜਾ ਸਰਕਾਰ ਵੱਲੋਂ ਚੋਣ ਮੈਨੀਫੈਸਟੋ ਜਾਰੀ ਕੀਤਾ ਗਿਆ ਸੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਪਹਿਲਾ ਗਵਰਨਰ ਸਾਹਿਬ ਦਾ ਭਾਸ਼ਣ ਹੋ ਰਿਹਾ ਸੀ ਤਾਂ ਮੈਨੂੰ ਇੰਝ ਲੱਗ ਰਿਹਾ ਸੀ ਕਿ ਹੌਲੀ-ਹੌਲੀ ਲੋਕਾਂ ਦੀਆਂ ਇੱਛਾਵਾਂ ਜਾਗ ਪਈਆਂ ਹਨ ਪਰ ਰਾਜਪਾਲ ਜੀ ਦੇ ਦੂਜੇ-ਤੀਜੇ ਭਾਸ਼ਣ ਤੇ ਲੋਕਾਂ ਨੂੰ ਨਿਰਾਸ਼ਾ ਹੋਣ ਲੱਗ ਪਈ। ਹੁਣ ਇਹ ਲੱਗ ਰਿਹਾ ਹੈ ਕਿ ਸਰਕਾਰ ਤੋਂ ਕੋਈ ਆਸ ਨਹੀਂ ਰੱਖੀ ਜਾ ਸਕਦੀ। ਇਸੇ ਹੀ ਪੁਆਇੰਟ ਵਿੱਚ ਜ਼ਿਕਰ ਆਇਆ ਹੈ ਕਿ ਕਿਵੇਂ ਸਰਕਾਰ ਦਾ ਖਜ਼ਾਨਾ ਖਾਲੀ ਸੀ ਔਰ ਕਿਵੇਂ ਅਸੀਂ ਬਹੁਤ ਵਧੀਆ ਵਿੱਤੀ ਨੀਤੀ ਲੈ ਕੇ ਆਏ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਉਸ ਵੇਲੇ ਢਾਈ ਲੱਖ ਕਰੋੜ ਰੁਪਏ ਦਾ ਕਰਜ਼ਾ ਸੀ ਉਹ ਕਰਜ਼ਾ ਵਧ ਕੇ ਕਰੀਬ ਤਿੰਨ ਲੱਖ ਕਰੋੜ ਰੁਪਏ ਹੋ ਗਿਆ ਹੈ। ਸਿਰਫ ਇਹੋ ਹੀ ਨਹੀਂ ਰਾਜਪਾਲ ਜੀ ਦੇ ਭਾਸ਼ਣ ਵਿੱਚ ਰੂਲ ਆਫ ਲਾਅ ਲਿਆਉਣ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਪਿਛਲੇ ਦਿਨੀਂ ਸਰਕਾਰ ਦੇ ਆਪਣੇ ਹੀ ਐਮ.ਐਲ.ਏ. ਨੇ ਮੁੱਖ ਮੰਤਰੀ ਸਾਹਿਬ ਨੂੰ ਚਿੱਠੀ ਲਿਖੀ ਕਿ ਜਿਹੜੇ ਭ੍ਰਿਸ਼ਟਾਚਾਰ ਦੇ ਪੁਰਾਣੇ ਕੇਸ ਚੱਲ ਰਹੇ ਹਨ, ਉਨ੍ਹਾਂ ਤੇ ਕੋਈ ਕਾਰਵਾਈ ਨਹੀਂ ਹੋ ਰਹੀ। ਮੈਂ ਤੁਹਾਡੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਤਿੰਨ ਸਾਲ ਪਹਿਲਾਂ ਮੌੜ ਬੰਬ ਬਲਾਸਟ ਹੋਇਆ ਅਤੇ ਜਿਸ ਵਿੱਚ 7 ਦੇ ਕਰੀਬ ਜਾਨਾਂ ਚਲੀਆਂ ਗਈਆਂ ਪਰ ਅੱਜ ਤੱਕ ਉਸ ਤੇ ਕੋਈ ਕਾਰਵਾਈ ਨਹੀਂ ਹੋਈ। ਸਪੀਕਰ ਸਾਹਿਬ, ਜਿਹੜੇ ਪਾਸੇ needle of suspicion ਹੈ, ਜਿਨ੍ਹਾਂ ਤੇ ਸ਼ੱਕ ਦੀ ਨਜ਼ਰ ਉਠਣੀ ਚਾਹੀਦੀ ਹੈ, ਉਨ੍ਹਾਂ ਉਤੇ ਕੋਈ ਕਾਰਵਾਈ ਨਹੀਂ ਹੋ ਰਹੀ। ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਪੀੜਤ ਪਰਿਵਾਰ ਹਨ ਉਹ ਲਗਾਤਾਰ ਮੰਗ ਕਰ ਰਹੇ ਹਨ ਕਿ ਜਿਹੜਾ ਉਸ ਵੇਲੇ ਕਾਂਗਰਸ ਪਾਰਟੀ ਦਾ ਉਮੀਦਵਾਰ ਸੀ ਉਸ ਦੀ ਵੀ ਪੁੱਛਗਿੱਛ ਕੀਤੀ ਜਾਵੇ ਪਰ ਅੱਜ ਤੱਕ ਉਸ ਪਾਸੇ ਕੋਈ ਗੱਲ ਨਹੀਂ ਤੁਰੀ। ਜਿਹੜੇ ਮੇਰੇ ਤੋਂ ਪਹਿਲਾਂ ਬੋਲੇ ਹਨ ਉਹ ਮੈਂਬਰ ਸਾਹਿਬਾਨ ਜ਼ਿਕਰ ਕਰ ਰਹੇ ਸੀ, ਉਹ ਕਹਿ ਰਹੇ ਸੀ ਕਿ ਪਿਛਲੇ ਦਸਾਂ ਸਾਲਾਂ ਵਿੱਚ ਕਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ, ਬਿਲਕੁਲ ਠੀਕ ਹੈ, ਪਿਛਲੀ ਸਰਕਾਰ ਜਿਹੜੀ ਹੈ ਉਹ ਸ੍ਰੀ ਗੁਰੂ

Under Print
Not for Legal/Official use

.
ਗ੍ਰੰਥ ਸਾਹਿਬ ਦੀ ਬੇਅਦਬੀ ਵਾਸਤੇ ਗੁਨਾਹਗਾਰ ਹੈ ਪਰ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨਾਂ ਸਾਲਾਂ ਦੇ ਵਿੱਚ ਅਸੀਂ ਕੀ ਕੀਤਾ ਹੈ? ਇਸ ਦੇ ਬਾਵਜੂਦ ਵੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਬਿਲਕੁਲ ਸਾਫ ਕਰ ਦਿੱਤਾ ਹੈ ਕਿ ਬੇਦਅਬੀ ਦੇ ਗੁਨਾਹਗਾਰ ਕੌਣ ਹਨ, ਐਸ.ਆਈ.ਟੀ. ਜਿਹੜੀ ਸ਼੍ਰੀ ਰਣਬੀਰ ਸਿੰਘ ਖੱਟੜਾ ਦੀ ਬਣੀ ਸੀ, ਉਸ ਨੇ ਦੱਸਿਆ ਹੈ ਕਿ ਸ਼ੱਕ ਦੀ ਸੂਈ ਕਿੱਧਰ ਜਾਂਦੀ ਹੈ, ਪਰ ਉਸ ਦੇ ਬਾਵਜੂਦ ਅੱਜ ਤੱਕ ਉਨ੍ਹਾਂ ਉੱਤੇ ਕੋਈ ਕਾਰਵਾਈ ਨਹੀਂ ਹੋਈ। ਸਪੀਕਰ ਸਾਹਿਬ, ਰੂਲਿੰਗ ਪਾਰਟੀ ਦੇ ਆਪਣੇ ਐਮ.ਐਲ.ਏ.ਕਹਿਣ ਲੱਗ ਪਏ ਹਨ ਕਿ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਗੁਨਾਹਗਾਰ ਹਨ ਉਨ੍ਹਾਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਸਾਰੀਆਂ ਅਖਬਾਰਾਂ ਰੋਜ਼ ਜ਼ਿਕਰ ਕਰਦੀਆਂ ਹਨ ਕਿ ਕਿਵੇਂ ਜਿਹੜੇ ਵਾਅਦੇ ਸੀ, ਬੜੇ ਬੜੇ ਵਾਅਦੇ ਕੀਤੇ ਗਏ, ਉਹ ਪੂਰੇ ਨਹੀਂ ਹੋਏ।(ਵਿਘਨ)(ਸ਼ੋਰ) ਪਿਛਲੇ ਦਿਨਾਂ ਵਿਚ ਵਿਵਾਦ ਉਠਿਆ ਕਿ ਪਾਵਰ ਪਰਚੇਜ਼ ਐਗਰੀਮੈਂਟ ਜਿਹੜੇ ਸਾਈਨ ਹੋਏ ਸੀ ਉਨ੍ਹਾਂ ਨੂੰ ਰੱਦ ਕਰਨਾ ਚਾਹੀਦਾ ਹੈ, ਹਾਲੇ ਕਿ ਉਨ੍ਹਾਂ ਪਾਵਰ ਪਰਚੇਜ਼ ਐਗਰੀਮੈਂਟਾਂ ਬਾਰੇ ਸਰਕਾਰ ਨੇ ਵਾਅਦਾ ਕੀਤਾ ਸੀ, ਕਾਂਗਰਸ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਜਦੋਂ ਉਹ ਪਾਵਰ ਵਿੱਚ ਆਉਣਗੇ ਤਾਂ ਇਨ੍ਹਾਂ ਐਗਰੀਮੈਂਟਾਂ ਉਤੇ ਦੁਬਾਰਾ ਨਜ਼ਰ ਮਾਰਨਗੇ ਔਰ ਇਨ੍ਹਾਂ ਨੂੰ ਰੱਦ ਕਰਕੇ ਇੱਕ ਨਵੀਂ ਨੀਤੀ ਲਿਆਂਦੀ ਜਾਵੇਗੀ। ਸਪੀਕਰ ਸਾਹਿਬ, ਅੱਜ 3 ਸਾਲ ਬਾਅਦ, ਹੁਣ ਮੁੱਖ ਮੰਤਰੀ ਸਾਹਿਬ ਕਹਿ ਰਹੇ ਹਨ ਕਿ ਉਨ੍ਹਾਂ ਦੇ ਉਤੇ ਨਿਗਾਹ ਜ਼ਰੂਰ ਮਾਰਾਂਗੇ, ਸੋ ਇਹ ਕਿਹੋ ਜਿਹੀ ਸਰਕਾਰ ਹੈ, ਇਨ੍ਹਾਂ ਦੇ ਕਿਹੋ ਜਿਹੇ ਤਿੰਨ ਸਾਲ ਲੰਘੇ ਹਨ।

ਸਪੀਕਰ ਸਾਹਿਬ, ਪੁਆਇੰਟ ਨੰ: 19 ਉਤੇ ਜ਼ਿਕਰ ਕੀਤਾ ਹੈ ਕਿ ਕਿਵੇਂ ਭ੍ਰਿਸ਼ਟਾਚਾਰ ਅਫਸਰਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਸੀਨੀਅਰ ਅਧਿਕਾਰੀ ਹੈ ਜਿਸ ਦੇ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ? ਕੀ ਕੋਈ ਐਮ.ਐਲ.ਏ., ਮੰਤਰੀ ਦੇ ਖਿਲਾਫ ਕਾਰਵਾਈ ਹੋਈ ਹੈ? ਅੱਜ ਦੀ ਅਖਬਾਰ ਵਿੱਚ ਵੀ ਇੱਕ ਮੰਤਰੀ ਦੇ ਖਿਲਾਫ ਪੂਰੀ ਪੁਖਤਾ ਜਾਣਕਾਰੀ ਦਿੱਤੀ ਗਈ ਹੈ ਕਿ ਕਿਵੇਂ ਉਸ ਦੇ ਖਿਲਾਫ ਬਿਲਕੁਲ ਕੇਸ ਬਣਦਾ ਸੀ ਲੇਕਿਨ ਉਹ ਕੇਸ ਰਫਾ ਦਫਾ ਕਰ ਦਿੱਤਾ ਗਿਆ ਹੈ। ਇਹ ਅਵਾਜ਼ ਅੱਜ ਹਾਊਸ ਦੇ ਵਿਚ ਵੀ ਉਠੀ ਹੈ। ਸੋ, ਇਨ੍ਹਾਂ ਗੱਲਾਂ ਦੇ ਉਤੇ ਲੱਗਦਾ ਹੈ ਕਿ ਇਹ ਸਰਕਾਰ ਜਿਹੜੀ ਹੈ ਉਹ ਕਿਸੇ ਕੰਮ ਲਈ ਵੀ ਬਿਲਕੁਲ ਸੁਹਿਰਦ ਨਹੀਂ ਹੈ । ਪਹਿਲੇ ਰਾਜਪਾਲ ਦੇ ਭਾਸ਼ਣ ਵਿੱਚ Conflict of Interest Bill ਦਾ ਜ਼ਿਕਰ ਕੀਤਾ ਗਿਆ ਸੀ, ਅੱਜ ਤਿੰਨ ਸਾਲ ਹੋ ਗਏ ਹਨ, ਕਿਥੇ ਹੈ Conflict of Interest Bill? ਇਹ Conflict of Interest Bill ਦਾ ਜ਼ਿਕਰ ਕਾਂਗਰਸ ਦੇ ਮੈਨੀਫੈਸਟੋ ਵਿਚ ਸੀ, ਵਿੱਤ ਮੰਤਰੀ ਸਾਹਿਬ ਜਿਹੜੇ ਮੈਨੀਫੈਸਟੋ ਕਮੇਟੀ ਦੇ ਮੈਂਬਰ ਸਨ ਉਹ ਵੀ ਹਾਊਸ ਵਿਚ ਮੌਜੂਦ ਹਨ, ਕੀ ਇਹ Conflict of Interest Bill ਬਣਨਾ ਹੀ ਨਹੀਂ? ਹੁਣ ਕੀ ਬਣਨਾ ਹੈ, ਹੁਣ ਤਾਂ ਸਾਲ ਹੀ ਇੱਕ ਰਹਿ ਗਿਆ ਹੈ । ਉਸ ਤੋਂ ਬਾਅਦ ਪਹਿਲੇ ਰਾਜਪਾਲ ਦੇ ਭਾਸ਼ਣ ਵਿਚ ਜ਼ਿਕਰ ਸੀ ਕਿ ਕਿਵੇਂ ਰੇਤ

.
ਮਾਫੀਆ, ਕੇਬਲ ਮਾਫੀਆ, ਸ਼ਰਾਬ ਮਾਫੀਆ ਉਤੇ ਲਗਾਮ ਪਾਈ ਜਾਵੇਗੀ, ਅੱਜ ਵੇਖ ਲਵੋ ਤਿੰਨ ਸਾਲ ਹੋ ਗਏ ਤੇ ਸਾਰੇ ਹੀ ਮਾਫੀਆ ਉਸੇ ਤਰ੍ਹਾਂ ਹੀ ਚੱਲ ਰਹੇ ਹਨ। ਰੋਜ਼ ਦੀਆਂ ਅਖਬਾਰਾਂ ਵਿੱਚ ਇਹ ਜ਼ਿਕਰ ਆਉਂਦਾ ਹੈ ਕਿ ਕਿਵੇਂ ਰੇਤ ਮਾਫੀਆ ਲੋਕਾਂ ਨੂੰ ਲੁੱਟ ਰਿਹਾ ਹੈ, ਟੋਏ ਪੁੱਟੇ ਜਾ ਰਹੇ ਹਨ, ਵਾਤਾਵਰਣ ਨੂੰ ਬਹੁਤ ਵੱਡੇ ਪੱਧਰ ਉਤੇ ਨੁਕਸਾਨ ਹੋ ਰਿਹਾ ਹੈ.. (ਵਿਘਨ)(ਸ਼ੋਰ)

ਸਪੀਕਰ ਸਾਹਿਬ, ਪੁਆਇੰਟ ਨੰ: 28 ਉਤੇ ਜ਼ਿਕਰ ਹੈ ਕਿ ਕਿਵੇਂ ਖੇਤੀਬਾੜੀ ਮਹਿਕਮੇ ਵਿਚ ਇਸ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਮੈਂ ਸਿਰਫ ਇਕ ਉਦਾਹਰਣ ਦੇਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਅਸੀਂ ਵਿਭਿੰਨਤਾ ਦੀ ਗੱਲ ਕਰਦੇ ਹਾਂ, ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ ਔਰ ਡਾਈਵਰਸੀਫਿਕੇਸ਼ਨ ਵਿੱਚ ਸ਼ੂਗਰਕੇਨ, ਖੰਨਾ ਉਤਪਾਦਕ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਨ ਲੇਕਿਨ 3 ਫਰਵਰੀ, 2020 ਤੱਕ ਗੰਨਾ ਉਤਪਾਦਕ ਜਿਹੜੇ ਹਨ, ਜਿਹੜੀਆਂ ਰਾਜ ਸਰਕਾਰ ਦੀਆਂ 9 ਸ਼ੂਗਰ ਮਿੱਲਾਂ ਹਨ, ਉਨ੍ਹਾਂ ਵੱਲ ਉਨ੍ਹਾਂ ਦਾ ਘੱਟੋ ਘੱਟ ਵੀ 158 ਕਰੋੜ ਰੁਪਿਆ ਬਕਾਇਆ ਹੈ। ਅੱਜ ਦੀ ਡੇਟ ਵਿੱਚ 158 ਕਰੋੜ 21 ਲੱਖ ਰੁਪਿਆ ਬਕਾਇਆ ਹੈ। ਇਹ ਮੈਂ ਨਹੀਂ ਕਹਿ ਰਿਹਾ, ਇਹ ਸਰਕਾਰ ਦੀ ਆਪਣੀ ਡੇਅਲੀ ਪੇਮੈਂਟ ਰਿਪੋਰਟ ਕਹਿ ਰਹੀ ਹੈ।ਇਹ 2018-19, ਪਿਛਲੇ ਸਾਲ ਦਾ ਬਕਾਇਆ ਹੈ, ਇਹ ਕਰੀਬ 158 ਕਰੋੜ ਰੁਪਏ ਦਾ ਬਕਾਇਆ ਹੈ,

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ, ਸ਼੍ਰੀ ਕੰਵਰ ਸੰਧੂ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਪਿਰਮਲ ਸਿੰਘ ਧੌਲਾ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਬਾਕੀ ਸਮੂਹ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਬੈਨਰ ਲੈ ਕੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾ ਲਵੋ ਕਿ ਇਸ ਸਾਲ ਜਿੰਨੀ crushing ਹਾਲੇ ਵੀ ਚੱਲ ਰਹੀ ਹੈ ਉਸ ਦਾ ਕਿੰਨਾ ਬਕਾਇਆ ਹੋ ਸਕਦਾ ਹੈ। ਇਹ ਅਜਨਾਲਾ ਅਤੇ ਗੁਰਦਾਸਪੁਰ ਮਿੱਲਾਂ ਦਾ ਬਕਾਇਆ ਹੈ ਅਤੇ ਇਹ ਦੋਵੇਂ ਮਿੱਲਾਂ ਸਰਕਾਰੀ ਮੰਤਰੀਆਂ ਦੇ ਆਪਣੇ ਹਲਕੇ ਦੀਆਂ ਮਿੱਲਾਂ ਹਨ। ਮੈਂ ਹੈਰਾਨ ਹਾਂ ਕਿ ਉਨ੍ਹਾਂ ਨੂੰ ਆਪਣੇ ਹਲਕੇ ਵਿੱਚ ਵੜਨ ਕਿਵੇਂ ਦਿੱਤਾ ਜਾ ਰਿਹਾ ਹੈ ਜੇ ਉਨ੍ਹਾਂ ਨੇ ਇਨ੍ਹਾਂ ਮਿੱਲਾਂ ਦਾ ਬਕਾਇਆ ਨਹੀਂ ਦਿੱਤਾ। ਮੇਰੇ ਆਪਣੇ ਹਲਕੇ ਖਰੜ ਦੀ ਮੋਰਿੰਡਾ ਸ਼ੂਗਰ ਮਿੱਲ ਵਿੱਚ ਜਿਥੇ ਇਲਾਕੇ ਦਾ ਗੰਨਾ ਜਾਂਦਾ ਹੈ, ਉਸ ਦਾ ਸਾਲ 2018-19 ਦਾ ਕਰੀਬ 23 ਕਰੋੜ ਰੁਪਿਆ ਅੱਜ ਵੀ ਬਕਾਇਆ ਹੈ। ਸਪੀਕਰ ਸਾਹਿਬ, ਇਹ ਸਰਕਾਰ ਡਾਈਵਰਸੀਫਿਕੇਸ਼ਨ ਲਿਆਉਣ ਦੀਆਂ ਕਿਹੜੀਆਂ ਗੱਲਾਂ ਕਰਦੀ ਹੈ?

** Not recorded as ordered by the Chair.

.
ਪੈਡੀ ਅਤੇ ਜ਼ੀਰੀ ਦੀ alternate crop ਗੰਨਾ ਬਣ ਸਕਦਾ ਹੈ ਪਰ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। Area under cultivation of sugarcane ਲਗਾਤਾਰ ਘਟਦਾ ਜਾ ਰਿਹਾ ਹੈ, ਇਹ ਏਰੀਆ ਘੱਟੋ ਘੱਟ 20% ਜਾਂ 25% ਘੱਟ ਗਿਆ ਹੈ। ਪਿਛਲੇ ਸਾਲ ਮੋਰਿੰਡਾ ਦੀ ਸ਼ੂਗਰ ਮਿੱਲ 15 ਮਾਰਚ ਨੂੰ ਬੰਦ ਹੋਈ ਸੀ ਅਤੇ ਇਸ ਸਾਲ ਮੋਰਿੰਡਾ ਦੀ ਸ਼ੂਗਰ ਮਿੱਲ 15 ਫਰਵਰੀ ਨੂੰ ਬੰਦ ਹੋਈ ਹੈ। ਤੁਸੀਂ ਅੰਦਾਜ਼ਾ ਲਗਾ ਲਓ ਕਿ ਕਿੰਨਾ area under sugarcane cultivation cover ਹੋਇਆ ਹੈ। ਇਕ ਮੈਂਬਰ ਸਾਹਿਬਾਨ ਨੇ ਬੋਲਦੇ ਹੋਏ ਜ਼ਿਕਰ ਕੀਤਾ ਸੀ ਕਿ ਦਿੱਲੀ ਵਿੱਚ ਜਿਹੜੇ ਸਰਕਾਰੀ ਸਕੂਲ ਹਨ, ਉਨ੍ਹਾਂ ਸਬੰਧੀ ਆਮ ਆਦਮੀ ਪਾਰਟੀ ਝੂਠ ਬੋਲ ਰਹੀ ਹੈ। ਮੈਂ ਇਸ ਦਾ ਖੰਡਨ ਕਰਦਾ ਹਾਂ। ਆਮ ਆਦਮੀ ਪਾਰਟੀ ਨੇ ਦਿੱਲੀ ਦੇ ਸਕੂਲਾਂ ਦਾ ਬਹੁਤ ਜ਼ਿਆਦਾ ਕਾਇਆ ਕਲਪ ਕੀਤਾ ਹੈ। ਮੈਂਬਰ ਸਾਹਿਬ ਨੇ ਬੋਲਦੇ ਹੋਏ ਕਿਹਾ ਕਿ ਪੰਜਾਬ ਵਿੱਚ ਕਿੰਨੇ ਸਮਾਰਟ ਸਕੂਲ ਬਣ ਗਏ ਹਨ। ਜਿਹੜੇ ਮਾੜੇ-ਮੋਟੇ ਸਮਾਰਟ ਸਕੂਲ ਬਣੇ ਹਨ, ਉਹ ਸਿਰਫ ਐਨ.ਆਰ.ਆਈਜ਼ ਦੀ ਬਦੌਲਤ ਬਣੇ ਹਨ। ਮੇਰੇ ਆਪਣੇ ਹਲਕੇ ਦੇ ਐਨ.ਆਰ.ਆਈ. ਸਰਦਾਰ ਜਸਦੀਪ ਸਿੰਘ ਸੋਮਲ ਆਸਟ੍ਰੇਲੀਆ ਰਹਿੰਦੇ ਹਨ, ਉਨ੍ਹਾਂ ਦੀ ਟੀਮ ਨੇ ਘੱਟੋ ਘੱਟ 40-50 ਸਮਾਰਟ ਸਕੂਲ ਮੇਰੇ ਇਲਾਕੇ ਵਿੱਚ ਬਣਾਏ ਹਨ। ਸਪੀਕਰ ਸਾਹਿਬ, ਕਹਿਣ ਦਾ ਮਤਲਬ ਇਹ ਹੈ ਕਿ ਇਹ ਸਾਰੀਆਂ ਝੂਠੀਆਂ ਗੱਲਾਂ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਵਾਸਤੇ ਦੂਜੀ ਸਰਕਾਰ, ਜਿਸ ਨੇ ਦਿੱਲੀ ਵਿੱਚ ਬਹੁਤ ਵਧੀਆ ਕੰਮ ਕੀਤਾ ਹੈ ਅਤੇ ਜਿਸ ਕਰਕੇ ਉਨ੍ਹਾਂ ਨੂੰ ਦਿੱਲੀ ਵਿੱਚ 63 ਸੀਟਾਂ ਹਾਸਲ ਹੋਈਆਂ ਹਨ, ਉਨ੍ਹਾਂ ਦੀ ਨਿੰਦਾ ਕਰ ਰਹੇ ਹਨ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ** : ਬੈਠੋ, ਬੈਠੋ। (ਵਿਘਨ)(ਸ਼ੋਰ) ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀ ਕੰਵਰ ਸੰਧੂ** : ਜੇ ਪੰਜਾਬ ਦੇ ਸਮਾਰਟ ਸਕੂਲ ਵਾਕਿਆ ਹੀ ਦਿੱਲੀ ਵਰਗੇ ਹੁੰਦੇ ਤਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਘਰ ਵਾਲੀ ਮਿਲਾਨੀਆ ਟਰੰਪ ਪੰਜਾਬ ਦੇ ਸਕੂਲਾਂ ਦਾ ਦੌਰਾ ਕਰਦੀ, ਉਹ ਦਿੱਲੀ ਦੇ ਸਕੂਲਾਂ ਦਾ ਦੌਰਾ ਕਿਉਂ ਕਰ ਰਹੇ ਹਨ? ਇੱਥੋਂ ਪਤਾ ਲਗਦਾ ਹੈ ਕਿ ਇਹ ਬਿਲਕੁਲ ਝੂਠ ਗੱਲਾਂ ਹਨ। ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਕਹਿਣਾ ਚਾਹੁੰਦਾ ਹਾਂ ਕਿ...(ਵਿਘਨ)(ਸ਼ੋਰ)

**Mr. Speaker :** Thank you, thank you. *(interruptions)*

**ਸ਼੍ਰੀ ਕੰਵਰ ਸੰਧੂ** : ਜਿਹੜੀ ਸੈਂਕਟਿਟੀ ਗਵਰਨਰ ਭਾਸ਼ਣ ਦੀ ਹੁੰਦੀ ਹੈ, ਇਸ ਸਰਕਾਰ ਦੇ ਦੌਰਾਨ ਉਹ ਵੀ ਹੌਲੀ ਹੌਲੀ ਖਤਮ ਹੋ ਰਹੀ ਹੈ। ਧੰਨਵਾਦ। (ਵਿਘਨ)(ਸ਼ੋਰ)

**Mr. Speaker :** Next speaker, Sardar Kuldip Singh Vaid. *(interruptions)*

---

** Not recorded as ordered by the Chair.

Under Print
Not for Legal/Official use

.

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ)(ਗਿੱਲ, ਐਸ.ਸੀ.)** : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਹਾਊਸ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ। ਇਕ ਬਹੁਤ ਹੀ ਵਧੀਆ ਅਤੇ ਸ਼ਾਨਦਾਰ ਅਵਾਰਡ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਦਿੱਤਾ ਗਿਆ ਹੈ। ਬੀ.ਸੀ.ਐਸ. (ਭਾਰਤੀਆ ਛਾਤਰ ਸੰਸਦ) ਆਰਗੇਨਾਈਜ਼ੇਸ਼ਨ ਨੇ ਬਹੁਤ ਵਧੀਆ ਮੁੱਖ ਮੰਤਰੀ ਦਾ ਅਵਾਰਡ ਪੰਜਾਬ ਦੇ ਮੁੱਖ ਮੰਤਰੀ, ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਦਿੱਤਾ ਹੈ, ਜਿਹੜਾ ਕਿ ਬਹੁਤ ਹੀ ਸ਼ਲਾਘਾਯੋਗ ਹੈ। ਆਮ ਆਦਮੀ ਪਾਰਟੀ ਦੇ ਲੋਕ ਜਿਹੜੇ ਇੱਥੇ ਗਿੱਧਾ ਪਾ ਰਹੇ ਹਨ, ਮੇਰਾ ਜੀਅ ਕਰਦਾ ਹੈ ਕਿ ਇਕ ਬੋਲੀ ਇਨ੍ਹਾਂ ਨੂੰ ਸੁਣਾਵਾਂ। ਜੇ ਇਨ੍ਹਾਂ ਦਾ ਜੀਅ ਕਰਦਾ ਹੈ ਤਾਂ ਗਿੱਧਾ ਪਾ ਲੈਣ। ਇਨ੍ਹਾਂ ਨੂੰ ਗਿੱਧਾ ਪਾਉਣਾ ਚਾਹੀਦਾ ਹੈ ਕਿਉਂਕਿ ਕੇਜਰੀਵਾਲ ਸਾਹਿਬ ਨੂੰ ਅਵਾਰਡ ਨਹੀਂ ਮਿਲਿਆ। ਹਿੰਦੁਸਤਾਨ ਦੇ ਇਕੋ ਇਕ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਨੂੰ ਭਾਰਤੀਆ ਛਾਤਰ ਸੰਸਦ ਨੇ ਅਵਾਰਡ ਦਿੱਤਾ ਹੈ। ਸ਼ਾਇਦ ਦਿੱਲੀ ਵਿੱਚ ਕੇਜਰੀਵਾਲ ਸਾਹਿਬ ਬੈਠੇ ਇਹ ਜ਼ਰੂਰ ਸੋਚ ਰਹੇ ਹੋਣਗੇ ਕਿ ਇਹ ਜਿਹੜਾ ਅਵਾਰਡ ਹੈ, ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ ਪਰ ਇਸ ਸੰਸਥਾ ਨੇ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਇਹ ਅਵਾਰਡ ਦਿੱਤਾ ਹੈ। ਮੈਂ ਹਾਊਸ ਵਿੱਚ ਤੁਹਾਨੂੰ ਸਾਰਿਆਂ ਨੂੰ ਮੁਬਾਰਕਬਾਦ ਵੀ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਜਿਵੇਂ ਹੁਣ ਛਾ ਰਹੇ ਹਨ, ਇਵੇਂ ਹੀ ਛਾਉਂਦੇ ਰਹਿਣਗੇ। ਜਿਥੋਂ ਤੱਕ ਸਾਡੀ ਸਰਕਾਰ ਦੀਆਂ ਅਚੀਵਮੈਂਟਸ ਦਾ ਸਬੰਧ ਹੈ, ਮੈਂ ਤੁਹਾਡੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸ਼੍ਰੀ ਵੀ.ਪੀ. ਸਿੰਘ ਬਦਨੌਰ ਜੀ ਦਾ ਐਡਰੈਸ ਸੀ, ਇਹ ਆਪੋਜ਼ੀਸ਼ਨ ਵਾਲਿਆਂ ਨੂੰ ਪੜ੍ਹ ਲੈਣਾ ਚਾਹੀਦਾ ਹੈ। ਤਿੰਨ ਸਾਲਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ, ਸਾਡੀ ਸਰਕਾਰ ਨੇ ਕਿਹੋ ਜਿਹੇ ਕੰਮ ਕੀਤੇ ਅਤੇ ਕਿਹੋ ਜਿਹੇ ਪੂਰਨੇ ਪਾਏ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਇਜਾਜ਼ਤ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

(ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਵੈੱਲ ਆਫ ਦਿ ਹਾਊਸ ਵਿਚ ਰਿਪੋਰਟਰਜ਼ ਦੀ ਟੇਬਲ ਦੇ ਨਜ਼ਦੀਕ ਖੜ੍ਹੇ ਆਪਣੇ ਹੱਥਾਂ ਵਿੱਚ **** ਲਿਖੇ ਹੋਏ ਬੈਨਰ ਲਹਿਰਾਉਂਦੇ ਹੋਏ ** ** ਨਾਅਰੇ ਲਗਾ ਰਹੇ ਸਨ। ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

---

** Not recorded as ordered by the Chair.

Under Print
Not for Legal/Official use

.

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਸਾਡੀ ਸਰਕਾਰ ਨੇ ਇੰਨੇ ਵਧੀਆ ਕੰਮ ਕੀਤੇ ਹਨ ਅਤੇ ਇੰਨੇ ਵਧੀਆ ਪੂਰਨੇ ਪਾਏ ਹਨ। ਸਭ ਤੋਂ ਪਹਿਲਾਂ ਤਾਂ ਮੈਂ ਸਾਰੀ ਸਰਕਾਰ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ, ਈਵਨ ਆਪੋਜ਼ੀਸ਼ਨ ਵਾਲਿਆਂ ਨੂੰ ਵੀ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਿਹੜਾ 550ਵਾਂ ਸਾਲ ਪ੍ਰਕਾਸ਼ ਦਿਹਾੜਾ ਸੀ, ਉਹ ਬਹੁਤ ਹੀ ਵਧੀਆ ਢੰਗ ਨਾਲ ਮਨਾਇਆ ਗਿਆ। ਇਸ ਵਾਸਤੇ ਸਾਡੇ ਚੰਨੀ ਸਾਹਿਬ, ਸਭਿਆਚਾਰਕ ਮਾਮਲੇ ਮੰਤਰੀ ਨੂੰ ਸਪੈਸ਼ਲ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਬੜੇ ਵਧੀਆ ਢੰਗ ਨਾਲ ਉਪਰਾਲਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦੇ 550ਵਾਂ ਪ੍ਰਕਾਸ਼ ਪੁਰਬ ਨੂੰ ਮਨਾਇਆ। ਇਸ ਵਿੱਚ ਇੱਕ ਬਹੁਤ ਵੱਡੀ ਅਚੀਵਮੈਂਟ ਕੀਤੀ ਗਈ ਹੈ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਯਾਦਗਾਰੀ ਓਪਨ ਯੂਨੀਵਰਸਿਟੀ ਐਲਾਨ ਕੀਤੀ ਗਈ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਸਾਡੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਸਾਹਿਬਾਨ ਜੋ ਖੜ੍ਹੇ ਹਨ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਐਸ.ਜੀ.ਪੀ.ਸੀ. ਨੇ ਪਿਛਲੇ 70 ਸਾਲਾਂ ਵਿੱਚ ਸਿੱਖੀ ਦਾ ਪ੍ਰਚਾਰ ਨਹੀਂ ਕੀਤਾ, ਸਗੋਂ ਸਿੱਖੀ ਦਾ ਨਿਘਾਰ ਕੀਤਾ ਹੈ, ਇਹ ਲੀਡਰਸ਼ਿਪ ਆਪਣੀਆਂ ਵੋਟਾਂ ਦੀ ਰਾਜਨੀਤੀ ਕਰਕੇ ਐਸ.ਜੀ.ਪੀ.ਸੀ. ਦੇ ਉਤੇ ਕਬਜ਼ਾ ਕਰਕੇ ਬੈਠੀ ਹੈ। ਐਸ.ਜੀ.ਪੀ.ਸੀ. ਦਾ ਕੰਮ ਕੁਝ ਹੋਰ ਸੀ ਪ੍ਰੰਤੂ ਇਨ੍ਹਾਂ ਨੇ ਆਪਣੇ ਪੁਲੀਟੀਕਲ ਮਸਲਿਆਂ ਵਾਸਤੇ ਉਸ ਨੂੰ ਵਰਤਿਆ ਹੈ।ਆਪਣੀ ਪਾਵਰ ਲਈ ਇਹ ਉਸ ਨੂੰ ਵਰਤਦੇ ਰਹੇ ਹਨ। ਜੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਬਣਿਆ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਸਾਡੀ ਸਰਕਾਰ ਦੌਰਾਨ ਬਣਿਆ। ਮੈਂ ਸਦਨ ਦਾ ਸਮਾਂ ਵੇਸਟ ਨਹੀਂ ਕਰਨਾ ਚਾਹੁੰਦਾ, ਇਹ ਜੋ ਗਵਰਨਰ ਐਡਰੈਸ ਹੈ, ਇਹ ਸਰਕਾਰ ਦੀਆਂ ਪ੍ਰਾਪਤੀਆਂ ਹਨ। 102 ਕਰੋੜ ਰੁਪਏ ਦੀ ਲਾਗਤ ਨਾਲ ਜਿਹੜਾ ਪ੍ਰਕਾਸ਼ ਪੁਰਬ ਮਾਰਗ ਦਾ ਵਿਕਾਸ ਕੀਤਾ ਗਿਆ, ਪਵਿੱਤਰ ਕਾਲੀ ਵੇਈਂ ਉਪਰ ਤਿੰਨ ਉੱਚ ਪੱਧਰੀ ਪੁਲ ਬਣੇ ਅਤੇ ਦੋ ਪੈਦਲ ਪੁਲ ਬਣੇ। 225 ਕਿਲੋਮੀਟਰ ਵਾਲੀਆਂ 19 ਸੜਕਾਂ ਦਾ ਸੁਧਾਰ ਵੀ ਕੀਤਾ ਗਿਆ ਹੈ। ਇਸ ਤਰ੍ਹਾਂ ਹੀ ਮਹਾਤਮਾ ਗਾਂਧੀ ਜੀ ਦੇ 150 ਦਿਵਸ ਮੌਕੇ ਤੇ ਇਹ ਆਮ ਆਦਮੀ ਪਾਰਟੀ ਵਾਲੇ ਲੀਡਰ ਅਤੇ ਸ਼੍ਰੋਮਣੀ ਅਕਾਲੀ ਦਲ ਵਾਲੇ ਲੀਡਰ ਸਾਹਿਬਾਨ, ਤੁਸੀਂ ਸਪੈਸ਼ਲ ਸੁਣੋ, ਮਹਾਤਮਾ ਗਾਂਧੀ ਜੀ ਦੇ 150ਵੇਂ ਜਨਮ ਦਿਵਸ ਮੌਕੇ ਤੇ ਹੋਏ ਸਮਾਗਮਾਂ ਵਿਚ ਗਰੀਬ ਲੋਕਾਂ ਦੀਆਂ ਸੇਵਾਵਾਂ ਦੀ ਪੂਰਤਗੀ ਪ੍ਰਤੀ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਗਿਆ। ਮੈਂ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਨੂੰ ਪੁੱਛਣਾ ਚਾਹੁੰਦਾ ਹਾਂ, ਜਦੋਂ ਇਨ੍ਹਾਂ ਦੀ ਜਿਹੜੀ ਭਾਈਵਾਲ ਪਾਰਟੀ ਹੈ, ਉਨ੍ਹਾਂ ਦੀ ਇੱਕ ਐਮ.ਪੀ. ਅਤੇ ਇੱਕ ਹੋਰ ਬੀ.ਜੇ.ਪੀ. ਦੀ ਆਰ.ਐਸ.ਐਸ. ਦੀ ਲੀਡਰ ਜਦੋਂ ਨੱਥੂ ਰਾਮ ਗੋਡਸੇ ਨੂੰ ਦੇਸ਼ ਭਗਤ ਕਹਿੰਦੇ ਹਨ ਤਾਂ ਇਨ੍ਹਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ? ਇਨ੍ਹਾਂ ਨੂੰ ** ** ਜਾਣਾ ਚਾਹੀਦਾ ਹੈ, ਇਹੋ ਜਿਹੇ ਲੋਕਾਂ ਨੂੰ ਜਿਹੜੇ ਮਹਾਤਮਾ ਗਾਂਧੀ ਦੀ ਨਿੰਦਿਆ ਕਰਦੇ ਹਨ, ਇਹ ਜੋ ਪਾਰਟੀ ਹੈ, ਇਹ ਬੀ.ਜੇ.ਪੀ. ਦੀ ਭਾਈਵਾਲ ਪਾਰਟੀ ਹੈ, ਇਹ ਕਦੇ ਇਸ ਗੱਲ ਦੀ

---

** Expunged as per ruiling 13.3.2013 given by the Chair.

Under Print
Not for Legal/Official use

.
ਨਿੰਦਿਆ ਨਹੀਂ ਕਰਦੀ, ਮੈਂ ਇਹ ਕਦੇ ਨਹੀਂ ਦੇਖਿਆ ਕਿ ਇਨ੍ਹਾਂ ਦੇ ਅਕਾਲੀ ਦਲ ਦੇ ਕਿਸੇ ਲੀਡਰ ਨੇ ਕਦੇ ਇਸ ਗੱਲ ਦੀ ਨਿੰਦਾ ਕੀਤੀ ਹੋਵੇ ਬਲਕਿ ਯੂ-ਟਿਊਬ ਦੇ ਉੱਤੇ ਨੱਥੂ ਰਾਮ ਗੋਡਸੇ ਨੂੰ ਹੀਰੋ ਦੱਸਿਆ ਜਾਂਦਾ ਹੈ, ਸਾਰੀ ਦੁਨੀਆਂ ਜਾਣਦੀ ਹੈ ਕਿ ਉਹ ਮਹਾਤਮਾ ਗਾਂਧੀ ਦਾ ਕਾਤਲ ਸੀ। ਉਹ ਅੱਤਵਾਦੀ ਸੀ, ਲੇਕਿਨ ਇਹ ਪਾਰਟੀਆਂ, ਚਾਹੇ ਆਮ ਆਦਮੀ ਪਾਰਟੀ ਹੈ, ਚਾਹੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਹੈ, ਇਹ ਇਸ ਗੱਲ ਦੀ ਕਦੇ ਗਵਾਹੀ ਨਹੀਂ ਭਰਦੀਆਂ ਕਿ ਸਾਡਾ ਇੱਕ ਇੱਕ ਰਾਸ਼ਟਰ ਪਿਤਾ ਜੋ ਹੈ, ਉਹ ਮਹਾਤਮਾ ਗਾਂਧੀ ਹੈ ਲੇਕਿਨ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਲੀਡਰ ਅਤੇ ਆਮ ਆਦਮੀ ਪਾਰਟੀ ਦੇ ਲੀਡਰ ਕਦੇ ਵੀ ਇਹ ਮੁੱਦਾ ਨਹੀਂ ਉਠਾਉਂਦੇ ਕਿਉਂਕਿ ਇਹ ਉਨ੍ਹਾਂ ਦੇ ਭਾਈਵਾਲ ਹਨ। ਐਨ.ਡੀ.ਟੀ.ਵੀ. ਚੈਨਲ ਦੇ ਉਤੇ, ਮੈਂ ਸਲਿਊਟ ਕਰਦਾ ਹਾਂ ਸ਼੍ਰੀ ਰਵੀਸ਼ ਕੁਮਾਰ ਨੂੰ, ਮੈਂ ਅਵੀਸ਼ਾਰ ਸ਼ਰਮਾ ਨੂੰ ਸਲਿਊਟ ਕਰਦਾ ਹਾਂ, ਮੈਂ ਖਾਨਮ ਬੇਗਮ ਬੀਬੀ ਨੂੰ ਸਲਿਊਟ ਕਰਦਾ ਹਾਂ, ਮੈਂ ਸ਼੍ਰੀ ਵਿਨੋਦ ਦੁਆ ਨੂੰ ਸਲਿਊਟ ਕਰਦਾ ਹਾਂ ਕਿ ਜਿਨ੍ਹਾਂ ਨੇ ਹਿੰਦੁਸਤਾਨ ਦੇ ਵਿਚ ਅਵਾਜ਼ ਉਠਾਈ ਹੈ, ਜਿਹੜਾ ਇਹ ਗੋਦੀ ਮੀਡੀਆ ਹੈ, ਉਸ ਦੇ ਖਿਲਾਫ ਅਵਾਜ਼ ਉਠਾਈ ਹੈ। ਲੇਕਿਨ ਇਹ ਜੋ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੈ, ਜੋ ਬੀ.ਜੇ.ਪੀ. ਦੀ ਸੁਰ ਵਿਚ ਸੁਰ ਮਿਲਾਉਂਦੀ ਹੈ, ਇਨ੍ਹਾਂ ਨੇ ਕਦੇ ਇਨ੍ਹਾਂ ਦੇਸ਼ ਦੇ ਮੁੱਦਿਆਂ ਦੇ ਉਤੇ ਕਦੇ ਗੱਲ ਨਹੀਂ ਕਰਨੀ, ਮੀਡੀਆ ਉਤੇ ਕਦੇ ਗੱਲ ਨਹੀਂ ਕਰਨੀ, ਫਰੀਡਮ ਆਫ ਸਪੀਚ ਐਕਸਪ੍ਰੈਸ਼ਨ ਦੇ ਉਤੇ ਕਦੇ ਗੱਲ ਨਹੀਂ ਕਰਨੀ, ਅੱਜ ਹਿੰਦੁਸਤਾਨ ਦੇ ਵਿੱਚ ਫਰੀਡਮ ਆਫ ਸਪੀਚ ਐਂਡ ਐਕਸਪ੍ਰੈਸ਼ਨ ਜੋ ਕਿ ਸਾਡਾ ਫੰਡਾਮੈਂਟਲ ਰਾਈਟ ਹੈ, ਇਸ ਨੂੰ ਬਿਲਕੁਲ ਧਵੱਸ਼ ਕਰ ਦਿੱਤਾ ਗਿਆ ਹੈ। ਇਸ ਨੂੰ ਇਨ੍ਹਾਂ ਦੀ ਸਹਿਯੋਗੀ ਪਾਰਟੀ ਖਤਮ ਕਰਨ ਤੇ ਲੱਗੀ ਹੋਈ ਹੈ। ਮੈਂ ਆਮ ਆਦਮੀ ਪਾਰਟੀ ਦੇ ਲੀਡਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਚੀਫ ਮਨਿਸਟਰ ਦਿੱਲੀ ਵਿੱਚ ਬੈਠ ਕੇ ਸਾਡੇ ਫੰਡਾਮੈਂਟਲ ਰਾਈਟ ਬਾਰੇ ਕਦੋਂ ਤੱਕ ਚੁੱਪ ਰਹੇਗਾ, ਕਦੋਂ ਤੱਕ ਉਹ ਅਵਾਜ਼ ਨਹੀਂ ਉਠਾਵੇਗਾ? ਕੱਲ੍ਹ ਕਰਨਾਟਕਾ ਵਿਚ ਇੱਕ ਫੰਕਸ਼ਨ ਵਿੱਚ ਇੱਕ ਲੜਕੀ ਨੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ.......(ਵਿਘਨ)(ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਜੋ ਕਿ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ, ਵਿਚੋਂ ਕੁਝ ਮੈਂਬਰ ਰਿਪੋਰਟਰਜ਼ ਦੇ ਟੇਬਲ ਨੂੰ ਘੇਰ ਕੇ ਖੜ੍ਹ ਗਏ ਅਤੇ ਉੱਚੀ ਉੱਚੀ ** ** ਨਾਅਰੇ ਲਗਾਉਣ ਲੱਗ ਪਏ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਕੁਝ ਮੈਂਬਰਾਂ ਵੱਲੋਂ ਰਿਪੋਰਟਰਜ਼ ਦੀ ਟੇਬਲ ਤੇ ਲੱਗੇ ਹੋਏ ਸਪੀਕਰਾਂ ਦੇ ਵੋਲਿਊਮ ਸਵਿੱਚ ਬੰਦ ਕਰ ਦਿੱਤੇ ਗਏ ਜਿਸ ਕਾਰਨ ਬੋਲ ਰਹੇ ਮੈਂਬਰ ਸਾਹਿਬ ਅਤੇ ਸਦਨ ਦੀ ਕਾਰਵਾਈ ਦੀ ਕੋਈ ਹੋਰ ਅਵਾਜ਼ ਸੁਣਾਈ ਦੇਣੀ ਬੰਦ ਹੋ ਗਈ।)

** Not recorded as ordered by the Chair.

Under Print
Not for Legal/Official use

.

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਨੇਪਾਲ ਜ਼ਿੰਦਾਬਾਦ ਦੇ ਨਾਅਰੇ ਲਗਾਏ। ਤੁਸੀਂ ਸਾਰਿਆਂ ਨੇ ਉਹ ਵੀਡੀਓ ਦੇਖੀ ਹੋਣੀ ਹੈ, ਉਸ ਦਾ ਕਹਿਣ ਦਾ ਪਰਪਜ਼ ਕੁੱਝ ਹੋਰ ਸੀ ਲੇਕਿਨ ਉਸ ਖਿਲਾਫ ਦੇਸ਼ ਧ੍ਰੋਹ ਦਾ ਮਾਮਲਾ ਦਰਜ ਹੋ ਗਿਆ। ਲਾਅ ਯੂਨੀਵਰਸਿਟੀ, ਹੈਦਰਾਬਾਦ ਦੇ ਵਾਈਸ ਚਾਂਸਲਰ ਨੇ ਬਕਾਇਦਾ ਲੀਗਲ ਤੌਰ ਤੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਸ ਮਾਮਲੇ ਵਿਚ ਦੇਸ਼ ਧ੍ਰੋਹ ਦਾ ਕੋਈ ਮੁਕੱਦਮਾ ਦਰਜ ਨਹੀਂ ਕੀਤਾ ਜਾ ਸਕਦਾ।ਸਾਡੀਆਂ ਸਹਿਯੋਗੀ ਪਾਰਟੀਆਂ ਤਾਂ ਹਮੇਸ਼ਾਂ ਬੁਲੰਦ ਅਵਾਜ਼ ਵਿਚ ਇਨ੍ਹਾਂ ਦੇ ਕਾਲੇ ਕਾਨੂੰਨਾਂ ਖਿਲਾਫ ਅਵਾਜ਼ ਉਠਾ ਰਹੀਆਂ ਹਨ ਲੇਕਿਨ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਕਦੇ ਅਜਿਹਾ ਨਹੀਂ ਕੀਤਾ।

ਇਸੇ ਤਰ੍ਹਾਂ ਹੀ ਮੈਂ ਦਲਿਤਾਂ ਦੀ ਗੱਲ ਕਰਨਾ ਚਾਹੁੰਦਾ ਹਾਂ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ। ਮੈਂ ਹਾਊਸ ਨੂੰ ਵੀ ਬੇਨਤੀ ਕਰਦਾ ਹਾਂ ਕਿ ਡੈਸਕ ਥਪ ਥਪਾ ਕੇ ਮੇਰੀ ਗੱਲ ਦੀ ਤਾਈਦ ਕਰੋ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕੈਪਟਨ ਸਾਹਿਬ ਨੂੰ ਬੇਨਤੀ ਕੀਤੀ ਕਿ ਬੀ.ਜੇ.ਪੀ. ਦਲਿਤਾਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ। ਮਾਨਯੋਗ ਸਰਵਉੱਚ ਅਦਾਲਤ ਨੇ ਦਲਿਤ ਰਿਜ਼ਰਵੇਸ਼ਨ ਖਿਲਾਫ ਇਕ ਫੈਸਲਾ ਦਿੱਤਾ ਹੈ ਪਰ ਮੈਂ ਕੈਪਟਨ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸੀ.ਐਲ.ਪੀ. ਦੀ ਮੀਟਿੰਗ ਵਿਚ ਸਾਨੂੰ ਸਾਰਿਆਂ ਨੂੰ ਕਿਹਾ ਕਿ ਪੰਜਾਬ ਦੇ ਵਿਚ ਅਜਿਹਾ ਕੋਈ ਕਾਲਾ ਕਾਨੂੰਨ ਲਾਗੂ ਨਹੀਂ ਕੀਤਾ ਜਾਵੇਗਾ, ਮੈਂ ਕੈਪਟਨ ਸਾਹਿਬ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਦੀ ਦਲਿਤ ਪਰਿਵਾਰਾਂ ਵਾਸਤੇ ਐਨੀ ਵਧੀਆ ਸੋਚ ਹੈ। ਇਸੇ ਤਰ੍ਹਾਂ ਹੀ ਸਾਡੀ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਵਾਸਤੇ ਬਹੁਤ ਵੱਡੇ ਕਦਮ ਚੁੱਕੇ ਹਨ। ਅੱਜ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਇਥੇ ਸਵੇਰ ਤੋਂ ਹੀ ਨਾਅਰੇ ਲਗਾ ਰਹੇ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਨਵਰ ਮਸੀਹ ਕੌਣ ਹੈ? ਇਹ ਜਿਹੜੀ ਹੁਣ ਨਸ਼ੇ ਦੀ ਐਨੀ ਵੱਡੀ ਖੇਪ ਫੜੀ ਗਈ ਹੈ, ਇਹ ਸਾਡੀ ਸਰਕਾਰ ਦੀ ਪ੍ਰਾਪਤੀ ਹੈ। ਅਸੀਂ ਧੌਣ ਮਰੋੜ ਦਿਆਂਗੇ, ਜੋ ਵੀ ਅਜਿਹੇ ਕਾਲੇ ਕੰਮ ਕਰੇਗਾ। ਕੈਪਟਨ ਸਾਹਿਬ ਨੂੰ ਇਸ ਗੱਲ ਦੀ ਵੀ ਮੁਬਾਰਕਬਾਦ ਹੈ। ਲੇਕਿਨ ਜਿਹੜੇ ਸਾਡੇ ਅਕਾਲੀ ਦਲ ਦੇ ਲੀਡਰ ਹਨ, ਉਹ ਇਹ ਨਹੀਂ ਸੋਚਦੇ ਕਿ ਉਨ੍ਹਾਂ ਦੇ ਰਾਜ ਵਿਚ ਕੀ ਹੋਇਆ ਸੀ ਅਤੇ ਹੁਣ ਕੀ ਹੋ ਰਿਹਾ ਹੈ। ਇਸੇ ਤਰ੍ਹਾਂ ਹੀ ਕਾਨੂੰਨੀ ਬੁਨਿਆਦਾਂ ਦੀ ਸਥਾਪਤੀ ਵੀ ਪੰਜਾਬ ਸਰਕਾਰ ਦੀ ਇਕ ਬਹੁਤ ਵੱਡੀ ਅਚੀਵਮੈਂਟ ਹੈ। ਦਿ ਪੰਜਾਬ ਟਰਾਂਸਪੇਰੈਂਸੀ ਇਨ ਪਬਲਿਕ ਪ੍ਰਕਿਉਰਮੈਂਟ ਐਕਟ, 2019 ਬਣਾਇਆ ਗਿਆ ਹੈ। ਇਹ ਪਹਿਲੀ ਵਾਰੀ ਹਿੰਦੁਸਤਾਨ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਅਜਿਹਾ ਕਾਨੂੰਨ ਬਣਾਇਆ ਹੈ, ਜਿਸ ਨਾਲ ਸਾਰੇ ਲੋਕਾਂ ਨੂੰ ਪਤਾ ਲੱਗੇਗਾ ਕਿ ਜਿੰਨੇ ਵੀ ਸਰਕਾਰ ਦੇ ਅਦਾਰੇ ਹਨ, ਉਨ੍ਹਾਂ ਦੀ ਕੀ ਕਾਰਗੁਜ਼ਾਰੀ ਹੈ। ਸਾਡੇ ਜਿਹੜੇ ਅਫਸਰ ਸਾਹਿਬਾਨ ਹਨ, ਉਹ ਕੀ ਕਰਦੇ ਹਨ। ਇਸੇ ਤਰ੍ਹਾਂ ਹੀ ਆਈ.ਐਸ.ਬੀ. ਕੈਂਪਸ, ਮੋਹਾਲੀ ਵਿਖੇ ਪ੍ਰੋਗਰੈਸਿਵ ਪੰਜਾਬ ਸਮਿੱਟ ਕਰਵਾਇਆ ਗਿਆ। (ਵਿਘਨ...ਸ਼ੋਰ)

.
(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਪੰਜਾਬ ਵਿਧਾਨ ਸਭਾ ਦੇ ਰਿਪੋਰਟਰਜ਼ ਦੇ ਟੇਬਲ ਨੂੰ ਘੇਰ ਕੇ ਖੜ੍ਹ ਗਏ ਅਤੇ ਉੱਚੀ-ਉੱਚੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।ਪਹਿਲਾਂ ਉਨ੍ਹਾਂ ਵੱਲੋਂ ਰਿਪੋਰਟਰਜ਼ ਦੇ ਟੇਬਲ ਤੇ ਲੱਗੇ ਦੋਵੇਂ ਸਪੀਕਰਾਂ ਦੇ ਵਾਲਿਊਮ ਸਵਿੱਚ ਬੰਦ ਕਰ ਦਿੱਤੇ ਗਏ, ਫਿਰ ਸਪੀਕਰਾਂ ਦੀਆਂ ਤਾਰਾਂ ਵੀ ਪੁੱਟ ਦਿੱਤੀਆਂ ਗਈਆਂ ਅਤੇ ਬਾਅਦ ਵਿਚ ਸਪੀਕਰਾਂ ਨੂੰ ਉਖਾੜਨ ਦੀ ਵੀ ਕੋਸ਼ਿਸ਼ ਕੀਤੀ ਗਈ, ਜਿਸ ਕਾਰਨ ਸਪੀਕਰਾਂ ਵਿਚੋਂ ਅਵਾਜ਼ ਆਉਣੀ ਬੰਦ ਹੋ ਗਈ।ਇਸ ਸਮੇਂ ਸਦਨ ਦੀ ਚੱਲ ਰਹੀ ਕਾਰਵਾਈ ਦੀ ਕੋਈ ਵੀ ਅਵਾਜ਼ ਹਾਊਸ ਦੀ ਕਾਰਵਾਈ ਨੋਟ ਕਰਨ ਵਾਲੇ ਰਿਪੋਰਟਰਜ਼ ਨੂੰ ਸਾਫ ਸੁਣਾਈ ਨਹੀਂ ਦੇ ਰਹੀ ਸੀ।)

(ਇਸ ਸਮੇਂ ਸਦਨ ਦੀ ਕਾਰਵਾਈ ਨੋਟ ਕਰ ਰਹੇ ਵਿਧਾਨ ਸਭਾ ਦੇ ਸੀਨੀਅਰ ਰਿਪੋਰਟਰਜ਼ ਵੱਲੋਂ ਇਹ ਘਟਨਾ ਸਕੱਤਰ ਜੀ ਦੇ ਧਿਆਨ ਵਿਚ ਲਿਆਂਦੀ ਗਈ, ਜਿਸ ਉਪਰੰਤ ਸਕੱਤਰ ਜੀ ਨੇ ਇਹ ਮਾਮਲਾ ਤੁਰੰਤ ਮਾਨਯੋਗ ਸਪੀਕਰ ਦੇ ਧਿਆਨ ਵਿਚ ਲਿਆਂਦਾ।)

**ਮਾਨਯੋਗ ਸਪੀਕਰ:** ਇਕ ਸੈਕਿੰਡ ਜੀ, ਮੈਨੂੰ ਦੱਸਿਆ ਗਿਆ ਹੈ ਕਿ ਤੁਸੀਂ (ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ) ਵਿਧਾਨ ਸਭਾ ਦੇ ਰਿਪੋਰਟਰਜ਼ ਟੇਬਲ ਦੇ ਸਪੀਕਰ ਬੰਦ ਕਰ ਦਿੱਤੇ ਹਨ। ਇਹ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜੇਕਰ ਰਿਪੋਰਟਰਜ਼ ਟੇਬਲ ਦੇ ਸਪੀਕਰ ਬੰਦ ਕਰ ਦਿੱਤੇ ਗਏ ਹਨ ਤਾਂ ਮੈਂ ਇਸ ਗੱਲ ਦੀ ਇਜਾਜ਼ਤ ਨਹੀਂ ਦਿਆਂਗਾ। ਰਿਪੋਰਟਰਜ਼ ਟੇਬਲ ਦੇ ਸਪੀਕਰ ਨਾਲ ਕੋਈ ਛੇੜ-ਛਾੜ ਨਾ ਕੀਤੀ ਜਾਵੇ। ਇਹ ਐਕਸੈਪਟੇਬਲ ਨਹੀਂ ਹੈ। ਰਿਪੋਰਟਰਜ਼ ਆਪਣੇ ਟੇਬਲ ਦੇ ਸਪੀਕਰ ਚੈੱਕ ਕਰਨ, ਰਿਪੋਰਟਰਜ਼ ਆਪਣੇ ਟੇਬਲ ਦੇ ਸਪੀਕਰ ਚੈੱਕ ਕਰਨ। ਇਹ ਐਕਸੈਪਟੇਬਲ ਨਹੀਂ ਹੈ।ਚੈੱਕ ਕਰੋ, ਸਪੀਕਰ ਚੈੱਕ ਕਰੋ। ਕੀ ਸਪੀਕਰ ਹਾਲੇ ਵੀ ਬੰਦ ਹੈ? (ਵਿਘਨ)(ਸ਼ੋਰ)

(ਇਸ ਸਮੇਂ ਮਾਨਯੋਗ ਸਪੀਕਰ ਵੱਲੋਂ ਪੁੱਛੇ ਜਾਣ ਤੇ ਸਦਨ ਦੀ ਕਾਰਵਾਈ ਨੋਟ ਕਰ ਰਹੇ ਵਿਧਾਨ ਸਭਾ ਦੇ ਸੀਨੀਅਰ ਰਿਪੋਰਟਰਜ਼ ਵੱਲੋਂ ਸਕੱਤਰ ਜੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਰਿਪੋਰਟਰਜ਼ ਟੇਬਲ ਦੇ ਸਪੀਕਰ ਹਾਲੇ ਵੀ ਬੰਦ ਹਨ, ਜਿਸ ਬਾਰੇ ਸਕੱਤਰ ਜੀ ਵੱਲੋਂ ਮਾਨਯੋਗ ਸਪੀਕਰ ਸਾਹਿਬ ਨੂੰ ਸੂਚਿਤ ਕਰ ਦਿੱਤਾ ਗਿਆ।)

## NAMING OF MEMBERS

** Not recorded as ordered by the Chair.

Under Print
Not for Legal/Official use

.

**ਮਾਨਯੋਗ ਸਪੀਕਰ:** ਮੈਂ ਆਮ ਆਦਮੀ ਪਾਰਟੀ ਦੇ ਤਮਾਮ ਲੀਡਰਾਂ ਨੂੰ ਨੇਮ ਕਰਦਾ ਹਾਂ ਅਤੇ ਮਾਰਸ਼ਲ ਨੂੰ ਹਦਾਇਤ ਕਰਦਾ ਹਾਂ ਕਿ ਇਨ੍ਹਾਂ ਨੂੰ ਬਾਹਰ ਕੱਢਿਆ ਜਾਵੇ। ਇਨ੍ਹਾਂ ਨੂੰ ਬਾਹਰ ਕੱਢਿਆ ਜਾਵੇ। ਮੈਂ ਤੁਹਾਨੂੰ ਰਿਕੁਐਸਟ ਕਰਦਾ ਹਾਂ ਕਿ ਤੁਸੀਂ ਆਪਣੇ ਆਪ ਬਾਹਰ ਚਲੇ ਜਾਓ, ਨਹੀਂ ਤਾਂ ਮਾਰਸ਼ਲ ਤੁਹਾਨੂੰ ਬਾਹਰ ਲੈ ਕੇ ਜਾਣਗੇ। (ਵਿਘਨ)(ਸ਼ੋਰ) ਮਾਰਸ਼ਲ, ਇਨ੍ਹਾਂ ਨੂੰ ਬਾਹਰ ਕੱਢੋ। ਮੈਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਾਰਿਆਂ ਨੂੰ ਨੇਮ ਕਰਦਾ ਹਾਂ ਕਿ ਇਨ੍ਹਾਂ ਸਾਰਿਆਂ ਨੂੰ ਬਾਹਰ ਕੱਢਿਆ ਜਾਵੇ। ਮੈਂ ਹਾਊਸ ਨੂੰ 15 ਮਿੰਟ ਲਈ ਅਡਜਰਨ ਕਰਦਾ ਹਾਂ।

## SHORT ADJOURNMENT OF THE HOUSE AGAIN

*5.20 ਵਜੇ ਸ਼ਾਮ) (ਇਸ *ਸਮੇਂ ਸਦਨ 15 ਮਿੰਟ ਲਈ ਸਥਗਿਤ ਹੋ ਗਿਆ।)

*5.35 ਵਜੇ ਸ਼ਾਮ) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

## MOTION OF THANKS AND DISCUSSION ON GOVERNOR'S ADDRESS

## *(RESUMPTION)*

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਪੀਕਰ ਸਾਹਿਬ, ਮੈਂ ਇੱਕ ਦੋ ਬੇਨਤੀਆਂ ਕਰਨੀਆਂ ਹਨ ਜੀ। ਅੱਜ ਜੋ ਵਿਧਾਨ ਸਭਾ ਦੇ ਅੰਦਰ ਹੋ ਰਿਹਾ ਹੈ, ਸਰ, ਤੁਹਾਨੂੰ ਸਾਰੀਆਂ ਪਾਵਰਜ਼ ਮਿਲੀਆਂ ਹੋਈਆਂ ਹਨ, ਹਰ ਤਰੀਕੇ ਦੀ ਤੁਹਾਨੂੰ ਪਾਵਰ ਹੈ, ਵਿਧਾਨ ਸਭਾ ਦੇ ਅੰਦਰ ਤੁਸੀਂ ਕੁਝ ਵੀ ਕਰ ਸਕਦੇ ਹੋ। ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਜਿਹੜਾ ਇਹ ਬਾਹਰ ਕੱਢਣ ਵਾਲਾ ਕੰਮ ਹੈ, ਇਹ ਖਤਮ ਕਰਕੇ ਸੈਸ਼ਨ ਨੂੰ ਸਹੀ ਤਰੀਕੇ ਨਾਲ ਚਲਾਇਆ ਜਾਵੇ । ਸਾਡੀ ਤੁਹਾਨੂੰ ਪੁਰਜ਼ੋਰ ਰਿਕੁਐਸਟ ਹੈ ਕਿ ਤੁਸੀਂ ਆਪਣਾ ਡਿਸੀਜ਼ਨ ਵਾਪਸ ਲੈ ਲਓ। ਤੁਸੀਂ ਇਹ ਬਾਹਰ ਕੱਢਣ ਵਾਲਾ ਡਿਸੀਜ਼ਨ ਵਾਪਸ ਲੈ ਲਓ, ਸਪੀਕਰ ਸਾਹਿਬ, ਕੋਈ ਨਹੀਂ ਜੇਕਰ ਉਨ੍ਹਾਂ ਨੇ ਕੋਈ ਵੀ ਚੀਜ਼ ਤੋੜ ਦਿੱਤੀ ਹੈ, ਇਹ ਸਪੀਕਰ ਤੋੜੇ ਹਨ, ਅਸੀਂ ਮੰਨਦੇ ਹਾਂ ਕਿ ਇਹ ਗਲਤ ਕੀਤਾ ਹੈ। ਜੋ ਸਪੀਕਰ ਤੋੜੇ ਗਏ ਹਨ ਜਾਂ ਸਪੀਕਰਾਂ ਦੀਆਂ ਤਾਰਾਂ ਕੱਢੀਆਂ ਗਈਆਂ ਹਨ, ਅਸੀਂ ਮੰਨਦੇ ਹਾਂ ਕਿ ਇਹ ਗਲਤ ਹੈ।ਲੇਕਿਨ ਸਪੀਕਰ ਸਾਹਿਬ, ਇਸ ਨੂੰ ਨਜ਼ਰਅੰਦਾਜ਼ ਵੀ ਤੁਸੀਂ ਹੀ ਕਰਨਾ ਹੈ। ਅੱਜ ਤੱਕ ਤੁਸੀਂ ਬਹੁਤ ਅੱਛਾ ਸੈਸ਼ਨ ਚਲਾਇਆ ਹੈ। ਤੁਸੀਂ ਹਮੇਸ਼ਾ ਸੈਸ਼ਨ ਬਹੁਤ ਅੱਛਾ ਚਲਾਉਂਦੇ ਹੋ। ਅੱਗੇ ਵੀ ਇਹ ਸੈਸ਼ਨ smoothly ਚੱਲੇਗਾ। ਕਿਰਪਾ ਕਰਕੇ ਜੇ ਤੁਸੀਂ ਠੀਕ ਸਮਝੋ ਤਾਂ ਇਸ ਡਿਸੀਜ਼ਨ ਨੂੰ ਵਾਪਸ ਲੈ ਕੇ, ਬੇਸ਼ੱਕ ਇੱਕ ਘੰਟੇ ਦਾ ਸੈਸ਼ਨ ਰਹਿੰਦਾ ਹੈ, ਇਹ ਸੈਸ਼ਨ ਚੱਲ ਲੈਣ ਦਿੱਤਾ ਜਾਵੇ। ਇਸ ਡਿਸੀਜ਼ਨ ਨੂੰ ਵਾਪਸ ਲਿਆ ਜਾਵੇ ਤਾਂ ਜੋ ਵਿਧਾਨ ਸਭਾ ਸਹੀ ਤਰੀਕੇ ਨਾਲ ਚੱਲੇ। ਕੱਲ੍ਹ ਨੂੰ ਸੀ.ਐਮ ਸਾਹਿਬ ਆ ਜਾਣਗੇ, ਇਨ੍ਹਾਂ ਦੇ ਜਿਹੜੇ ਦੋ ਇਸ਼ੂ ਹਨ, ਉਨ੍ਹਾਂ ਤੇ ਉਹ ਆਪਣਾ ਬਿਆਨ ਦੇ ਦੇਣਗੇ। ਜੇ ਉਸ ਤੋਂ ਇਹ ਸੈਟਿਸਫਾਈ ਨਹੀਂ ਹੋਣਗੇ ਤਾਂ ਇਹ ਜੋ ਮਰਜ਼ੀ ਕਰਨ। ਲੇਕਿਨ ਅੱਜ ਬਹਿਸ ਦਾ

Under Print
Not for Legal/Official use

.
ਸਮਾਂ ਹੈ, ਬਹਿਸ ਸਹੀ ਤਰੀਕੇ ਨਾਲ ਚੱਲੇ। ਵਿਧਾਨ ਸਭਾ ਦੀ ਬਹਿਸ ਸਹੀ ਤਰੀਕੇ ਨਾਲ ਚੱਲਣੀ ਚਾਹੀਦੀ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਬੈਠੇ ** ** ਨਾਅਰੇ ਲਗਾ ਰਹੇ ਸਨ। ** **ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਮੇਰੀ ਵੀ ਤੁਹਾਨੂੰ ਇਹੀ ਰਿਕੁਐਸਟ ਹੈ ਕਿ ਜੇ ਕੋਈ ਅਜਿਹੀ ਗੱਲ ਹੋਈ ਹੈ, ਸਪੀਕਰਜ਼ ਵਗੈਰਾ ਤੋੜੇ ਗਏ ਹਨ ਤਾਂ ਇਸ ਸਬੰਧੀ ਇਨ੍ਹਾਂ ਨੂੰ ਥੋੜ੍ਹਾ ਜਿਹਾ ਵਾਰਨ ਕਰ ਦਿਓ। Instruments ਨਾਲ ਤੋੜ ਫੋੜ ਨਹੀਂ ਹੋਣੀ ਚਾਹੀਦੀ ਹੈ। ਇਸ ਬਾਰੇ ਵਾਰਨ ਕਰ ਦਿਉ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਲਖਬੀਰ ਸਿੰਘ ਲੋਧੀਨੰਗਲ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਬਾਕੀ ਹਾਜ਼ਰ ਮੈਂਬਰ ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ** ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**Mr. Speaker:** Is it acceptable ਕਿ ਇਹ ਜਿਹੜਾ apparatus ਹੈ, ਤੁਸੀਂ apparatus ਨੂੰ ਤੋੜੋ ਮਰੋੜੋ? ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ agree ਕਰਦਾ ਹਾਂ। ਇਹ acceptable ਨਹੀਂ ਹੈ ਪਰ ਕਿਉਂਕਿ ਇਹ ਸਾਰੇ ਹੀ Hon'ble Members ਹਨ। ਇੱਕ ਵਾਰਨਿੰਗ ਇਨ੍ਹਾਂ ਨੂੰ ਦੇ ਦਿਓ।ਮੇਰੀ ਇਹ ਰਿਕੁਐਸਟ ਹੈ ਕਿ ਇੱਕ ਵਾਰਨਿੰਗ ਦੇ ਕੇ ਇਨ੍ਹਾਂ ਨੂੰ ਕਹਿ ਦਿਓ ਕਿ ਸਪੀਕਰ ਨਾ ਤੋੜਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਲਖਬੀਰ ਸਿੰਘ ਲੋਧੀਨੰਗਲ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਾਕੀ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ। ** ** ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

** Not recorded/Expunged as ordered by the Chair.

Under Print
Not for Legal/Official use

.
**ਮਾਨਯੋਗ ਸਪੀਕਰ:** ਢਿੱਲੋਂ ਸਾਹਿਬ, ਤੁਸੀਂ ਇਹ ਦੱਸੋ ਕਿ apparatus ਤੋੜਨਾ ਤੁਹਾਡੇ ਵਾਸਤੇ ਵਾਜਬ ਹੈ? ਵਿਧਾਨ ਸਭਾ ਦਾ apparatus ਤੋੜਨਾ, ਕੀ ਇਹ ਤੁਹਾਡੇ ਵਾਸਤੇ ਵਾਜਬ ਹੈ? ਤੁਹਾਡੇ ਵਾਸਤੇ ਰਿਪੋਰਟਰਜ਼ ਦਾ ਜਿਹੜਾ ਆਪਰੇਟਸ ਹੈ, ਕੀ ਉਸ ਦੀ ਤੋੜ-ਫੋੜ ਕਰਨਾ ਵਾਜਬ ਹੈ? (ਵਿਘਨ)(ਸ਼ੋਰ) ਹੁਣ, ਸਦਨ ਮੰਗਲਵਾਰ, ਮਿਤੀ 25 ਫਰਵਰੀ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ ।

*5.38 ਵਜੇ ਸ਼ਾਮ) (ਇਸ *ਸਮੇਂ ਸਦਨ ਮੰਗਲਵਾਰ, ਮਿਤੀ 25 ਫਰਵਰੀ, 2020 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

Under Print
Not for Legal/Official use

.